ISSN 2277-4130

ਕੀਮਤ 30 ਰੁਪਏ

ਚੰਗੀ ਖੇਤੀ

ਜਨਵਰੀ 2026

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਮਾਸਿਕ ਰਸਾਲਾ

ਚੰਗੀ ਖੇਤੀ

ਜਿਲਦ 62 ਅੰਕ 01 ਜਨਵਰੀ 2026

ਸੰਪਾਦਕੀ ਬੋਰਡ
ਡਾ ਮੱਖਣ ਸਿੰਘ ਭੁੱਲਰ
ਚੇਅਰਮੈਨ

ਡਾ ਤੇਜਿੰਦਰ ਸਿੰਘ ਰਿਆੜ
ਸਕੱਤਰ

ਡਾ ਜੀ ਪੀ ਐੱਸ ਸੋਢੀ
ਡਾ ਤਰਸੇਮ ਸਿੰਘ ਢਿੱਲੋਂ
ਡਾ ਮਹੇਸ਼ ਕੁਮਾਰ
ਡਾ ਮਹੇਸ਼ ਕੁਮਾਰ ਨਾਰੰਗ
ਡਾ ਜਸਵਿੰਦਰ ਸਿੰਘ ਬਰਾੜ
ਡਾ ਅਮਰਜੀਤ ਸਿੰਘ
ਡਾ ਰਵਿੰਦਰ ਸਿੰਘ ਚੰਦੀ
ਡਾ ਜੀ ਐੱਸ ਮਾਵੀ
ਡਾ ਅਮਰਜੀਤ ਸਿੰਘ ਸੰਧੂ
ਡਾ ਅਮਨਦੀਪ ਸਿੰਘ ਬਰਾੜ
ਡਾ ਗੁਰਉਪਦੇਸ਼ ਕੌਰ

ਸੰਪਾਦਕ
ਡਾ ਜਗਵਿੰਦਰ ਸਿੰਘ

ਸਹਿ-ਸੰਪਾਦਕ
ਡਾ ਉਪਿੰਦਰ ਸਿੰਘ ਸੰਧੂ

email
changi-kheti@pau.edu

ਚੰਗੀ ਖੇਤੀ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ। ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਇਹ ਜ਼ਰੂਰੀ ਨਹੀਂ ਕਿ ਰਸਾਲੇ ਵਿੱਚ ਦਿੱਤੇ ਇਸ਼ਤਿਹਾਰ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੋਣ।

ਡਿਜ਼ਾਇਨ
ਸੰਦੀਪ ਕੌਰ ਕਲਸੀ

ਫੋਟੋਆਂ
ਪੀ.ਏ.ਯੂ. ਦੇ ਵਿਗਿਆਨੀ ਅਤੇ ਹਰਪ੍ਰੀਤ ਸਿੰਘ

We are also available at:
www.pau.edu
www.facebook.com/pauldhpunjab
www.twitter.com/PAU_LDH
Punjab Agricultural University Official
82880-57707 Add to your WhatsApp groups (Kheti Sandesh a digital newspaper)
PAU Kisan App
http://www.pau.edu/fportalnew/
Ph. 2401960-79(Ext. 373. 475)

ਪਿਆਰੇ ਕਿਸਾਨ ਭੈਣੋ ਤੇ ਵੀਰੋ

ਸਾਲ 2023 ਵੀ ਆਪਣੀਆਂ ਆਖਰੀ ਛੋਹਾਂ ਦੇ ਕੇ ਜਾਣ ਲਈ ਤਿਆਰ ਖੜ੍ਹਾ ਹੈ। ਨਵੇਂ ਸਾਲ ਦਾ ਸਵਾਗਤ ਕਰਦਿਆਂ ਬੀਤੇ ਵਰ੍ਹੇ ਕੋਲੋਂ ਬਹੁਤ ਕੁਝ ਸਿੱਖਣ ਦੀ ਲੋੜ ਸਦਾ ਰਹਿੰਦੀ ਹੈ। ਨਵਾਂ ਸਾਲ ਸਦਾ ਨਵੀਆਂ ਆਸ਼ਾਵਾਂ ਤੇ ਉਮੀਦਾਂ ਲੈ ਕੇ ਆਉਂਦਾ ਹੈ। ਖੇਤੀ ਅਜਿਹਾ ਕਿੱਤਾ ਹੈ ਜਿਸ ਵਿਚ ਬੀਤੇ ਨੂੰ ਭੁੱਲ ਕੇ ਅਗਾਂਹ ਦੇ ਚੰਗੇਰੇ ਦੀ ਆਸ ਬਣਾਈ ਰੱਖਣੀ ਪੈਂਦੀ ਹੈ। ਬੀਤੇ ਸਾਲ ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ ਨੇ ਪੰਜਾਬ ਵਿਚ ਕੁਦਰਤੀ ਆਫਤਾਂ ਪੱਖੋਂ ਬੜੇ ਗਹਿਰੇ ਪ੍ਰਭਾਵ ਛੱਡੇ ਸਨ। ਪੀ ਏ ਯੂ ਇਸ ਹਾਲਤ ਵਿੱਚ ਆਪਣੇ ਸੂਬੇ ਦੇ ਕਿਸਾਨਾਂ ਨਾਲ ਖੜ੍ਹੀ ਸੰਸਥਾ ਵਜੋਂ ਸਾਮ੍ਹਣੇ ਆਈ। ਕਣਕ ਅਤੇ ਸਰ੍ਹੋਂ ਦਾ ਬੀਜ ਬਹੁਤ ਸਾਰੇ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਮੁਹਈਆ ਕਰਾਇਆ ਗਿਆ। ਆਸ ਹੈ ਇਹ ਕਦਮ ਸਾਡੀ ਖੇਤੀਬਾੜੀ ਨੂੰ ਮੁੜ ਲੀਹ ਤੇ ਲਿਆਉਣ ਵਿੱਚ ਸਹਾਇਤਾ ਕਰੇਗਾ। ਚੰਗੀ ਖੇਤੀ ਦਾ ਮੌਜੂਦਾ ਅੰਕ ਅਜਿਹੀਆਂ ਲਿਖਤਾਂ ਦਾ ਗੁਲਦਸਤਾ ਹੈ ਜਿਹਨਾਂ ਨਾਲ ਸਾਡੀ ਖੇਤੀ ਦਾ ਮੁਹਾਂਦਰਾ ਨਵਾਂ ਨਕੋਰ ਹੋਣ ਦੀ ਸੰਭਾਵਨਾ ਗੁੜ੍ਹੀ ਹੁੰਦੀ ਹੈ। ਸਬਜ਼ੀਆਂ, ਸਹਾਇਕ ਕਿੱਤਿਆਂ ਅਤੇ ਫਲਦਾਰ ਪੌਦਿਆਂ ਦੀ ਲਵਾਈ ਬਾਰੇ ਲੇਖ ਮਾਹਿਰਾਂ ਦੀ ਖੋਜ ਤਪੱਸਿਆ ਚੋਂ ਸਾਕਾਰ ਹੋਏ ਹਨ। ਇਨ੍ਹਾਂ ਦੇ ਤੁਹਾਡੇ ਤਕ ਪੁੱਜਣ ਨਾਲ ਤੁਹਾਡਾ ਲਾਭ ਹੋਣ ਦੀ ਪੂਰਨ ਆਸ ਹੈ। ਇਹ ਵੀ ਜ਼ਿਕਰਯੋਗ ਹੈ ਕਿ ਖੇਤੀ ਗਿਆਨ-ਵਿਗਿਆਨ ਦਾ ਗਾਡੀ ਰਾਹ ਪੀ ਏ ਯੂ ਦੇ ਖੇਤੀ ਸਾਹਿਤ ਰਾਹੀਂ ਹੋ ਕੇ ਜਾਂਦਾ ਹੈ। ਸਾਡਾ ਸਾਹਿਤ ਪੰਜਾਬੀ ਤੇ ਅੰਗਰੇਜ਼ੀ ਵਿਚ ਮੌਜੂਦ ਹੈ। ਇਸ ਸਾਹਿਤ ਨੂੰ ਤੁਹਾਡੇ ਤਕ ਪਹੁੰਚਾਉਣ ਲਈ ਸਾਡੇ ਕਾਰਿੰਦੇ ਦਿਨ ਰਾਤ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ ਹਨ। ਬੱਸ ਰਤਾ ਕੋਸ਼ਿਸ਼ ਕਰਨ ਦੀ ਢਿੱਲ ਹੈ। ਜਨਵਰੀ ਵਿਚ ਬਾਗਬਾਨੀ, ਵਣ ਖੇਤੀ ਤੇ ਸਬਜ਼ੀਆਂ ਨਾਲ ਸੰਬੰਧਿਤ ਬਹੁਤ ਸਾਰੇ ਕਾਰਜ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਵੇਰਵਾ ਸਾਡੇ ਮਾਹਿਰਾਂ ਦੀਆਂ ਇਸ ਅੰਕ ਵਿੱਚ ਸ਼ਾਮਿਲ ਲਿਖਤਾਂ ਵਿਚ ਦਿੱਤਾ ਗਿਆ ਹੈ।

ਆਓ ਵਿਗਿਆਨਕ ਖੇਤੀ ਨੂੰ ਅਗਾਂਹ ਵਧਾਉਣ ਲਈ ਕਦਮਾਂ ਦੇ ਸਾਂਝੀਦਾਰ ਬਣੀਏ।

ਅੰਦਰ ਝਾਤ

ਪੱਤਝੜੀ ਫ਼ਲਦਾਰ ਬੂਟਿਆਂ ਦੀ ਲਵਾਈ ਲਈ ਧਿਆਨ ਯੋਗ ਨੁਕਤੇ 3
ਪੀ.ਏ.ਯੂ. ਇੱਕ ਵਾਰ ਫਿਰ ਦੇਸ਼ ਦੀ ਸਰਵੋਤਮ ਖੇਤੀ ਯੂਨੀਵਰਸਿਟੀ ਬਣੀ 4
ਨਾਸ਼ਪਾਤੀ ਦੇ ਬਾਗਾਂ ਤੋਂ ਵਧੇਰੇ ਝਾੜ ਲੈਣ ਲਈ ਜ਼ਰੂਰੀ ਨੁਕਤੇ 5
ਫਸਲੀ ਵਿਭਿੰਨਤਾ ਵਿਚ ਸਬਜ਼ੀਆਂ ਦਾ ਯੋਗਦਾਨ 7
ਕਿੰਨੂ ਦਾ ਸੁਚੱਜਾ ਮੰਡੀਕਰਨ 9
ਕਿੰਨੂ ਦੀ ਸੁਚੱਜੀ ਕਾਂਟ-ਛਾਂਟ ਦੇ ਤਰੀਕੇ 10
ਵਾਧੂ ਅਤੇ ਵਰਤੇ ਹੋਏ ਫੁੱਲਾਂ ਦਾ ਗੁਲਾਲ ਬਣਾਓ 11
ਫ਼ਲਦਾਰ ਬੂਟਿਆਂ ਦੇ ਬਿਮਾਰੀਆਂ ਤੋਂ ਬਚਾਅ ਲਈ ਬੋਰਡੋ ਮਿਸ਼ਰਣ 12
ਬਾਗਬਾਨੀ ਦੀ ਕਾਸ਼ਤ ਲਈ ਮਸ਼ੀਨਾਂ 13
ਹਾੜੀ ਦੇ ਪਿਆਜ਼ ਦੀ ਸਫਲ ਕਾਸ਼ਤ ਕਿਵੇਂ ਕਰੀਏ? 15
ਕਣਕ ਦੀ ਪੀਲੀ ਕੁੰਗੀ ਦੀ ਸਰਵਪੱਖੀ ਰੋਕਥਾਮ ਅਪਣਾਓ 16
ਕਣਕ ਦੀ ਫ਼ਸਲ ਵਿੱਚ ਚੂਹਿਆਂ ਦੀ ਰੋਕਥਾਮ 17
ਕਾਲੀ ਗਾਜਰ ਤੋਂ ਕਾਂਜੀ ਬਣਾਉਣ ਦੀ ਤਕਨਾਲੋਜੀ 18
ਕਣਕ ਦੇ ਬੀਜ ਦੀ ਸਫਲ ਪੈਦਾਵਾਰ ਲਈ ਸੁਝਾਅ 19
ਪੋਸ਼ਣ ਲਈ ਅਨਮੋਲ ਖੁਰਾਕ: ਤਿਲ 20
ਟਰੈਕਟਰਾਂ ਨੂੰ ਚਲਾਉਣ ਲਈ ਸੂਖਮ ਆਟੋ-ਸਟੀਅਰਿੰਗ ਸਿਸਟਮ 21
ਪੰਜਾਬ ਵਿੱਚ ਮੈਂਥਾ ਦੀ ਸਫਲ ਕਾਸ਼ਤ ਲਈ ਉੱਨਤ ਤਕਨੀਕਾਂ 22
ਸ਼ੁੱਧਤਾ ਦਾ ਪ੍ਰਮਾਣ ਹੈ : ਜੰਮਿਆ ਸ਼ਹਿਦ 23
ਪਾਪਲਰ ਦੀ ਸਫ਼ਲ ਕਾਸ਼ਤ ਲਈ ਧਿਆਨਯੋਗ ਗੱਲਾਂ 24
ਸਰਦੀਆਂ ਸਮੇਂ ਲਵੇਰਿਆਂ ਦਾ ਖੁਰਾਕੀ ਪ੍ਰਬੰਧ 26
ਵਧੇਰੇ ਝਾੜ ਲਈ ਸਰ੍ਹੋਂ ਦੀਆਂ ਬਿਮਾਰੀਆਂ ਅਤੇ ਕੀੜਿਆਂ ਦੀ ਸੁਚੱਜੀ ਰੋਕਥਾਮ 28
ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ 30
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਫਰਵਰੀ 2026 ਦੇ ਸਿਖਲਾਈਨਾਮੇ 34

ਚੰਗੀ ਖੇਤੀ ਦੇ ਮੈਂਬਰ ਬਣਨ ਲਈ:

ਚੰਗੀ ਖੇਤੀ (ਪੰਜਾਬੀ ਵਿੱਚ ਮਾਸਿਕ ਪਤ੍ਰਿਕਾ)	ਚੰਦੇ ਦੀ ਰਾਸ਼ੀ (Rs.)
ਇੱਕ ਪਰਚਾ	30/-
ਸਲਾਨਾ ਚੰਦਾ	300/-
ਸਲਾਨਾ ਚੰਦਾ ਰਜਿਸਟਰਡ ਡਾਕ ਰਾਹੀਂ/	750/-
ਪੰਜ ਸਾਲ ਲਈ	1200/-
ਉਮਰ ਭਰ ਲਈ (30 ਸਾਲ ਲਈ)/	
ਵਿਅਕਤੀਗਤ	5000/-
ਸੰਸਥਾਵਾਂ ਲਈ	7000/-

ਬਿਜ਼ਨਸ ਮੈਨੇਜਰ,
ਸੰਚਾਰ ਕੇਂਦਰ,
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ-141004
ਫੋਨ- 0161-2401960 (475), 86993-04711,
ਫੈਕਸ- 0161-2405731
ਈਮੇਲ- businessmanager@pau.edu,
spa@pau.edu

ਚੰਗੀ ਖੇਤੀ ਪਰਚਾ ਮੀਮੋ ਨੰ. ਬੀ-ਏ-19-4-64 (ਈ ਬੀ), ਮਿਤੀ 12 ਫ਼ਰਵਰੀ, 1966 ਅਨੁਸਾਰ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਜ਼ ਵੱਲੋਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਛਾਪਕ ਅਤੇ ਪ੍ਰਕਾਸ਼ਕ : ਡਾ ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਪ੍ਰਿੰਟਵਿਜ਼ਨ, ਲੁਧਿਆਣਾ ਤੋਂ ਛਪਵਾਇਆ ।

ਪੱਤਝੜੀ ਫ਼ਲਦਾਰ ਬੂਟਿਆਂ ਦੀ ਲਵਾਈ ਲਈ ਧਿਆਨ ਯੋਗ ਨੁਕਤੇ

ਕਿਰਨਦੀਪ ਕੌਰ, ਅਨਿਰੁਧ ਠਾਕੁਰ ਅਤੇ ਮਨਦੀਪ ਸਿੰਘ ਗਿੱਲ
ਫਲ ਵਿਗਿਆਨ ਵਿਭਾਗ

ਪੱਤਝੜੀ ਫ਼ਲਦਾਰ ਬੂਟਿਆਂ ਨੂੰ ਲਗਾਉਣ ਦਾ ਸਮਾਂ ਆ ਰਿਹਾ ਹੈ ਅਤੇ ਪੰਜਾਬ ਵਿੱਚ ਇਨ੍ਹਾਂ ਬੂਟਿਆਂ ਦੀ ਮੰਗ ਬਹੁਤ ਜ਼ਿਆਦਾ ਹੁੰਦੀ ਹੈ। ਬਹੁਤ ਸਾਰੇ ਉਤਪਾਦਕ ਫ਼ਲਦਾਰ ਬੂਟੇ ਖਰੀਦਣ ਲਈ ਨਿੱਜੀ ਨਰਸਰੀਆਂ 'ਤੇ ਨਿਰਭਰ ਕਰਦੇ ਹਨ, ਕਿਉਂਕਿ ਇਹ ਨਰਸਰੀਆਂ ਅਕਸਰ ਆਸਾਨੀ ਨਾਲ ਪਹੁੰਚਯੋਗ ਹੁੰਦੀਆਂ ਹਨ। ਕਿਸਾਨਾਂ ਨੂੰ ਸਿਰਫ਼ ਰਜਿਸਟਰਡ ਨਰਸਰੀਆਂ ਤੋਂ ਹੀ ਬੂਟੇ ਖਰੀਦਣੇ ਚਾਹੀਦੇ ਹਨ ਤਾਂ ਜੋ ਬਾਗ ਰੋਗ ਰਹਿਤ ਹੋਣ ਅਤੇ ਭਵਿੱਖ ਵਿੱਚ ਉਹਨਾਂ ਤੋਂ ਚੰਗਾ ਮੁਨਾਫਾ ਕਮਾਇਆ ਜਾ ਸਕੇ।

ਬੂਟੇ ਲਗਾਉਣ ਦਾ ਸਮਾਂ: ਪੱਤਝੜੀ ਫ਼ਲਦਾਰ ਬੂਟਿਆਂ ਨੂੰ ਲਗਾਉਣ ਦਾ ਸਭ ਤੋਂ ਵਧੀਆ ਸਮਾਂ ਸਿਆਲ ਰੁੱਤ ਹੁੰਦਾ ਹੈ, ਜਦੋਂ ਇਹ ਬੂਟੇ ਸਿਥਲ ਅਵਸਥਾ ਵਿੱਚ ਹੁੰਦੇ ਹਨ। ਨਾਸ਼ਪਾਤੀ ਦੇ ਬੂਟੇ ਜਨਵਰੀ ਤੋਂ ਫਰਵਰੀ ਦੇ ਅੱਧ ਤੱਕ ਲਗਾਏ ਜਾਣੇ ਚਾਹੀਦੇ ਹਨ। ਆੜੂ ਸਿਥਲ ਅਵਸਥਾ ਤੋਂ ਜਲਦੀ ਬਾਹਰ ਆ ਜਾਂਦਾ ਹੈ, ਇਸ ਲਈ ਇਸਨੂੰ ਦਸੰਬਰ ਦੇ ਅਖੀਰ ਤੋਂ ਜਨਵਰੀ ਦੇ ਅੰਤ ਤੱਕ ਲਗਾਇਆ ਜਾਣਾ ਚਾਹੀਦਾ ਹੈ । ਆਲੂਬੁਖਾਰੇ ਦੇ ਬੂਟੇ ਅੱਧ ਜਨਵਰੀ ਵਿੱਚ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਬੂਟੇ ਬਸੰਤ ਰੁੱਤ ਤੋਂ ਪਹਿਲਾਂ ਸਫਲਤਾਪੂਰਵਕ ਪ੍ਰਫੁੱਲਿਤ ਹੋ ਸਕਣ। ਸੇਬ ਦਸੰਬਰ ਦੇ ਅਖੀਰ ਤੋਂ ਜਨਵਰੀ ਤੱਕ ਲਾਇਆ ਜਾਂਦਾ ਹੈ। ਅੰਗੂਰ ਅਤੇ ਅੰਜੀਰ, ਜੋ ਕਿ ਕਲਮਾਂ ਤੋਂ ਤਿਆਰ ਕੀਤੇ ਜਾਂਦੇ ਹਨ, ਜਨਵਰੀ ਤੋਂ ਫ਼ਰਵਰੀ ਤੱਕ ਲਗਾਏ ਜਾਣੇ ਚਾਹੀਦੇ ਹਨ।

ਮਾਦਾ ਅਤੇ ਜੜ੍ਹਮੁੱਢ ਬਲਾਕ: ਮਾਦਾ ਬਲਾਕ ਅਤੇ ਜੜ੍ਹਮੁੱਢ ਬਲਾਕ ਨਰਸਰੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦੇ ਹਨ। ਇਸਲਈ ਕਿਸਾਨਾਂ ਨੂੰ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ ਇਹ ਬਲਾਕ ਚੰਗੀ ਤਰ੍ਹਾਂ ਸੰਭਾਲੇ ਹੋਣ ਅਤੇ ਇਸ ਵਿੱਚ ਲਗਾਏ ਬੂਟੇ ਸਿਫ਼ਾਰਸ਼ ਕਿਸਮਾਂ ਦੇ ਅਸਲੀ ਵੰਸ਼ ਸਰੋਤ ਦੇ ਹਨ। ਮਾਦਾ ਬੂਟਿਆਂ ਦੀ ਗਿਣਤੀ ਨਰਸਰੀ ਦੀ ਉਤਪਾਦਨ ਸਮਰੱਥਾ ਦੇ ਅਨੁਸਾਰ ਹੋਣੀ ਚਾਹੀਦੀ ਹੈ।ਪ੍ਰਮਾਣਿਤ ਗੁਣਵੱਤਾ ਅਤੇ ਸਹੀ ਨਸਲ ਦੇ ਬੂਟੇ ਕੇਵਲ ਸਿਫਾਰਸ਼ ਕੀਤੇ ਪ੍ਰਜਣਨ ਤਰੀਕਿਆਂ ਦੁਆਰਾ ਹੀ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਨਰਸਰੀ ਵਾਲੇ ਬੂਟਿਆਂ ਦੀ ਸੰਭਾਲ ਤੇ ਢੋਆ-ਢੁਆਈ: ਪੱਤਝੜੀ ਫ਼ਲਦਾਰ ਬੂਟੇ ਜਿਵੇਂ ਕੇ ਨਾਸ਼ਪਾਤੀ, ਆੜੂ, ਆਲੂਬੁਖਾਰਾ, ਸੇਬ, ਅੰਗੂਰ ਅਤੇ ਅੰਜੀਰ ਦੇ ਬੂਟੇ ਸਿਰਫ਼ ਸਿਥਲ ਅਵਸਥਾ ਦੌਰਾਨ ਹੀ ਪੁੱਟਣੇ ਅਤੇ ਲਿਜਾਏ ਜਾਣੇ ਚਾਹੀਦੇ ਹਨ, ਜੋ ਆਮ ਤੌਰ 'ਤੇ ਦਸੰਬਰ ਤੋਂ ਫਰਵਰੀ ਤੱਕ ਹੁੰਦਾ ਹੈ (ਫ਼ਸਲ ਦੇ ਅਨੁਸਾਰ)। ਬੂਟਿਆਂ ਨੂੰ ਪੁੱਟਣ ਅਤੇ ਲਿਜਾਉਣ ਸਮੇਂ, ਜੜ੍ਹਾਂ ਨੂੰ ਸੁੱਕਣ ਤੋਂ ਬਚਾਉਣ ਲਈ ਉਨ੍ਹਾਂ ਨੂੰ ਨਮੀ ਵਿਚ ਰੱਖਣਾ ਜ਼ਰੂਰੀ ਹੈ। ਖੇਤ ਵਿੱਚ ਬੂਟੇ ਲਗਾਉਣ ਤੋਂ ਬਾਅਦ ਤੁਰੰਤ ਸਿੰਚਾਈ ਕਰਨੀ ਚਾਹੀਦੀ ਹੈ ਤਾਂ ਜੋ ਮਿੱਟੀ ਜੜ੍ਹਾਂ ਦੇ ਆਲੇ-ਦੁਆਲੇ ਬੈਠ ਜਾਵੇ ਅਤੇ ਬੂਟਿਆਂ ਨੂੰ ਸੁੱਕਣ ਜਾਂ ਮੁਰਝਾਉਣ ਤੋਂ ਬਚਾਇਆ ਜਾ ਸਕੇ।

ਬੂਟੇ ਲਗਾਉਣਾ ਅਤੇ ਦੇਖਭਾਲ: ਬੂਟੇ ਲਿਆਉਣ ਤੋਂ ਬਾਅਦ ਬੂਟੇ ਲਾਗਾਉਣ ਲਈ ਲੱਕੜ ਦੇ ਫੱਟੇ (ਪਲਾਟਿੰਗ ਬੋਰਡ) ਦੀ ਵਰਤੋਂ ਕਰਕੇ ਇੱਕ ਢੁਕਵਾਂ ਆਕਾਰ ਦਾ ਛੋਟਾ ਜਿਹਾ ਟੋਆ ਬਣਾਓ।ਇਸ ਤੋਂ ਬਾਅਦ ਬੂਟੇ ਨੂੰ ਟੋਏ ਵਿੱਚ ਇਸ ਤਰ੍ਹਾਂ ਰੱਖੋ ਕਿ ਬੂਟੇ ਦਾ ਤਣਾ ਫੱਟੇ ਦੇ ਵਿਚਕਾਰਲੇ ਕੱਟ (ਵੀ-ਨੋਚ) ਵਿਚ ਆ ਜਾਵੇ ।ਬੂਟੇ ਦੇ ਆਲੇ ਦੁਆਲੇ ਦੀ ਮਿੱਟੀ ਨੂੰ ਪੈਰਾਂ ਨਾਲ ਹੌਲੀ-ਹੌਲੀ ਦਬਾਇਆ ਜਾਣਾ ਚਾਹੀਦਾ ਹੈ ਤਾਂ ਜੋ ਗਾਚੀ ਮਿੱਟੀ ਵਿੱਚ ਚੰਗੀ ਤਰ੍ਹਾਂ ਟਿਕ ਜਾਵੇ। ਬੂਟੇ ਲਗਾਉਣ ਵੇਲੇ ਇਹ ਧਿਆਨ ਰੱਖੋ ਕੇ ਪਿਉਂਦ ਵਾਲਾ ਹਿੱਸਾ ਜ਼ਮੀਨ ਤੋਂ 6 ਤੋਂ 9 ਇੰਚ ਤਕ ਜ਼ਰੂਰ ਉੱਚਾ ਹੋਵੇ । ਬੂਟੇ ਲਾਉਣ ਤੋਂ ਬਾਅਦ ਉਨ੍ਹਾਂ ਨੂੰ ਸੋਟੀ ਨਾਲ ਸਹਾਰਾ ਦਿਉ ।ਨਵੇਂ ਬੂਟਿਆਂ ਨੂੰ ਸਿਉਂਕ ਦੇ ਹਮਲੇ ਤੋਂ ਬਚਾਉਣ ਲਈ ਅੱਧਾ ਲਿਟਰ ਕਲੋਰਪਾਈਰੀਫ਼ਾਸ 3-4 ਕਿੱਲੋ ਰੇਤ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੱਟਾ ਦਿਉ ਅਤੇ ਬਾਅਦ ਵਿੱਚ ਹਲਕਾ ਜਿਹਾ ਪਾਣੀ ਲਾ ਦਿਉ । ਨਵੇਂ ਬੂਟਿਆਂ ਦਾ ਧਿਆਨ ਰੱਖੋ ਅਤੇ ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਅਤੇ ਸੱਕਰ ਆਦਿ ਲਗਾਤਾਰ ਕੱਟਦੇ ਰਹੋ ।

ਸਿਫ਼ਾਰਸ਼ ਕੀਤੇ ਜੜ੍ਹਮੁੱਢ ਦੀ ਵਰਤੋਂ: ਪੱਤਝੜੀ ਫ਼ਲਦਾਰ ਬੂਟਿਆਂ ਦੀਆਂ ਪ੍ਰਮਾਣਿਤ ਕਿਸਮਾਂ ਅਤੇ ਢੁਕਵੇਂ ਜੜ੍ਹਮੁੱਢ ਹੇਠਾਂ ਦਿੱਤੀ ਸਾਰਣੀ ਅਨੁਸਾਰ ਹਨ:

ਫ਼ਲ ਉਤਪਾਦਕਾਂ ਲਈ ਮਹੱਤਵਪੂਰਨ ਨੁਕਤੇ:

1. ਹਮੇਸ਼ਾ ਮਾਨਤਾ ਪ੍ਰਾਪਤ ਅਤੇ ਪ੍ਰਮਾਣਿਤ ਨਰਸਰੀਆਂ ਤੋਂ ਫ਼ਲਦਾਰ ਬੂਟੇ ਖਰੀਦੋ ।
2. ਆਪਣੇ ਖੇਤਰ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਅਤੇ ਢੁਕਵੇਂ ਜੜ੍ਹਮੁੱਢ ਬਾਰੇ ਪੀ.ਏ.ਯੂ ਲੁਧਿਆਣਾ ਜਾਂ ਪੰਜਾਬ ਬਾਗਬਾਨੀ ਵਿਭਾਗ ਦੇ ਮਾਹਿਰਾਂ ਨਾਲ ਸਲਾਹ ਕਰੋ।
3. ਮਾਨਤਾ ਪ੍ਰਾਪਤ ਨਰਸਰੀਆਂ ਵੱਲੋਂ ਦਿੱਤੇ ਜਾਣ ਵਾਲੇ ਬੂਟੇ ਉਨੱਤ ਕਿਸਮ ਅਤੇ ਢੁਕਵੇਂ ਜੜ੍ਹਮੁੱਢ ਉੱਤੇ ਪਿਉਂਦ ਕੀਤੇ ਹੁੰਦੇ ਹਨ ਜਿਸਕਾਰਨ ਉਹ ਬੂਟੇ

ਫ਼ਲਦਾਰ ਬੂਟਿਆਂ ਦੀ ਪਿਉਂਦ ਦਾ ਢੁੱਕਵਾਂ ਸਮਾਂ ਅਤੇ ਵਿਧੀ

ਫ਼ਲਦਾਰ ਬੂਟਾ	ਪਿਉਂਦ ਦੀ ਵਿਧੀ	ਪਿਉਂਦ ਦਾ ਢੁੱਕਵਾਂ ਸਮਾਂ	ਇੱਕ ਬੂਟੇ ਤੋਂ ਪਿਉਂਦ ਲਈ ਅੱਖਾਂ ਜਾਂ ਕਲਮਾਂ ਦੀ ਗਿਣਤੀ
ਨਾਖ	ਜੀਭੀ ਪਿਉਂਦ	ਦਸੰਬਰ -ਜਨਵਰੀ	600
ਆੜੂ	ਟੀ-ਬਡਿੰਗ	ਮਈ-ਜੂਨ	300
	ਜੀਭੀ ਪਿਉਂਦ	ਦਸੰਬਰ -ਜਨਵਰੀ	
ਆਲੂਬੁਖਾਰਾ	ਸਤਲੁਜ ਪਰਪਲ ਦੇ ਬੂਟਿਆਂ ਲਈ ਕਾਲਾ ਅੰਮ੍ਰਿਤਸਰੀ ਦੀਆਂ ਕਲਮਾਂ ਉਤੇ ਸਿੱਧਾ ਜੀਭੀ ਪਿਉਂਦ	ਦਸੰਬਰ -ਜਨਵਰੀ	1000
	ਕਾਲਾ ਅੰਮ੍ਰਿਤਸਰੀ ਦੇ ਬੂਟੇ ਕਲਮਾਂ ਰਾਂਹੀ		
ਸੇਬ	ਜੀਭੀ ਪਿਉਂਦ	ਦਸੰਬਰ -ਜਨਵਰੀ	300
ਅੰਗੂਰ	ਕਲਮਾਂ ਰਾਂਹੀ	ਜਨਵਰੀ-ਫਰਵਰੀ	200
ਅੰਜੀਰ	ਕਲਮਾਂ ਰਾਂਹੀ	ਜਨਵਰੀ	200

ਫ਼ਲਦਾਰ ਬੂਟਾ	ਪ੍ਰਮਾਣਿਤ ਕਿਸਮਾਂ	ਢੁਕਵੇਂ ਜੱੜ੍ਹਮੁੱਢ
ਨਾਖ	ਸਖ਼ਤ ਨਾਸ਼ਪਾਤੀ: ਪੰਜਾਬ ਨਾਖ, ਪੱਥਰਨਾਖ	ਕੈਂਥ
	ਅਰਧ ਨਰਮ ਨਾਸ਼ਪਾਤੀ: ਪੰਜਾਬ ਬਿਊਟੀ, ਪੰਜਾਬ ਨੈਕਟਰ, ਪੰਜਾਬ ਗੋਲਡ ਅਤੇ ਬੱਗੂਗੋਸ਼ਾ	
	ਨਰਮ ਨਾਸ਼ਪਾਤੀ: ਨਿਜੀਸਿਕੀ ਅਤੇ ਪੰਜਾਬ ਸੌਫਟ	
ਆੜੂ	ਪੀਲੇ ਗੁੱਦੇ ਵਾਲੀਆਂ ਕਿਸਮਾਂ: ਪਰਤਾਪ, ਫਲੋਰਿਡਾ ਪ੍ਰਿੰਸ, ਅਰਲੀ ਗਰੈਂਡ, ਸ਼ਾਨੇ-ਪੰਜਾਬ	
	ਚਿੱਟੇ ਗੁੱਦੇ ਵਾਲੀਆਂ ਕਿਸਮਾਂ: ਪ੍ਰਭਾਤ ਅਤੇ ਸ਼ਰਬਤੀ	
	ਨੈਕਟਰੇਨ: ਪੰਜਾਬ ਨੈਕਟਰੇਨ	ਸ਼ਰਬਤੀ/ ਫਲੋਰਡਾਗਾਰਡ
ਆਲੂਬੁਖਾਰਾ	ਸਤਲੁਜ ਪਰਪਲ ਅਤੇ ਕਾਲਾ ਅੰਮ੍ਰਿਤਸਰੀ	ਕਾਲਾ ਅੰਮ੍ਰਿਤਸਰੀ/ ਕਾਬਲ ਗਰੀਨ ਗੇਜ਼
ਸੇਬ	ਅੰਨਾ ਅਤੇ ਡੌਰਸੈਟ ਗੋਲਡਨ	ਦੇਸੀ ਸੇਬ
ਅੰਗੂਰ	ਸੁਪੀਰੀਅਰ ਸੀਡਲੈਸ, ਪੰਜਾਬ ਅਛਸ਼ ਪਰਪਲ, ਫਲੇਮ ਸੀਡਲੈਸ, ਬਿਊਟੀ ਸੀਡਲੈਸ, ਪਰਲਿਟ	-
ਅੰਜੀਰ	ਬਲੈਕ ਫਿੱਗ ੀ ਅਤੇ ਬਰਾਊਨ ਟਰਕੀ	-

ਖੇਤ ਵਿੱਚ ਵਧੇਰੇ ਵੱਧਦੇ ਫੁਲਦੇ ਹਨ।

4. ਕਾਂਟ੍ਰੈਕਟ ਫਾਰਮਿੰਗ ਦੇ ਨਾਮ 'ਤੇ ਮਹਿੰਗੇ ਬੂਟੇ ਵੇਚਣ ਵਾਲਿਆਂ ਤੋਂ ਕਿਸਾਨਾਂ ਨੂੰ ਸਚੇਤ ਰਹਿਣਾ ਚਾਹੀਦਾ ਹੈ।ਇਸ ਤਰ੍ਹਾਂ ਦੀਆਂ ਗਲਤੀਆਂ ਤੋਂ ਬਚਣ ਲਈ ਪੀ.ਏ.ਯੂ. ਲੁਧਿਆਣਾ ਜਾਂ ਪੰਜਾਬ ਬਾਗਬਾਨੀ ਵਿਭਾਗ ਦੇ ਤਕਨੀਕੀ ਮਾਹਰਾਂ ਤੋਂ ਸਲਾਹ ਲਓ। ਅਧਿਕਤਰ ਮਾਨਤਾ ਪ੍ਰਾਪਤ ਨਰਸਰੀਆਂ ਫ਼ਲਦਾਰ ਬੂਟੇ ਵਾਜਬ ਅਤੇ ਨਿਸ਼ਚਤ ਰੇਟਾਂ 'ਤੇ ਮੁਹਾਈਆ ਕਰਵਾਉਂਦੀਆਂ ਹਨ। ਗਲੀਆਂ ਵਿੱਚ ਬੂਟੇ ਵੇਚਣ ਵਾਲਿਆਂ ਜਾਂ ਗੈਰ-ਪ੍ਰਮਾਣਿਤ ਫ਼ਲੋਰੀਕਲਚਰ ਨਰਸਰੀਆਂ ਤੋਂ ਬੂਟੇ ਖਰੀਦਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਕਿਰਨਦੀਪ ਕੌਰ: 98158-04868

ਪੀ.ਏ.ਯੂ. ਇੱਕ ਵਾਰ ਫਿਰ ਦੇਸ਼ ਦੀ ਸਰਵੋਤਮ ਖੇਤੀ ਯੂਨੀਵਰਸਿਟੀ ਬਣੀ

ਜਗਵਿੰਦਰ ਸਿੰਘ ਅਤੇ ਤੇਜਿੰਦਰ ਸਿੰਘ ਰਿਆੜ
ਸੰਚਾਰ ਕੇਂਦਰ

ਪੀ.ਏ.ਯੂ. ਨੇ ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਹੋਣ ਦਾ ਤਾਜ ਬਰਕਰਾਰ ਰੱਖਿਆ ਹੈ। ਰਾਸ਼ਟਰੀ ਸੰਸਥਾਈ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐੱਫ) 2025 ਦੀ ਐਲਾਨੀ ਗਈ ਰੈਂਕਿੰਗ ਵਿਚ ਪੀ.ਏ.ਯੂ. ਨੂੰ ਦੇਸ਼ ਦੀ ਸਿਖਰਲੀ ਰਾਜ ਖੇਤੀ ਯੂਨੀਵਰਸਿਟੀ ਵਜੋਂ ਰੈਂਕਿੰਗ ਦਿੱਤੀ ਗਈ । ਇਸ ਰੈਂਕਿੰਗ ਦਾ ਐਲਾਨ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਚ ਕੀਤਾ ਗਿਆ। ਜ਼ਿਕਰਯੋਗ ਹੈ ਕਿ ਲਗਾਤਾਰ ਤੀਜੇ ਸਾਲ ਪੀ.ਏ.ਯੂ. ਨੇ ਇਸ ਰੈਂਕਿੰਗ ਵਿਚ ਸਿਖਰ ਤੇ ਰਹਿ ਕੇ ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਬਣਨ ਅਤੇ ਮਜ਼ਬੂਤ ਖੇਤੀ ਖੋਜ, ਅਕਾਦਮਿਕ ਅਤੇ ਪਸਾਰ ਢਾਂਚੇ ਨੂੰ ਪ੍ਰਮਾਣਿਤ ਕੀਤਾ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਵਰ੍ਹੇ 14000 ਤੋਂ ਵੱਧ ਸੰਸਥਾਵਾਂ ਨੇ ਇਸ ਰੈਂਕਿੰਗ ਲਈ ਬਿਨੈਪੱਤਰ ਭੇਜੇ ਸਨ। ਇਸ ਲਿਹਾਜ਼ ਨਾਲ ਪੀ.ਏ.ਯੂ. ਦੀ ਪ੍ਰਾਪਤੀ ਹੋਰ ਵੀ ਮੁੱਲਵਾਨ ਹੋ ਜਾਂਦੀ ਹੈ। ਪੀ.ਏ.ਯੂ. ਨੇ ਰਾਸ਼ਟਰੀ ਪੱਧਰ ਤੇ ਵਾਤਾਵਰਣ ਪੱਖੀ ਫਸਲਾਂ ਦੀਆਂ ਕਿਸਮਾਂ ਅਤੇ ਤਕਨਾਲੋਜੀਆਂ ਦਾ ਵਿਕਾਸ ਕੀਤਾ ਅਤੇ ਸੰਸਾਰ ਪੱਧਰ ਤੇ ਇਸ ਸੰਸਥਾ ਨੇ ਖੇਤੀ ਵਿਗਿਆਨ ਨੂੰ ਉੱਘੇ ਵਿਗਿਆਨੀ ਦਿੱਤੇ । ਜਿਥੇ ਯੂਨੀਵਰਸਿਟੀ ਆਪਣੇ ਖੋਜ, ਪਸਾਰ ਅਤੇ ਅਕਾਦਮਿਕ ਕਾਰਜਾਂ ਨੂੰ ਮਜ਼ਬੂਤ ਕਰ ਰਹੀ ਹੈ ਉੱਥੇ ਅੰਤਰਰਾਸ਼ਟਰੀ ਪੱਧਰ ਤੇ ਵੱਡੀਆਂ ਸੰਸਥਾਵਾਂ ਨਾਲ ਸੰਪਰਕ ਅਤੇ ਸਾਂਝੀਦਾਰੀ ਲਈ ਠੋਸ ਕਦਮ ਵੀ ਪੁੱਟ ਰਹੀ ਹੈ। ਕੌਮਾਂਤਰੀ ਪੱਧਰ ਤੇ ਤਜਰਬਿਆਂ ਦੇ ਆਦਾਨ-ਪ੍ਰਦਾਨ ਲਈ ਯੂਨੀਵਰਸਿਟੀ ਨੇ ਸੰਸਾਰ ਦੀਆਂ ਪ੍ਰਸਿੱਧ ਸੰਸਥਾਵਾਂ ਨਾਲ ਸਾਂਝ ਦੇ ਮੌਕਿਆਂ ਦੀ ਤਲਾਸ਼ ਵੀ ਕੀਤੀ ਹੈ ਅਤੇ ਸਮਝੌਤੇ ਵੀ ਕੀਤੇ ਹਨ। ਇਸੇ ਦਿਸ਼ਾ ਵਿਚ ਨਵੀਆਂ ਅਕਾਦਮਿਕ ਲੋੜਾਂ ਦੇ ਮੱਦੇਨਜ਼ਰ ਸਕੂਲ ਆਫ ਡਿਜ਼ੀਟਲ ਇਨੋਵੇਸ਼ਨਜ਼ ਫਾਰ ਸਮਾਰਟ ਐਗਰੀਕਲਚਰ ਹੋਂਦ ਵਿਚ ਆਇਆ। ਇਸ ਨਾਲ ਵਾਤਾਵਰਨ ਪੱਖੀ ਅਤੇ ਸਮਾਰਟ ਤਰੀਕਿਆਂ ਨਾਲ ਖੇਤੀ ਨੂੰ ਕਰਨ ਦਾ ਰਾਹ ਪੱਧਰਾ ਹੋਵੇਗਾ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪੀ.ਏ.ਯੂ. ਨੇ ਭਾਰਤੀ ਸੰਸਥਾਈ ਰੈਂਕਿੰਗ ਫਰੇਮਵਰਕ (ਆਈ ਆਈ ਆਰ ਐਫ) 2025 ਵਿਚ ਵੀ ਪਹਿਲਾ ਸਥਾਨ ਹਾਸਲ ਕੀਤਾ ਸੀ ਅਤੇ ਐਜੂਰੈਂਕ 2025 ਦੀ ਰੈਂਕਿੰਗ ਵਿਚ ਦੁਨੀਆਂ ਦੀਆਂ ਸਰਵੋਤਮ 100 ਸੰਸਥਾਵਾਂ ਵਿਚ ਵੀ ਪੀ.ਏ.ਯੂ. ਦਾ ਸ਼ੁਮਾਰ ਹੋਇਆ। ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਦੀ ਅਗਵਾਈ ਵਿਚ ਲਗਾਤਾਰ ਤਿੰਨ ਸਾਲ ਦੇਸ਼ ਦੀ ਸਿਖਰਲੀ ਸੰਸਥਾ ਬਣਨ ਨਾਲ ਪੀ.ਏ.ਯੂ. ਨੇ ਕਿਸਾਨ, ਕਿਸਾਨੀ ਸਮਾਜ ਅਤੇ ਦੇਸ਼ ਦੀ ਖੇਤੀ ਨੂੰ ਜੋ ਵਿਗਿਆਨਕ ਅਤੇ ਆਧੁਨਿਕ ਯੋਗਦਾਨ ਦਿੱਤਾ ਉਸਦੀ ਪਛਾਣ ਦਾ ਰਾਸ਼ਟਰੀ ਪੱਧਰ ਤੇ ਮਾਣਮੱਤਾ ਅਧਿਆਇ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ।

ਨਾਸ਼ਪਾਤੀ ਦੇ ਬਾਗਾਂ ਤੋਂ ਵਧੇਰੇ ਝਾੜ ਲੈਣ ਲਈ ਜ਼ਰੂਰੀ ਨੁਕਤੇ

ਮਨਦੀਪ ਸਿੰਘ ਗਿੱਲ, ਨਵਪ੍ਰੇਮ ਸਿੰਘ ਅਤੇ ਪਰਮਪਾਲ ਸਿੰਘ

ਫ਼ਲ ਵਿਗਿਆਨ ਵਿਭਾਗ

ਨਾਸ਼ਪਾਤੀ ਦੇ ਬੂਟਿਆਂ ਤੋਂ ਨਿਰੰਤਰ ਚੰਗਾ ਝਾੜ ਅਤੇ ਮਿਆਰੀ ਫਲ ਲੈਣ ਲਈ ਬੂਟਿਆਂ ਦੀ ਸ਼ੁਰੂ ਤੋਂ ਹੀ ਚੰਗੀ ਸਿਧਾਈ, ਖ਼ੁਰਾਕੀ ਪ੍ਰਬੰਧ, ਅੰਤਰ ਫ਼ਸਲਾਂ ਦੀ ਕਾਸ਼ਤ ਅਤੇ ਸਿੰਚਾਈ ਆਦਿ ਦਾ ਖ਼ਾਸ ਤੌਰ ਤੇ ਧਿਆਨ ਰੱਖਣਾ ਚਾਹੀਦਾ ਹੈ। ਸ਼ੁਰੂ ਵਿੱਚ ਕੀਤੀ ਹੋਈ ਕੋਈ ਵੀ ਗਲਤੀ ਨਾਲ ਬਾਗ ਦੀ ਪੈਦਾਵਾਰ ਅਤੇ ਆਮਦਨ ਪ੍ਰਭਾਵਿਤ ਹੁੰਦੀਆਂ ਹਨ। ਨਾਸ਼ਪਾਤੀ ਦੇ ਬਾਗਾਂ ਤੋਂ ਵਧੇਰੇ ਝਾੜ ਲੈਣ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ।

ਸਿਧਾਈ ਤੇ ਕਾਂਟ-ਛਾਂਟ: ਨਾਸ਼ਪਾਤੀ ਦੇ ਬੂਟੇ ਜਨਵਰੀ ਤੋਂ ਫਰਵਰੀ ਦੇ ਪਹਿਲੇ ਪੰਦਰਵਾੜੇ ਤੱਕ ਲਗਾਏ ਜਾ ਸਕਦੇ ਹਨ। ਬੂਟਿਆਂ ਦੀ ਸਿਧਾਈ ਬੂਟੇ ਨੂੰ ਖੇਤ ਵਿੱਚ ਲਗਾਉਣ ਉਪਰੰਤ ਹੀ ਸ਼ੁਰੂ ਹੋ ਜਾਂਦੀ ਹੈ। ਸਿਧਾਈ ਨਾਲ ਬੂਟੇ ਦੇ ਵਾਧੇ ਨੂੰ ਸਾਧ ਕੇ ਮਜ਼ਬੂਤ ਢਾਂਚਾ ਬਣਾਉਣ ਵਿੱਚ ਮੱਦਦ ਮਿਲਦੀ ਹੈ। ਇਸ ਤਰ੍ਹਾਂ ਬੂਟਿਆਂ ਅੰਦਰ ਯੋਗ ਰੋਸ਼ਨੀ ਪਹੁੰਚਦੀ ਹੈ ਅਤੇ ਛਤਰੀ ਦਾ ਫੈਲਾਅ ਵੀ ਸਹੀ ਅਕਾਰ ਵਿੱਚ ਰਹਿੰਦਾ ਹੈ। ਇਸ ਤਰ੍ਹਾਂ ਬੂਟਿਆਂ ਉੱਪਰ ਕੀਟਨਾਸ਼ਕ ਅਤੇ ਉੱਲੀਨਾਸ਼ਕਾਂ ਦੀ ਸਪਰੇਅ ਕਰਨ ਅਤੇ ਤੁੜਾਈ ਵਿੱਚ ਅਸਾਨੀ ਰਹਿੰਦੀ ਹੈ। ਪੱਤਝੜੀ ਫ਼ਲਦਾਰ ਬੂਟਿਆਂ ਨੂੰ ਸਦਾਬਹਾਰ ਬੂਟਿਆਂ ਦੇ ਮੁਕਾਬਲੇ ਜ਼ਿਆਦਾ ਸਿਧਾਈ ਅਤੇ ਕਾਂਟ-ਛਾਂਟ ਦੀ ਜ਼ਰੂਰਤ ਰਹਿੰਦੀ ਹੈ। ਨਵੇਂ ਲਗਾਏ ਫ਼ਲਦਾਰ ਬੂਟਿਆਂ ਦੇ ਗੁੱਲੇ, ਝੁਕੀਆਂ ਹੋਈਆਂ ਟਾਹਣੀਆਂ ਅਤੇ ਪਿਉਂਦ ਦੇ ਥੱਲਿਉਂ ਫੁਟਾਰਾ ਕੱਟਣ ਤੱਕ ਹੀ ਸਿਧਾਈ ਦੀ ਲੋੜ ਹੁੰਦੀ ਹੈ। ਬਾਗਬਾਨ ਅਕਸਰ ਦੋ ਸਾਲ ਦੇ ਬੂਟੇ ਖੇਤ ਵਿਚ ਲਗਾਉਂਦੇ ਹਨ ਅਤੇ ਜੇਕਰ ਬੂਟਿਆਂ ਦੀ ਚੰਗੀ ਤਰ੍ਹਾਂ ਸਿਧਾਈ ਨਾ ਕੀਤੀ ਹੋਵੇ ਤਾਂ ਅਜਿਹੇ ਬੂਟੇ ਉੱਪਰਲੀਆਂ ਅੱਖਾਂ ਤੋਂ ਫੁਟਦੇ ਹਨ। ਅਜਿਹੇ ਬੂਟਿਆਂ ਨੂੰ ਫ਼ਲ ਵੀ ਲੇਟ ਲੱਗਦਾ ਹੈ ਅਤੇ ਲੰਬੂਤਰਾ ਅਕਾਰ ਬਣ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਬੂਟੇ ਖੇਤ ਵਿੱਚ ਲਗਾਉਂਦੇ ਸਮੇਂ ਜ਼ਮੀਨ ਦੇ ਪੱਧਰ ਤੋਂ 1.5 ਫੁੱਟ ਦੀ ਉਚਾਈ ਤੱਕ ਕੋਈ ਸ਼ਾਖਾ ਨਾ ਰਹਿਣ ਦਿਉ। ਦੂਜੇ ਸਾਲ ਬੂਟਿਆਂ ਦੀ ਸਿਥਲ ਅਵਸਥਾ (ਦਸੰਬਰ ਮਹੀਨਾ) ਦੌਰਾਨ ਵਿਚਕਾਰਲੀ ਸਭ ਤੋਂ ਲੰਮੀ ਟਹਿਣੀ ਨੂੰ ਉਸਦੇ ਉੱਪਰਲੇ ਕੱਚੇ ਭਾਗ ਦੇ ਸ਼ੁਰੂ ਤੋਂ ਕੱਟ ਦੇਵੋ। ਇਸ ਤੋਂ ਇਲਾਵਾ, ਕਮਜ਼ੋਰ ਅਤੇ ਇਕ ਦੂਜੇ ਨੂੰ ਕੱਟਦੀਆਂ ਸ਼ਾਖ਼ਾਵਾਂ ਮੁੱਢੋਂ ਕੱਟ ਦੇਣੀਆਂ ਜ਼ਰੂਰੀ ਹਨ। ਜੇਕਰ ਚੁਣੀਆਂ ਹੋਈਆਂ ਟਾਹਣੀਆਂ ਨੂੰ ਸੇਬੇ ਨਾਲ ਬੰਨ੍ਹ ਕੇ ਜ਼ਮੀਨ ਤੇ ਬੰਨ੍ਹ ਦਿੱਤਾ ਜਾਵੇ ਤਾਂ ਇਨ੍ਹਾਂ ਟਾਹਣੀਆਂ ਤੋਂ ਵਧੇਰੇ ਸ਼ਾਖ਼ਾਵਾਂ ਨਿਕਲਣ ਵਿੱਚ ਮਦਦ ਮਿਲਦੀ ਹੈ। ਤੀਜੇ ਸਾਲ ਦੀ ਸਿਧਾਈ ਦੌਰਾਨ ਦੂਜੇ ਸਾਲ ਦੀ ਕਟਾਈ ਸਮੇਂ ਰੱਖੀਆਂ ਟਾਹਣੀਆਂ ਨੂੰ ਨਵੀਆਂ ਸ਼ਾਖ਼ਾਵਾਂ ਫੁੱਟਣ ਲਈ ਛੱਡ ਦੇਣਾ ਚਾਹੀਦਾ ਹੈ। ਚੌਥੇ ਅਤੇ ਪੰਜਵੇਂ ਸਾਲ ਦੌਰਾਨ, ਅੱਗੇ ਤੋਂ ਅੱਗੇ ਵੱਧਣ ਵਾਲੀਆਂ ਸ਼ਾਖ਼ਾਵਾਂ ਨੂੰ ਕੱਟ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਚਕਾਰਲੀ ਛੱਡੀ ਹੋਈ ਟਾਹਣੀ ਨੂੰ ਕੱਟ ਦਿਉ ਤਾਂ ਕਿ ਬੂਟੇ ਦਾ ਫੈਲਾਅ ਬਾਹਰ ਵੱਲ ਹੋ ਸਕੇ ਅਤੇ ਬੂਟਾ ਚੰਗੀ ਛਤਰੀ ਬਣਾ ਸਕੇ। ਕਾਂਟ-ਛਾਂਟ ਦੌਰਾਨ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸ਼ਾਖਾਵਾਂ ਤੇ ਬਾਹਰ ਵੱਲ ਨੂੰ ਅੱਖ ਦੇ ਉੱਪਰੋਂ ਹੀ ਕੱਟੋ। ਇਸ ਤਰ੍ਹਾਂ ਕਰਨ ਨਾਲ ਬੂਟੇ ਦਾ ਫੈਲਾਅ ਅਤੇ ਛਤਰੀ ਵਿੱਚ ਵਾਧਾ ਬਾਹਰ ਵੱਲ ਹੁੰਦਾ ਹੈ। ਨਾਸ਼ਪਾਤੀ ਦੇ ਪੁਰਾਣੇ ਅਤੇ ਫ਼ਲ ਦਿੰਦੇ ਬੂਟਿਆਂ ਦੀ ਕਾਂਟ-ਛਾਂਟ ਦੌਰਾਨ ਸੁੱਕੀਆਂ ਅਤੇ ਬਿਮਾਰ ਸ਼ਾਖ਼ਾਵਾਂ ਨੂੰ ਕੱਟ ਕੇ ਵਿਰਲਾ ਕਰਨਾ ਚਾਹੀਦਾ ਹੈ ਤਾਂ ਜੋ ਨਵੀਆਂ ਸ਼ਾਖ਼ਾਵਾਂ ਦੁਬਾਰਾ ਫੁੱਟ ਸਕਣ। ਇਸ ਤੋਂ ਇਲਾਵਾ ਬੂਟਿਆਂ ਉੱਤੇ ਫੁੱਟਣ ਵਾਲੇ ਗੁੱਲੇ ਜਾਂ ਲਗਰਾਂ ਨੂੰ ਮੁੱਢ ਤੋਂ ਕੱਟਦੇ ਰਹੋ । ਜੇਕਰ ਇਹ ਬੂਟੇ ਦੀ ਖਾਲੀ ਜਗ੍ਹਾ ਤੋਂ ਫੁੱਟਣ ਤਾਂ ਇਨ੍ਹਾਂ ਨੂੰ ਇੱਕ ਜਾਂ ਦੋ ਅੱਖ ਤੋਂ ਕੱਟ ਕੇ ਨਵੀਂ ਸ਼ਾਖ ਦੇ ਤੌਰ ਤੇ ਰੱਖ ਲੈਣਾ ਚਾਹੀਦਾ ਹੈ। ਨਾਸ਼ਪਾਤੀ ਦਾ ਫ਼ਲ ਖੁੰਗਿਆਂ ਉੱਪਰ ਲੱਗਦਾ ਹੈ ਜੋ ਲਗਾਤਾਰ 8 ਸਾਲ ਫ਼ਲ ਦਿੰਦੇ ਹਨ। ਇਸ ਲਈ ਕਾਂਟ-ਛਾਂਟ ਕਰਦੇ ਸਮੇਂ ਜਾਂ ਫਿਰ ਫ਼ਲ ਤੋੜਨ ਵੇਲੇ ਇਨ੍ਹਾਂ ਨੂੰ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ। ਪੰਜਾਬ ਵਿੱਚ ਨਾਸ਼ਪਾਤੀ ਦੇ ਕੁਝ ਬਾਗ਼ ਬਟਾਂਕਾਂ (ਜੜਵੇ) ਜੜ੍ਹ ਮੁੱਢ ਤੇ ਲੱਗੇ ਹਨ ਜਿਸ ਤੋਂ ਹਰ ਸਾਲ ਜੜ੍ਹਾਂ ਵਿਚੋਂ ਨਵੀਆਂ ਬਟਾਂਕਾਂ ਨਿਕਲਦੀਆਂ ਰਹਿੰਦੀਆਂ ਹਨ। ਇਨ੍ਹਾਂ ਬਟਾਂਕਾਂ ਨੂੰ ਨਵੰਬਰ ਦਸੰਬਰ ਮਹੀਨੇ ਵਿੱਚ ਜ਼ਮੀਨ ਦੇ ਲਾਗਿਉਂ ਕੱਟ ਦੇਣਾ ਚਾਹੀਦਾ ਹੈ।

ਪੁਰਾਣੇ ਬੂਟਿਆਂ ਨੂੰ ਮੁੜ ਸੁਰਜੀਤ ਕਰਨਾ : ਨਾਸ਼ਪਾਤੀ ਦੇ ਪੁਰਾਣੇ ਬੂਟੇ ਜਿਨ੍ਹਾਂ ਨੂੰ ਫ਼ਲ ਘੱਟ ਲੱਗਦਾ ਹੋਵੇ ਦੀ ਕਾਂਟ-ਛਾਂਟ ਕਰਕੇ ਮੁੜ ਸੁਰਜੀਤ ਕਰਨਾ ਚਾਹੀਦਾ ਹੈ। ਦਸੰਬਰ ਦੇ ਮਹੀਨੇ ਵਿੱਚ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ ਜੋ ਕਿ ਕਾਫੀ ਵਿੱਥ ਤੇ ਹੋਣ, 15 ਸੈਂਟੀਮੀਟਰ ਦੀ ਲੰਬਾਈ ਰੱਖ ਕੇ ਕੱਟ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਬਾਕੀ ਦੇ ਸਾਰੇ ਟਾਹਣੇ ਕੱਟ ਦੇਣੇ ਚਾਹੀਦੇ ਹਨ। ਕੱਟੇ ਹੋਏ ਥਾਵਾਂ ਤੇ ਬੋਰਡੋ ਪੇਂਟ ਲਗਾਉਣਾ ਚਾਹੀਦਾ ਹੈ। ਮਾਰਚ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖ਼ਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵੱਧ ਰਹੀਆਂ

ਟਾਹਣੀਆਂ ਰੱਖਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹਰ ਬੂਟੇ ਉੱਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫ਼ਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

ਅੰਤਰ ਫ਼ਸਲਾਂ ਦੀ ਕਾਸ਼ਤ : ਨਾਸ਼ਪਾਤੀ ਦੇ ਬੂਟਿਆਂ ਨੂੰ ਵਪਾਰਕ ਪੱਧਰ ਦਾ ਫ਼ਲ 5-6 ਸਾਲਾਂ ਬਾਅਦ ਲੱਗਦਾ ਹੈ। ਬਾਗਬਾਨ ਵਾਧੂ ਆਮਦਨ ਲੈਣ ਲਈ ਨਾਸ਼ਪਾਤੀ ਦੇ ਬੂਟਿਆਂ ਦੀਆਂ ਕਤਾਰਾਂ ਵਿੱਚਕਾਰ ਹੋਰ ਅੰਤਰ ਫ਼ਸਲਾਂ ਲਗਾ ਸਕਦੇ ਹਨ। ਸਰਦੀਆਂ ਵਿੱਚ ਨਾਸ਼ਪਾਤੀ ਦੇ ਪੱਤੇ ਝੜ ਜਾਂਦੇ ਹਨ ਅਤੇ ਪੌਦੇ ਸਿਥਲ ਅਵਸਥਾ ਵਿੱਚ ਚਲੇ ਜਾਂਦੇ ਹਨ। ਨਾਸ਼ਪਾਤੀ ਨੂੰ ਆਮ ਕਰਕੇ ਫ਼ਲ ਦੀ ਤੁੜਾਈ ਤੋਂ ਬਾਅਦ ਸਿੰਚਾਈ ਦੀ ਜ਼ਿਆਦਾ ਲੋੜ ਨਹੀਂ ਹੁੰਦੀ। ਬਾਗਬਾਨ ਸਰਦੀਆਂ ਵਿੱਚ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਿ ਆਲੂ, ਬਰਸੀਮ ਆਦਿ ਲਗਾਉਂਦੇ ਹਨ ਜਿਸ ਨਾਲ ਪੌਦੇ ਦੀ ਅੰਦਰੂਨੀ ਪ੍ਰਤੀਕਿਰਿਆਵਾਂ ਪ੍ਰਭਾਵਿਤ ਹੁੰਦੀਆਂ ਹਨ। ਆਲੂ ਦੀ ਫ਼ਸਲ ਬੀਜਣ ਜਾਂ ਅੰਤਰ ਫ਼ਸਲਾਂ ਲਈ ਜ਼ਮੀਨ ਤਿਆਰ ਕਰਨ ਵਾਸਤੇ ਬਾਗਾਂ ਨੂੰ ਤਵੀਆਂ ਜਾਂ ਹਲਾਂ ਆਦਿ ਨਾਲ ਡੂੰਘੀ ਵਹਾਈ ਕਰਨ ਸਮੇਂ ਜੜ੍ਹਾਂ ਨੂੰ ਨੁਕਸਾਨ ਹੁੰਦਾ ਹੈ। ਜਿਸ ਨਾਲ ਜੜ੍ਹਾਂ ਦਾ ਸੜਨਾ, ਗਲਣਾ ਆਦਿ ਬਿਮਾਰੀਆਂ ਵਧਦੀਆਂ ਹਨ। ਕੁਝ ਬਾਗਬਾਨ ਨਾਸ਼ਪਾਤੀ ਦੇ ਬਾਗ ਵਿੱਚ ਅਲੂਚਾ ਅਤੇ ਆੜੂ ਦੇ ਬੂਟੇ ਪੂਰਕ ਬੂਟਿਆਂ ਦੇ ਤੌਰ ਤੇ ਲਗਾਉਂਦੇ ਹਨ ਅਤੇ ਇਹਨਾਂ ਬੂਟਿਆਂ ਨੂੰ ਨਾਸ਼ਪਾਤੀ ਦੇ ਬੂਟਿਆਂ ਦੇ ਫ਼ਲ ਦੇਣ ਯੋਗ ਹੋਣ ਤੋਂ ਬਾਅਦ ਵੀ ਨਹੀਂ ਪੁੱਟਦੇ। ਇਸ ਤਰ੍ਹਾਂ ਨਾਸ਼ਪਾਤੀ ਦੇ ਦਰੱਖਤ ਬਹੁਤ ਸੰਘਣੇ ਹੋ ਜਾਂਦੇ ਹਨ ਅਤੇ ਫ਼ਲ ਦਾ ਵਿਕਾਸ ਘੱਟ ਹੋ ਜਾਂਦਾ ਹੈ, ਕਮਜ਼ੋਰ ਟਾਹਣੀਆਂ ਬਣਦੀਆਂ ਹਨ ਅਤੇ ਫ਼ਲਦਾਰ ਖੁੰਗੇ ਨਹੀਂ ਬਣਦੇ। ਪੂਰਕ ਬੂਟੇ ਅਤੇ ਨਾਸ਼ਪਾਤੀ ਦੇ ਦਰਖਤ ਜਦੋਂ ਆਪਸ ਵਿੱਚ ਮਿਲ ਜਾਣ ਤਾਂ ਪੂਰਕ ਬੂਟਿਆਂ ਨੂੰ ਪੁੱਟ ਦੇਣਾ ਚਾਹੀਦਾ ਹੈ ।ਨਾਸ਼ਪਾਤੀ ਦੇ ਬਾਗ ਵਿੱਚ ਅਮਰੂਦ ਦੇ ਬੂਟੇ ਨਹੀਂ ਲਗਾਉਣੇ ਚਾਹੀਦੇ ਕਿਉਂਕਿ ਅਮਰੂਦ ਨੂੰ ਸਰਦੀਆਂ ਵਿੱਚ ਪਾਣੀ ਦੀ ਜ਼ਰੂਰਤ ਹੁੰਦੀ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਅੰਤਰ ਫ਼ਸਲਾਂ ਜਿਵੇਂ ਮੂੰਗੀ, ਮਾਂਹ, ਤੋਰੀਆ, ਕਣਕ, ਮਟਰ, ਛੋਲੇ ਅਤੇ ਸੈਂਜੀ ਆਦਿ ਦੀ ਨਾਸ਼ਪਾਤੀ ਦੇ ਬਾਗਾਂ ਵਿੱਚ ਮੁੱਢਲੇ ਸਾਲਾਂ ਵਿੱਚ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਖਾਸ ਕਰਕੇ ਨਾਈਟ੍ਰੋਜਨ ਫਿਕਸ ਕਰਨ ਵਾਲੀਆਂ ਫ਼ਸਲਾਂ ਚੁਣਨੀਆਂ ਚਾਹੀਦੀਆਂ ਹਨ ਜੋ ਪੌਦੇ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਫਾਇਦਾ ਪਹੁੰਚਾਉਂਦੇ ਹਨ। ਕਈ ਬਾਗਾਂ ਵਿੱਚ ਫ਼ਾਲਸੇ ਦੇ ਬੂਟੇ ਬਤੌਰ ਪੂਰਕ ਲਗਾਏ ਜਾਂਦੇ ਹਨ ਅਤੇ ਇਹਨਾਂ ਦੀ ਹਰ ਸਾਲ ਕਾਂਟ-ਛਾਂਟ ਕਰਕੇ ਝਾੜੀ ਵਾਂਗ ਬਣਾਉਣਾ ਚਾਹੀਦਾ ਹੈ। ਅੰਤਰ ਜਾਂ ਪੂਰਕ ਬੂਟਿਆਂ ਨੂੰ ਵੱਖਰੀ ਸਿੰਚਾਈ, ਖਾਦ ਅਤੇ ਆਦਿ ਦੱਸੀਆਂ ਹਦਾਇਤਾਂ/ਸਿਫਾਰਸ਼ਾਂ ਅਨੁਸਾਰ ਪਾਓ ।

ਖ਼ੁਰਾਕੀ ਪ੍ਰਬੰਧ :ਫ਼ਲਦਾਰ ਬੂਟਿਆਂ ਵਿੱਚ ਜ਼ਰੂਰੀ ਖ਼ੁਰਾਕੀ ਤੱਤ, ਬੂਟੇ ਨੂੰ ਪੈਦਾਵਾਰ ਦੇ ਯੋਗ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਇੱਕ ਸਾਲ ਵਿੱਚ 10 ਟਨ ਫ਼ਲ ਦੇਣ ਵਾਲੇ ਬੂਟੇ ਮਿੱਟੀ ਵਿੱਚੋਂ 25 ਕਿਲੋਗ੍ਰਾਮ ਨਾਈਟ੍ਰੋਜਨ, 10 ਕਿਲੋਗ੍ਰਾਮ ਫ਼ਾਸਫੋਰਸ, 40 ਕਿਲੋਗ੍ਰਾਮ ਪੋਟਾਸ਼ ਲੈਂਦੇ ਹਨ। ਇਸ ਘਾਟੇ ਦੀ ਪੂਰਤੀ ਲਈ ਰਸਾਇਣਕ/ਦੇਸੀ ਖਾਦਾਂ ਦੇ ਰੂਪ ਵਿੱਚ ਤੱਤ ਸਹੀ ਮਾਤਰਾ ਅਤੇ ਸਹੀ ਸਮੇਂ ਤੇ ਪਾਉਣੇ ਅਤੀ ਜ਼ਰੂਰੀ ਹਨ । ਨਾਸ਼ਪਾਤੀ ਦੇ ਦਰੱਖਤਾਂ ਨੂੰ ਰੂੜੀ ਅਤੇ ਰਸਾਇਣਕ ਖਾਦ ਉਹਨਾਂ ਦੀ ਉਮਰ ਮੁਤਾਬਕ ਹੇਠ ਲਿਖੇ ਅਨੁਸਾਰ ਪਾਓ ।

ਫ਼ਲਦਾਰ ਦਰੱਖਤਾਂ ਨੂੰ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਦੀ ਖਾਦ, ਸੁਪਰਫਾਸਫੇਟ ਅਤੇ ਮਿਊਰਟ ਆਫ ਪੋਟਾਸ਼ ਦਸੰਬਰ ਦੇ ਮਹੀਨੇ ਵਿੱਚ ਪਾਉਣੇ ਚਾਹੀਦੇ ਹਨ। ਬੂਟੇ ਦੇ ਵਿਕਾਸ ਨੂੰ ਵਧਾਉਣ ਲਈ ਮੁੱਢਲੇ 5-6 ਸਾਲਾਂ ਵਿੱਚ ਨਾਈਟ੍ਰੋਜਨ ਤੱਤ ਬਰਾਬਰ ਹਿੱਸਿਆ ਵਿੱਚ ਮਾਰਚ, ਅਪ੍ਰੈਲ, ਜੁਲਾਈ, ਅਗਸਤ ਅਤੇ ਸਤੰਬਰ ਦੌਰਾਨ ਪਾਓ ।

ਜਦ ਨਾਸ਼ਪਾਤੀ ਦੇ ਬੂਟੇ ਫ਼ਲ ਦੇਣਾ ਸ਼ੁਰੂ ਕਰ ਦੇਣ ਤਾਂ ਬੂਟਿਆਂ ਨੂੰ ਨਾਈਟ੍ਰੋਜਨ ਦੀ ਅੱਧੀ ਮਾਤਰਾ ਫੁੱਲ ਨਿਕਲਣ ਤੋਂ ਪਹਿਲਾਂ ਫਰਵਰੀ ਵਿੱਚ ਅਤੇ ਬਾਕੀ ਦੀ ਅੱਧੀ ਮਾਤਰਾ ਅਪ੍ਰੈਲ ਮਹੀਨੇ ਫ਼ਲ ਲੱਗਣ ਉਪਰੰਤ ਪਾਓ। ਨਾਸ਼ਪਾਤੀ ਦੀ ਕਿਸਮ ਪੰਜਾਬ ਬਿਊਟੀ ਨੂੰ ਸਿਫ਼ਾਰਸ਼ ਕੀਤੀਆਂ ਖਾਦਾਂ ਤੋਂ ਇਲਾਵਾ 500 ਗ੍ਰਾਮ ਯੂਰੀਆ ਪ੍ਰਤੀ ਦਰੱਖਤ ਸਤੰਬਰ ਮਹੀਨੇ ਵਿੱਚ ਪਾਉਣ ਨਾਲ ਝਾੜ ਅਤੇ ਫ਼ਲ ਦੀ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ। ਨਾਸ਼ਪਾਤੀ ਵਿੱਚ ਫ਼ਲਾਂ ਦੇ ਅਕਾਰ ਅਤੇ ਝਾੜ ਵਿੱਚ ਵਾਧੇ ਲਈ, ਪੋਟਾਸ਼ੀਅਮ ਨਾਈਟ੍ਰੇਟ (1.5 ਪ੍ਰਤੀਸ਼ਤ / 15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ) ਦੇ ਤਿੰਨ ਸਪਰੇਅ ਭਰ ਫੁੱਲ ਆਉਣ ਤੋਂ 15, 30 ਅਤੇ 45 ਦਿਨਾਂ ਬਾਅਦ ਛਿੜਕਾਅ ਕਰੋ।

ਜਿਸ ਨਾਲ ਛੋਟੇ ਤੱਤਾਂ ਜਿਵੇਂ ਕਿ ਜ਼ਿੰਕ ਅਤੇ ਲੋਹੇ ਦੀ ਘਾਟ ਆਉਂਦੀ ਹੈ। ਜ਼ਿੰਕ ਦੀ ਘਾਟ ਨਾਲ ਪੱਤਿਆਂ ਦਾ ਅਕਾਰ ਛੋਟਾ ਅਤੇ ਪੱਤੇ ਉੱਪਰ ਨੂੰ ਮੁੜਨੇ ਸ਼ੁਰੂ ਹੋ ਜਾਂਦੇ ਹਨ । ਇਸ ਘਾਟ ਨੂੰ ਪੂਰਾ ਕਰਨ ਲਈ ਤਿੰਨ ਕਿਲੋ ਜ਼ਿੰਕ ਸਲਫੇਟ + 1.5 ਕਿਲੋ ਅਣ ਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਸ ਤੋਂ ਇਲਾਵਾ ਲੋਹੇ ਦੀ ਘਾਟ ਨਾਲ ਟੀਸੀ ਵਾਲੇ ਪੱਤਿਆਂ ਜਾਂ ਸਾਰੀਆਂ ਨਾੜਾਂ ਗੂੜ੍ਹੇ ਰੰਗ ਦੀਆਂ ਅਤੇ ਬਾਕੀ ਸਭ ਪੀਲੇ ਰੰਗ ਦਾ ਹੋ ਜਾਂਦਾ ਹੈ। ਇਸ ਦੀ ਪੂਰਤੀ ਲਈ 0.3% ਫੈਰਿਸ ਸਲਫੇਟ (300 ਗ੍ਰਾਮ) 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਣਾ ਚਾਹੀਦਾ ਹੈ।

ਸਿੰਚਾਈ : ਨਾਸ਼ਪਾਤੀ ਦੀਆਂ ਉੱਪਰਲੀਆਂ ਬਰੀਕ ਜੜ੍ਹਾਂ ਤੇ ਆਮ ਤੌਰ ਤੇ ਜ਼ਮੀਨ ਦੇ ਉੱਪਰਲੇ ਹਿੱਸੇ (60-90 ਸੈਂਟੀਮੀਟਰ) ਵਿਚ ਫੈਲੀਆਂ ਹੁੰਦੀਆਂ ਹਨ। ਜ਼ਮੀਨ ਦੇ ਇਸ ਹਿੱਸੇ ਵਿੱਚ ਪਾਣੀ ਦੀ ਕਮੀ ਆਉਣ ਨਾਲ ਫ਼ਲ ਦਾ ਵਿਕਾਸ ਰੁੱਕ ਜਾਂਦਾ ਹੇ। ਕਈ ਵਾਰ ਫ਼ਲ ਝੜਨ ਲੱਗ ਜਾਂਦੇ ਹਨ ਅਤ ਬਾਕੀ ਦੇ ਫ਼ਲ ਛੋਟੇ ਅਕਾਰ ਦੇ ਮਾੜੀ ਗੁਣਵੱਤਾ ਵਾਲੇ ਪੈਦਾ ਹੁੰਦੇ ਹਨ। ਨਾਸ਼ਪਾਤੀ ਦੀ ਢੁੱਕਵੀਂ ਸਿੰਚਾਈ ਲਈ ਇੱਕ ਪਾਣੀ ਦਸੰਬਰ ਦੇ ਆਖ਼ਰੀ ਹਫ਼ਤੇ ਜਾਂ ਜਨਵਰੀ ਦੇ ਪਹਿਲੇ ਹਫ਼ਤੇ ਖਾਦਾਂ ਪਾਉਣ ਤੋਂ ਬਾਅਦ ਲਗਾਉਣਾ ਚਾਹੀਦਾ ਹੈ। ਫੁੱਲ ਆਉਣ ਦੀ ਰੁੱਤ ਸਮੇਂ ਜ਼ਮੀਨ ਵਿੱਚ ਢੁਕਵੀਂ ਨਮੀ ਚਾਹੀਦੀ ਹੈ। ਅਪ੍ਰੈਲ ਤੋਂ ਅਗਸਤ ਤੱਕ (ਫੁੱਲ ਲੱਗਣ ਤੋਂ ਫ਼ਲ ਤੋੜਨ ਤੱਕ) ਲੋੜ ਅਨੁਸਾਰ 7-10 ਦਿਨ ਬਾਅਦ ਲਗਾਤਾਰ ਸਿੰਚਾਈ ਕਰਨੀ ਚਾਹੀਦੀ ਹੈ। ਫ਼ਲਾਂ ਦੀ ਤੁੜਾਈ ਤੋਂ ਬਾਅਦ ਬੂਟਿਆਂ ਦੇ ਪੱਤੇ ਝੜਨ ਤੱਕ ਲੋੜ ਅਨੁਸਾਰ 3 ਤੋਂ 4 ਹਫ਼ਤਿਆਂ ਤੋਂ ਬਾਅਦ ਸਿੰਚਾਈ ਕਰਨੀ ਚਾਹੀਦੀ ਹੈ।

ਮਨਦੀਪ ਸਿੰਘ ਗਿੱਲ: 94634-05515

ਬੂਟੇ ਦੀ ਉਮਰ (ਸਾਲ)	ਰੂੜੀ (ਕਿਲੋ/ਬੂਟਾ)	ਖਾਦਾਂ (ਗ੍ਰਾਮ ਪ੍ਰਤੀ ਬੂਟਾ)		
		ਯੂਰੀਆ	ਸੁਪਰਫ਼ਾਸਫ਼ੇਟ	ਮਿਊਰੇਟ ਆਫ਼ ਪੋਟਾਸ਼
1-3	10-20	100-300	200-600	150-450
4-6	25-35	400-600	800-1200	600-900
7-9	40-50	700-900	1400-1800	1050-1350
10 ਤੋਂ ਉੱਪਰ	50	1000	2000 1500	

ਫਸਲੀ ਵਿਭਿੰਨਤਾ ਲਈ ਸਬਜ਼ੀਆਂ ਦਾ ਯੋਗਦਾਨ

ਤਰਸੇਮ ਸਿੰਘ ਢਿੱਲੋਂ ਅਤੇ ਰੂਮਾ ਦੇਵੀ

ਡਾਇਰੈਕਟੋਰੇਟ ਪਸਾਰ ਸਿੱਖਿਆ

ਪੰਜਾਬ ਵਿੱਚ ਝੋਨੇ-ਕਣਕ ਫਸਲੀ ਚੱਕਰ ਦੇ ਬਦਲ ਨੂੰ ਲੱਭਣ ਦੀ ਲੋੜ ਹੈ ਜੋ ਕਿ ਆਰਥਿਕ ਅਤੇ ਵਾਤਾਵਰਣ ਪੱਖੋਂ ਟਿਕਾਊ ਹੋਵੇ। ਸਬਜ਼ੀਆਂ ਵੱਧ ਝਾੜ ਦੇਣ ਵਾਲੀਆਂ, ਘੱਟ ਸਮੇਂ ਵਿੱਚ ਤਿਆਰ ਹੋਣ ਵਾਲੀਆਂ ਅਤੇ ਪਰਿਵਾਰ ਦੀਆਂ ਨਿੱਤ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿਯਮਤ ਆਮਦਨ ਪ੍ਰਦਾਨ ਕਰਦੀਆਂ ਹਨ।

ਝੋਨੇ-ਕਣਕ ਦੇ ਬਦਲ ਵਜੋਂ ਫਸਲੀ ਚੱਕਰ

1. ਮਿਰਚ (ਅਪ੍ਰੈਲ ਦੇ ਅੰਤ ਵਿੱਚ ਬੂਟੇ ਲਗਾਓ)- -ਕਣਕ (ਅਕਤੂਬਰ-ਨਵੰਬਰ)
2. ਮੂਲੀ (ਅਪ੍ਰੈਲ, ਪੂਸਾ ਚੇਤਕੀ ਕਿਸਮ)--ਘੀਆ ਕੱਦੂ/ਕਰੇਲਾ/ਪੇਠਾ ਕੱਦੂ/ਕਾਲੀ ਤੋਰੀ/ਖੀਰਾ/ਭਿੰਡੀ (ਜੂਨ-ਜੁਲਾਈ) - ਕਣਕ (ਅਕਤੂਬਰ-ਨਵੰਬਰ)
3. ਅਗੇਤੀ ਫੁੱਲਗੋਭੀ (ਜੂਨ-ਜੁਲਾਈ ਵਿੱਚ ਬੂਟੇ ਲਗਾਓ) -- ਕਣਕ (ਅਕਤੂਬਰ-ਨਵੰਬਰ)
4. ਆਲੂ (ਅਕਤੂਬਰ)_ਪਛੇਤੀ ਫੁੱਲਗੋਭੀ (ਦਸੰਬਰ ਵਿੱਚ ਬੂਟੇ ਲਗਾਓ) --- ਝੋਨਾ (ਜੂਨ)
5. ਆਲੂ (ਅਕਤੂਬਰ) --- ਭਿੰਡੀ/ਖਰਬੂਜਾ (ਫ਼ਰਵਰੀ-ਮਾਰਚ) - ਝੋਨਾ (ਜੂਨ)
6. ਸ਼ਿਮਲਾ ਮਿਰਚ ਨੀਵੀਂਆਂ ਸੁਰੰਗਾਂ ਹੇਠ (ਨਵੰਬਰ ਵਿੱਚ ਬੂਟੇ ਲਗਾਓ) --- ਝੋਨਾ (ਜੂਨ)
7. ਅਗੇਤਾ ਮਟਰ (ਸਤੰਬਰ ਦੇ ਅੰਤ ਵਿੱਚ-ਅਕਤੂਬਰ) - ਰਬੀ ਦੇ ਪਿਆਜ਼ (ਜਨਵਰੀ ਦੀ ਪਹਿਲੇ ਪੰਦਰਵਾੜੇ ਵਿੱਚ ਬੂਟੇ ਲਗਾਓ) --- ਝੋਨਾ (ਜੂਨ)
8. ਗਾਜਰ (ਸਤੰਬਰ) … ਗਾਜਰਾਂ ਦੇ ਬੀਜ ਦੀ ਫਸਲ (ਦਸੰਬਰ) … ਝੋਨਾ (ਜੂਨ)

ਸਿਰਫ ਸਬਜ਼ੀਆਂ ਦਾ ਫਸਲੀ ਚੱਕਰ

1. ਮਟਰ/ਗਾਜਰ (ਸਤੰਬਰ-ਅਕਤੂਬਰ) … ਮਿਰਚ (ਫ਼ਰਵਰੀ-ਮਾਰਚ ਵਿੱਚ)
2. ਆਲੂ/ਗਾਜਰ (ਸਤੰਬਰ-ਅਕਤੂਬਰ) … ਰਬੀ ਪਿਆਜ਼ (ਜਨਵਰੀ ਦੇ ਪਹਿਲੇ ਅੱਧ) … ਭਿੰਡੀ/ਹਰੀ ਖਾਦ (ਜੂਨ)
3. ਆਲੂ (ਅਕਤੂਬਰ) … ਦੇਰੀ ਫੁੱਲਗੋਭੀ (ਦਸੰਬਰ ਵਿੱਚ) … ਮਿਰਚ (ਮਾਰਚ ਵਿੱਚ)
4. ਆਲੂ (ਅਕਤੂਬਰ) … ਗਾਜਰ/ਮੂਲੀ (ਬੀਜ ਲਈ) (ਸਟੈਕਲਿੰਗ ਜਨਵਰੀ ਵਿੱਚ) … ਭਿੰਡੀ (ਬੀਜ) (ਜੂਨ) 5. ਆਲੂ (ਸਤੰਬਰ) … ਖਰਬੂਜਾ (ਫ਼ਰਵਰੀ) … ਮੂਲੀ (ਜੂਨ)
6. ਸ਼ਿਮਲਾ ਮਿਰਚ/ਖੀਰਾ ਨੀਵੇਂ ਟਨਲਾਂ ਹੇਠ (ਨਵੰਬਰ-ਦਸੰਬਰ) … ਲੌਂਕੀ/ਰਿਈ (ਜੂਨ-ਜੁਲਾਈ) 7. ਫੁੱਲਗੋਭੀ (ਸਤੰਬਰ) … ਟਮਾਟਰ (ਦਸੰਬਰ) … ਭਿੰਡੀ (ਜੂਨ)

ਸੁਰੱਖਿਅਤ ਖੇਤੀ: ਪੰਜਾਬ ਵਿੱਚ ਪੌਲੀ-ਨੈੱਟ ਹਾਊਸਾਂ ਹੇਠ ਸਬਜ਼ੀਆਂ ਦੀ ਖੇਤੀ ਵਧ ਰਹੀ ਹੈ, ਜਿਸ ਕਾਰਨ ਇਨ੍ਹਾਂ ਢਾਂਚਿਆਂ ਹੇਠ ਖੇਤਰ 400 ਏਕੜ ਤੋਂ ਵੱਧ ਹੋ ਗਿਆ ਹੈ। ਸੁਰੱਖਿਅਤ ਖੇਤੀ ਫ਼ਸਲ ਤੋਂ ਪੈਦਾਵਾਰ ਖੁੱਲ੍ਹੇ ਖੇਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੁੰਦੀ ਹੈ ਅਤੇ ਮਿਆਰ ਵੀ ਵਧੀਆ ਹੁੰਦੀ ਹੈ । ਪੰਜਾਬ ਵਿੱਚ ਵੱਧ ਝਾੜ ਅਤੇ ਚੰਗੇ ਮਿਆਰ ਦੀ ਸਬਜ਼ੀ ਖੁੱਲ੍ਹੇ ਖੇਤਾਂ ਵਿੱਚ ਪੈਦਾ ਕਰਨ ਲਈ ਮਾਰੂ ਵਾਤਾਵਰਣ ਇਕ ਰੁਕਾਵਟ ਹੈ । ਸੋ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੌਲੀਨੈੱਟ ਹਾਊਸ ਅਤੇ ਪੌਲੀ ਹਾਊਸ ਵਿੱਚ ਵੱਖ-ਵੱਖ ਸਬਜ਼ੀਆਂ ਦੀ ਖੇਤੀ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ । ਕੁਝ ਖੇਤਰਾਂ ਵਿੱਚ ਘੱਟ ਕੀਮਤ ਵਾਲੀਆਂ ਪੌਲੀ-ਸੁਰੰਗਾਂ ਜਾਂ ਖਾਈ ਕਿਸਮ ਦੇ ਪੌਲੀ ਹਾਊਸਾਂ ਦੀ ਵਰਤੋਂ ਵੀ ਪ੍ਰਚਲਿਤ ਹੈ। ਸੁਰੱਖਿਅਤ ਢਾਂਚਿਆਂ ਅੰਦਰ ਸਹੀ ਸਾਫ਼-ਸਫ਼ਾਈ ਨਾਲ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪੌਲੀ ਨੈਟਹਾਊਸ ਵਿਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਮੁੱਖ ਸਬਜ਼ੀਆਂ ਸ਼ਿਮਲਾ ਮਿਰਚ, ਟਮਾਟਰ, ਖੀਰਾ ਅਤੇ ਫਰਾਂਸ ਬੀਨ ਹਨ। ਪੌਲੀ ਨੈਟਹਾਊਸ ਵਿੱਚ ਟਮਾਟਰ ਦੀਆਂ ਪੰਜਾਬ ਸਵਰਨਾ, ਪੰਜਾਬ ਗੌਰਵ, ਪੰਜਾਬ ਸਰਤਾਜ, ਪੰਜਾਬ ਕੇਸਰ ਚੈਰੀ, ਪੰਜਾਬ ਸੋਨਾ ਚੈਰੀ, ਪੰਜਾਬ ਰੈਡ ਚੈਰੀ; ਸ਼ਿਮਲਾ ਮਿਰਚ ਦੀ ਪੀ ਐੱਸ ਐਮ-1, ਖੀਰੇ ਦੀ ਪੰਜਾਬ ਖੀਰਾ-1, ਪੀ.ਕੇ.ਐੱਚ-11 ਅਤੇ ਫਰਾਂਸ ਬੀਨ ਦੀ ਪੰਜਾਬ ਰੰਗਤ ਅਤੇ ਪੰਜਾਬ ਆਨੰਦ ਕਿਸਮਾਂ ਨੂੰ ਸਿਫਾਰਿਸ਼ ਕੀਤਾ ਗਿਆ ਹੈ।

ਤਕਨੀਕੀ ਖੇਤੀ: ਪਿਛਲੇ ਕੁਝ ਸਮੇਂ ਤੋਂ ਸਬਜ਼ੀਆਂ ਲਈ ਤੁਪਕਾ ਸਿੰਚਾਈ ਸਿਸਟਮ ਬਹੁਤ ਫਾਇਦੇਮੰਦ ਸਾਬਤ ਹੋ ਰਿਹਾ ਹੈ। ਪੰਜਾਬ ਵਿੱਚ ਪਾਣੀ ਦਾ ਪੱਧਰ ਘਟਣ ਕਾਰਨ, ਇਸ ਤਕਨੀਕ ਨੂੰ ਤਰਜੀਹ ਦੀਤੀ ਜਾ ਰਹੀ ਹੈ।ਸਰਕਾਰ ਇਸ ਸਿਸਟਮ 'ਤੇ ਸਬਸਿਡੀ ਵੀ ਦੇ ਰਹੀ ਹੈ। ਲੇਜ਼ਰ ਲੇਬਲਰ ਮਸ਼ੀਨ ਨਾਲ ਜ਼ਮੀਨ ਨੂੰ ਪੱਧਰਾ ਕਰਨ ਨਾਲ ਪਾਣੀ ਅਤੇ ਖਾਦਾਂ ਦੀ ਸਹੀ ਵਰਤੋਂ ਹੁੰਦੀ ਹੈ। ਸੁਰੱਖਿਅਤ ਖੇਤੀ ਨਾਲ ਮੌਸਮ ਦੀ ਮਾਰ ਤੋਂ ਬਚਾਅ ਹੁੰਦਾ ਹੈ।ਪੀ. ਏ.ਯੂ. ਨੇ ਪਿਆਜ਼, ਮਟਰ, ਲਸਣ ਤੇ ਗਾਜਰ ਵਰਗੀਆਂ ਸਬਜ਼ੀਆਂ ਦੀ ਬਿਜਾਈ ਤੋਂ ਲੈ ਕੇ ਕਟਾਈ ਤੱਕ ਦੇ ਕੰਮਾਂ ਲਈ ਖਾਸ ਮਸ਼ੀਨਾਂ ਵੀ ਬਣਾਈਆਂ ਹਨ।

ਸਬਜ਼ੀਆਂ ਦੇ ਦੋਗਲੇ ਬੀਜ ਪੈਦਾ ਕਰਨਾ: ਮਿਆਰੀ ਬੀਜਾਂ ਦੀ ਉਪਲਬਧਤਾ ਸਬਜ਼ੀ ਉਤਪਾਦਕਾਂ ਦੀਆਂ ਪ੍ਰਮੁੱਖ ਸਮੱਸਿਆਵਾਂ ਵਿੱਚੋਂ ਇੱਕ ਹੈ। ਪੀ ਏ ਯੂ ਨੇ ਪੰਜ ਸਬਜ਼ੀਆਂ ਦੀਆਂ ਦੋਗਲੀਆਂ ਕਿਸਮਾਂ ਬੀਜਣ ਦੀ ਸਿਫਾਰਸ਼ ਕੀਤੀ ਹੈ ਜਿਨ੍ਹਾਂ ਵਿੱਚ

ਖਰਬੂਜੇ ਦੀ ਪੰਜਾਬ ਹਾਈਬ੍ਰਿਡ, ਐੱਮ ਐੱਚ-27 ਅਤੇ ਐੱਮ ਐੱਚ-51, ਮਿਰਚ ਦੀਆਂ ਸੀ ਐੱਚ-1, ਸੀ ਐੱਚ-3, ਸੀ ਐੱਚ-27 ਅਤੇ ਸੀ ਐੱਚ-51, ਟਮਾਟਰ ਦੀ ਟੀ ਐੱਚ-1 ਅਤੇ ਪੀ ਟੀ ਐੱਚ-2, ਬੈਂਗਣ ਦੀਆਂ ਬੀ ਐੱਚ-2, ਪੀ ਬੀ ਐੱਚ-3, ਪੀ ਬੀ ਐੱਚ-4, ਪੀ ਬੀ ਐੱਚ-5, ਪੀ ਬੀ ਐੱਚ-6, ਪੀ ਬੀ ਐੱਚ ਆਰ-41 ਅਤੇ ਪੀ ਬੀ ਐੱਚ ਆਰ-42, ਹਲਵਾ ਕੱਦੂ ਦੀਆਂ ਪੀ ਪੀ ਐੱਚ-1 ਅਤੇ ਪੀ ਪੀ ਐੱਚ-2 ਅਤੇ ਪਿਆਜ਼ ਦੀ ਪੀ ਓ ਐੱਚ-1 ਹਨ। ਦੋਗਲੀ ਕਿਸਮ ਦਾ ਬੀਜ ਹਰ ਸਾਲ ਨਵਾਂ ਤਿਆਰ ਕੀਤਾ ਜਾਂਦਾ ਹੈ। ਕਿਸਾਨ ਹਾਈਬ੍ਰਿਡ ਬੀਜ ਉਤਪਾਦਨ ਦੇ ਧੰਦੇ ਨੂੰ ਖੇਤੀ ਆਮਦਨੀ ਦੇ ਵਾਧੇ ਲਈ ਉੱਦਮੀ ਵਜੋਂ ਅਪਣਾ ਸਕਦੇ ਹਨ।

ਪਨੀਰੀ ਤਿਆਰ ਕਰਨਾ : ਇਹ ਪੇਸ਼ਾ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਉੱਤਮ ਹੈ ਕਿਉਂਕਿ ਉਹ ਥੋੜੀ ਜ਼ਮੀਨ ਵਿੱਚੋਂ ਇਸ ਨਾਲ ਇਕ ਸਾਲ ਵਿਚ ਜ਼ਿਆਦਾ ਪਨੀਰੀ ਦੀਆਂ ਫਸਲਾਂ ਲੈ ਸਕਦੇ ਹਨ। ਬਹੁਤ ਸਾਰੀਆਂ ਸਬਜ਼ੀਆਂ ਜਿਵੇਂ ਕਿ ਟਮਾਟਰ, ਬੈਂਗਣ, ਮਿਰਚ, ਬੰਦ ਗੋਭੀ, ਫੁੱਲ ਗੋਭੀ, ਗੰਢ ਗੋਭੀ ਅਤੇ ਪਿਆਜ਼ ਪਨੀਰੀ ਦੁਆਰਾ ਉਗਾਏ ਜਾ ਸਕਦੇ ਹਨ। ਕੱਦੂ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਖਰਬੂਜਾ, ਖੀਰੇ, ਤਰਬੂਜ਼, ਚੱਪਣ ਕੱਦੂ, ਹਲਵਾ ਕੱਦੂ, ਕਰੇਲਾ ਅਤੇ ਘੀਆ ਕੱਦੂ ਆਦਿ ਦੀ ਪਨੀਰੀ ਉਗਾਉਣ ਲਈ ਵਿਸ਼ੇਸ਼ ਤਕਨੀਕ ਦੀ ਲੋੜ ਪੈਂਦੀ ਹੈ। ਇਨ੍ਹਾਂ ਸਬਜ਼ੀਆਂ ਦੀ ਪਨੀਰੀ ਸਿੱਧੀ ਪੁੱਟ ਕੇ ਖੇਤ ਵਿੱਚ ਨਹੀਂ ਲਾਈ ਜਾ ਸਕਦੀ ਇਸ ਕਰਕੇ ਉਨ੍ਹਾਂ ਨੂੰ ਪਹਿਲਾਂ ਪਲਾਸਟਿਕ ਦੇ ਥੈਲੇ ਵਿੱਚ ਉਗਾਇਆ ਜਾਂਦਾ ਹੈ ਅਤੇ ਫਿਰ ਖੇਤ ਵਿੱਚ ਲਗਾਇਆ ਜਾਂਦਾ ਹੈ। ਪਲਾਸਟਿਕ ਦੀਆਂ ਟਰੇਆਂ ਵਿੱਚ ਪਨੀਰੀ ਪੈਦਾ ਕਰਨ ਦੇ ਢੰਗ ਨੇ ਵੀ ਵਿਲੱਖਣ ਪ੍ਰਸਿੱਧੀ ਹਾਸਲ ਕੀਤੀ ਹੈ। ਇਨ੍ਹਾਂ ਟਰੇਆਂ ਵਿੱਚ ਪੌਦਿਆਂ ਦਾ ਵਾਧਾ ਜਲਦੀ ਹੁੰਦਾ ਹੈ ਅਤੇ ਪਨੀਰੀ ਨੂੰ ਲੰਬੀ ਦੂਰੀ ਤੱਕ ਪਹੁੰਚਾਇਆ ਜਾ ਸਕਦਾ ਹੈ ।

ਪ੍ਰੋਸੈਸਿੰਗ ਉਦਯੋਗ: ਪ੍ਰੋਸੈਸਿੰਗ ਨਾਲ ਕਈ ਸਬਜ਼ੀਆਂ ਦੀ ਪੌਸ਼ਟਿਕ ਗੁਣਵੱਤਾ ਵੀ ਵੱਧ ਜਾਂਦੀ ਹੈ। ਇਹ ਤਰੀਕਾ ਕਿਸਾਨਾਂ ਦੀ ਆਮਦਨ ਵਧਾਉਂਦਾ ਹੈ, ਪਿੰਡਾਂ ਵਿੱਚ ਲੋਕਾਂ ਨੂੰ ਕੰਮ ਮਿਲਦਾ ਹੈ ਅਤੇ ਵਿਦੇਸ਼ਾਂ ਵਿੱਚ ਵੀ ਸਬਜ਼ੀਆਂ ਭੇਜ ਕੇ ਪੈਸਾ ਕਮਾਇਆ ਜਾ ਸਕਦਾ ਹੈ, ਜਿਸ ਨਾਲ ਸਬਜ਼ੀਆਂ ਦੀ ਖੇਤੀ ਲਾਹੇਵੰਦ ਬਣਦੀ ਹੈ। ਦੇਸ਼ ਵਿੱਚ ਹੁਣ ਡੱਬਾਬੰਦ ਜਾਂ ਪ੍ਰੋਸੈਸ ਕੀਤੀਆਂ ਸਬਜ਼ੀਆਂ ਅਤੇ ਫਲਾਂ ਦੀ ਮੰਗ ਬਹੁਤ ਵਧ ਗਈ ਹੈ, ਪਰ ਅਜੇ ਪ੍ਰੋਸੈਸਿੰਗ ਘੱਟ ਹੋ ਰਹੀ ਹੈ। ਸਬਜ਼ੀਆਂ ਨੂੰ ਸਾਂਭਣ ਲਈ ਕਈ ਤਕਨੀਕਾਂ ਵਰਤੀਆਂ ਜਾਂਦੀਆਂ ਹਨ, ਜਿਵੇਂ ਕਿ ਗਰਮੀ ਨਾਲ ਸਾਂਭਣਾ (ਬੋਤਲਾਂ/ਡੱਬਿਆਂ ਵਿੱਚ ਪੈਕ ਕਰਨਾ), ਫਰੀਜ਼ ਕਰਨਾ, ਸੁਕਾਉਣਾ ਅਤੇ ਖਮੀਰ ਲਗਾਉਣਾ (ਅਚਾਰ ਵਾਂਗ)। ਭਾਵੇਂ ਦੇਸ਼ ਵਿੱਚ ਮੌਜੂਦਾ ਸਹੂਲਤਾਂ ਸਿਰਫ਼ ਥੋੜ੍ਹੀ ਜਿਹੀ ਫ਼ਸਲ ਨੂੰ ਹੀ ਸਾਂਭ ਸਕਦੀਆਂ ਹਨ, ਪਰ ਇਹ ਇੱਕ ਚੰਗੀ ਸ਼ੁਰੂਆਤ ਹੈ, ਜਿਸ ਨਾਲ ਸਬਜ਼ੀ ਖੇਤਰ ਦਾ ਵਿਕਾਸ ਯਕੀਨੀ ਤੌਰ 'ਤੇ ਤੇਜ਼ ਹੋਵੇਗਾ। ਪ੍ਰੋਸੈਸਿੰਗ ਲਈ ਖਾਸ ਕਰਕੇ ਟਮਾਟਰ, ਆਲੂ, ਮਿਰਚ, ਮਟਰ, ਗਾਜਰ, ਪਿਆਜ਼ ਅਤੇ ਪੇਠਾ (ਕੱਦੂ) ਦੀ ਜ਼ਿਆਦਾ ਮੰਗ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦੇ ਨੇੜੇ ਵਾਲੀਆਂ ਪ੍ਰੋਸੈਸਿੰਗ ਫੈਕਟਰੀਆਂ ਜਾਂ ਯੂਨਿਟਾਂ ਨਾਲ ਪੱਕਾ ਸਮਝੌਤਾ ਕਰਨ ਤੋਂ ਬਾਅਦ ਹੀ, ਖਾਸ ਤੌਰ 'ਤੇ ਪ੍ਰੋਸੈਸਿੰਗ ਲਈ ਮੰਗੀਆਂ ਜਾਂਦੀਆਂ ਇਨ੍ਹਾਂ ਸਬਜ਼ੀਆਂ ਦੀ ਖੇਤੀ ਕਰਨ। ਪ੍ਰੋਸੈਸਿੰਗ ਦੇਸ਼ ਦੇ ਵਿਕਾਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਉਦਯੋਗ ਅਤੇ ਖੇਤੀਬਾੜੀ ਵਿਚਕਾਰ ਮਹੱਤਵਪੂਰਣ ਸੰਬੰਧ ਅਤੇ ਤਾਲਮੇਲ ਸਥਾਪਤ ਕਰਦਾ ਹੈ ਅਤੇ ਖੇਤੀ ਵਿਭਿੰਨਤਾ ਦੇ ਨਵੇਂ ਮੌਕੇ ਪੈਦਾ ਕਰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਵੱਖ-ਵੱਖ ਸਬਜ਼ੀਆਂ ਵਿੱਚ ਪ੍ਰੋਸੈਸਿੰਗ ਲਈ ਕਿਸਮਾਂ ਅਤੇ ਹਾਇਬਰਿਡ ਕਿਸਮਾਂ ਦੀ ਸਿਫਾਰਿਸ ਕੀਤੀ ਗਈ ਹੈ ਜਿਵੇਂ ਕਿ ਟਮਾਟਰ (ਟੀ ਐਚ-1, ਪੀ. ਟੀ. ਐਚ.-2, ਪੰਜਾਬ ਰੱਤਾ), ਮਿਰਚ (ਸੀ.ਐਚ.-27, ਸੀ.ਐਚ.-1, ਪੰਜਾਬ ਤੇਜ), ਗਾਜਰ (ਪੰਜਾਬ ਬਲੈਕ ਬਿਊਟੀ, ਪੀ.ਸੀ.-161, ਪੀ.ਸੀ.ਪੀ-2 ਅਤੇ ਪੀ.ਸੀ.ਵਾਈ-2), ਭਿੰਡੀ (ਪੰਜਾਬ-8), ਹਲਵਾ ਕੱਦੂ (ਪੰਜਾਬ ਮਗਜ਼ ਕੱਦੂ-1) ਆਲੂ (ਕੁਫਰੀ ਫਰਾਈਸੋਨਾ, ਕੁਫਰੀ ਚਿਪਸੋਨਾ-1, ਕੁਫਰੀ ਚਿਪਸੋਨਾ-3) ਅਤੇ ਹਲਦੀ (ਪੰਜਾਬ ਹਲਦੀ-1, ਪੰਜਾਬ ਹਲਦੀ-2)।

ਸਬਜ਼ੀਆਂ ਦਾ ਨਿਰਯਾਤ: ਭਾਰਤ ਸਬਜ਼ੀਆਂ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਨਿਰਯਾਤਕ ਦੇਸ਼ ਬਣ ਸਕਦਾ ਹੈ। ਬੰਗਲਾਦੇਸ਼, ਯੂ ਏ ਈ, ਨੀਦਰਲੈਂਡ, ਨੇਪਾਲ, ਮਲੇਸ਼ੀਆ, ਯੂਕੇ, ਸ੍ਰੀਲੰਕਾ, ਓਮਾਨ ਅਤੇ ਕਤਰ ਦੇਸ਼ਾਂ ਨੂੰ ਸਬਜ਼ੀਆਂ ਦਾ ਨਿਰਯਾਤ ਕੀਤਾ ਜਾਂਦਾ ਹੈ। ਹਾਲਾਂਕਿ ਵਿਸ਼ਵ ਮੰਡੀ ਵਿਚ ਭਾਰਤ ਦੀ ਹਿੱਸੇਦਾਰੀ ਅਜੇ ਤਕ ਸਿਰਫ 1 ਪ੍ਰਤੀਸ਼ਤ ਹੈ, ਪ੍ਰੰਤੂ ਸਬਜ਼ੀਆਂ ਦੀ ਮੰਗ ਵਿੱਚ ਵਾਧਾ ਹੋਇਆ ਹੈ। ਭਾਰਤ ਤੋਂ ਸਭ ਤੋਂ ਜ਼ਿਆਦਾ ਜਿਨ੍ਹਾਂ ਸਬਜ਼ੀਆਂ ਨੂੰ ਨਿਰਯਾਤ ਕੀਤਾ ਜਾਂਦਾ ਹੈ ਉਹ ਹਨ ਪਿਆਜ਼, ਫੁੱਲ ਗੋਭੀ, ਬੰਦ ਗੋਭੀ, ਭਿੰਡੀ, ਆਲੂ, ਟਮਾਟਰ, ਮਟਰ ਅਤੇ ਹਰੀ ਮਿਰਚ।

ਜੈਵਿਕ ਖੇਤੀ: ਜੈਵਿਕ ਖੇਤੀ ਵਿੱਚ ਕਿਸੇ ਵੀ ਤਰ੍ਹਾਂ ਦੇ ਰਸਾਇਣ ਵਰਤਣ ਦੀ ਮਨਾਹੀ ਹੈ ਅਤੇ ਇਸ ਵਿੱਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਫਸਲਾਂ ਨੂੰ ਲੋੜੀਂਦੇ ਖ਼ੁਰਾਕੀ ਤੱਤਾਂ ਦੀ ਪੂਰਤੀ ਲਈ ਫ਼ਸਲੀ ਚੱਕਰਾਂ, ਫਸਲਾਂ ਦੀ ਰਹਿੰਦ-ਖੂੰਹਦ, ਰੂੜੀ ਦੀ ਖਾਦ, ਕੰਪੋਸਟ, ਫ਼ਲੀਦਾਰ ਫ਼ਸਲਾਂ ਅਤੇ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਫ਼ਸਲਾਂ ਦੀਆਂ ਬਿਮਾਰੀਆਂ ਅਤੇ ਕੀਟ ਪ੍ਰਬੰਧ ਲਈ ਬਾਇਓ ਕੀਟਨਾਸ਼ਕਾਂ ਅਤੇ ਬਾਇਓ ਉੱਲੀਨਾਸ਼ਕਾਂ ਆਦਿ ਤੇ ਨਿਰਭਰ ਕਰਨਾ ਪੈਂਦਾ ਹੈ । ਜੈਵਿਕ ਖੇਤੀ ਦੀ ਮਹਤੱਤਾ ਭਾਰਤ ਵਿੱਚ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਤਬਦੀਲੀ ਦਾ ਮੁੱਖ ਕਾਰਨ ਲੋਕਾਂ ਦਾ ਸਿਹਤ ਪ੍ਰਤੀ ਜਾਗਰੂਕ ਕੋਣਾ ਹੈ। ਜੈਵਿਕ ਉਤਪਾਦਾਂ ਦੀ ਮੰਗ ਬਹੁਤ ਜ਼ਿਆਦਾ ਵਧ ਰਹੀ ਹੈ। ਸਬਜ਼ੀਆਂ ਦੇ ਉਤਪਾਦਨ ਵਿੱਚ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਖਪਤਕਾਰਾਂ ਵਿਚ ਜੈਵਿਕ ਸਬਜ਼ੀਆਂ ਦੀ ਭਾਰੀ ਮੰਗ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਜੈਵਿਕ ਖੇਤੀ ਲਈ ਕਈ ਫ਼ਸਲੀ ਚੱਕਰਾਂ ਦੀ ਸਿਫਾਰਿਸ਼ ਕੀਤੀ ਹੈ ਜਿਵੇਂ ਕਿ ਮੱਕੀ-ਆਲੂ-ਪਿਆਜ਼, ਮੱਕੀ-ਆਲੂ-ਗਰਮੀ ਰੁਤ ਦੀ ਮੂੰਗੀ ਅਤੇ ਹਲਦੀ-ਪਿਆਜ਼।

ਸਬਜ਼ੀਆਂ ਦੀ ਤੱਤ ਭਰਪੂਰ ਘਰੇਲੂ ਬਗੀਚੀ: ਮੰਡੀ ਵਿੱਚ ਆ ਰਹੀ ਸਬਜ਼ੀਆਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਟ ਨਾਸ਼ਕਾਂ ਦੀ ਬੇਲੋੜੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ ਘਰ ਬਗੀਚੀ ਵਿੱਚ ਤਾਜ਼ੀ, ਤੱਤ ਭਰਪੂਰ ਅਤੇ ਕੀਟ ਨਾਸ਼ਕਾਂ ਦੀ ਘੱਟੋ ਘੱਟ ਵਰਤੋਂ ਨਾਲ ਸਬਜ਼ੀ ਤਿਆਰ ਕੀਤੀ ਜਾ ਸਕਦੀ ਹੈ। ਇਹ ਸਬਜ਼ੀਆਂ ਆਮ ਨਾਲੋਂ ਵੱਧ ਪੌਸ਼ਟਿਕ ਹੁੰਦੀਆਂ ਹਨ। ਪਰਿਵਾਰ ਦੀਆਂ ਪੌਸ਼ਟਿਕ ਜ਼ਰੂਰਤਾਂ ਪੂਰੀਆਂ ਕਰਨ ਲਈ, ਪੇਂਡੂ ਖੇਤਰਾਂ ਵਾਸਤੇ 500 ਵਰਗ ਮੀਟਰ ਅਤੇ ਸ਼ਹਿਰੀ ਤੇ ਅਰਧ-ਸ਼ਹਿਰੀ ਖੇਤਰਾਂ ਵਾਸਤੇ 36 ਵਰਗ ਮੀਟਰ ਦਾ ਸਬਜ਼ੀ ਨਿਊਟ੍ਰੀਸ਼ਨ ਗਾਰਡਨ ਮਾਡਲ ਸਿਫਾਰਸ਼ ਕੀਤਾ ਜਾਂਦਾ ਹੈ। ਪੰਜਾਬ ਵਿੱਚ ਲਗਭਗ 10 ਲੱਖ 53 ਹਜ਼ਾਰ ਖੇਤੀਬਾੜੀ ਪਰਿਵਾਰ ਹਨ। ਜੇਕਰ ਹਰ ਪਰਿਵਾਰ 500 ਵਰਗ ਮੀਟਰ ਥਾਂ 'ਤੇ ਸਬਜ਼ੀਆਂ ਉਗਾਉਂਦਾ ਹੈ, ਤਾਂ ਵਾਧੂ 1.32 ਲੱਖ ਏਕੜ ਰਕਬਾ ਸਬਜ਼ੀਆਂ ਹੇਠ ਆ ਸਕਦਾ ਹੈ। ਇਹ ਕਦਮ ਖੇਤੀ ਵਿਭਿੰਨਤਾ ਵਿੱਚ ਵੱਡਾ ਯੋਗਦਾਨ ਪਾਉਣ ਦੇ ਨਾਲ-ਨਾਲ ਪਰਿਵਾਰ ਦੇ ਪੌਸ਼ਟਿਕ ਪੱਧਰ ਨੂੰ ਸੁਧਾਰ ਸਕਦਾ ਹੈ ਅਤੇ ਬਜ਼ਾਰੋਂ ਸਬਜ਼ੀਆਂ ਖਰੀਦਣ ਲਈ ਖਰਚ ਹੋਣ ਵਾਲੇ ਪੈਸੇ ਦੀ ਬੱਚਤ ਵੀ ਕਰ ਸਕਦਾ ਹੈ।

ਤਰਸੇਮ ਸਿੰਘ ਢਿੱਲੋਂ: 94640-37325

ਕਿੰਨੂ ਦਾ ਸੁਚੱਜਾ ਮੰਡੀਕਰਨ

ਜੀ ਐੱਸ ਰੋਮਾਣਾ ਅਤੇ ਰਾਜ ਕੁਮਾਰ

ਇਕੋਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ

ਕਿੰਨੂ ਦਾ ਮੰਡੀਕਰਨ, ਇਸ ਦੀ ਤੁੜਾਈ ਉਪਰੰਤ ਘੱਟ ਉਮਰ, ਖਾਸ ਮੌਸਮ ਵਾਲਾ ਅਤੇ ਇੱਕ ਦਮ ਬਹੁਤ ਜ਼ਿਆਦਾ ਮਾਤਰਾ ਵਿੱਚ ਪੈਦਾਵਾਰ ਹੋਣਾ, ਗੁੰਝਲਦਾਰ ਸਮੱਸਿਆ ਹੈ। ਕਿੰਨੂ ਦਾ ਜਿਆਦਾ ਮੰਡੀਕਰਨ ਠੇਕੇ ਉੱਪਰ ਦੇ ਕੇ ਹੀ ਕੀਤਾ ਜਾਂਦਾ ਹੈ। ਬਹੁਤ ਥੋੜ੍ਹੇ ਕਿਸਾਨ ਹਨ ਜੋ ਮੰਡੀ ਵਿੱਚ ਜਾ ਕੇ ਆਪਣੀ ਪੈਦਾਵਾਰ ਆਪ ਵੇਚਦੇ ਹਨ। ਇਸੇ ਕਰਕੇ ਕਿਸਾਨਾਂ ਦੇ ਹਿੱਸੇ ਆਉਣ ਵਾਲਾ ਮੁਨਾਫਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਕਿੰਨੂ ਦੀ ਗੁਣਵੱਤਾ ਨੂੰ ਵਧਾਉਣ ਜਾਂ ਬਰਕਰਾਰ ਰੱਖਣ ਲਈ ਖੇਤ ਪੱਧਰ ਤੇ ਜਾਗਰੂਕਤਾ ਦੀ ਘਾਟ ਕਾਰਨ ਵੀ ਇਹ ਫ਼ਲ ਮੰਡੀ ਵਿੱਚ ਚੰਗਾ ਮੁੱਲ ਲੈਣ ਦੇ ਸਮਰੱਥ ਨਹੀਂ ਹੁੰਦਾ। ਜੇ ਕਿਸਾਨ ਆਪਣੇ ਖੇਤਾਂ ਵਿੱਚ ਕਿੰਨੂ ਦੀ ਗੁਣਵੱਤਾ ਵਧਾਉਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਦੱਸੇ ਨੁਕਤੇ ਅਪਨਾਉਣ ਅਤੇ ਆਪਣਾ ਫ਼ਲ ਆਪ ਘਰੇਲੂ ਜਾਂ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਵੇਚਣ ਤਾਂ ਕੋਈ ਕਾਰਨ ਨਹੀਂ ਕਿ ਉਹ ਆਪਣੇ ਮੌਜੂਦਾ ਮੁਨਾਫੇ ਨੂੰ ਦੁੱਗਣਾ ਨਹੀਂ ਕਰ ਸਕਦੇ।

ਕਿੰਨੂ ਦੇ ਮੰਡੀਕਰਨ ਦੀਆਂ ਸਮੱਸਿਆਵਾਂ

- ਮੌਜੂਦਾ ਸਮੇਂ ਵਿੱਚ ਕੋਲਡ ਸਟੋਰ ਕੇਵਲ ਆਲੂਆਂ ਲਈ ਹੀ ਹਨ। ਕਿੰਨੂ ਤੋਂ ਲਾਹੇਵੰਦ ਭਾਅ ਲੈਣ ਲਈ ਇਸ ਦੀ ਸਟੋਰ ਕਰਨ ਦੀ ਸਮੱਸਿਆ ਹੈ।
- ਕਿੰਨੂ ਤੋਂ ਲਾਹੇਵੰਦ ਪਦਾਰਥ ਬਨਾਉਣ ਲਈ ਪ੍ਰੋਸੈਸਿੰਗ ਪਲਾਂਟਾਂ ਦੀ ਘਾਟ ਹੈ। ਇਸ ਤੋਂ ਇਲਾਵਾ ਕਿੰਨੂ ਦੇ ਮੌਸਮੀ ਹੋਣ ਕਾਰਨ ਇਹ ਕਾਰਖਾਨੇ ਵਧੀਆਂ ਤਰੀਕੇ ਨਾਲ ਜ਼ਿਆਦਾ ਸਮਾਂ ਵਰਤੇ ਵੀ ਨਹੀਂ ਜਾ ਸਕਦੇ।
- ਕਿੰਨੂ ਲਈ ਉਚੇਚੇ ਤੌਰ ਤੇ ਕੋਈ ਵੱਖਰਾ ਮੰਡੀਕਰਨ ਦਾ ਢਾਂਚਾ ਨਹੀਂ ਹੈ ਜਿਸ ਕਾਰਨ ਫ਼ਲਾਂ ਦੀ ਖਰਾਬੀ ਬਹੁਤ ਹੋ ਜਾਂਦੀ ਹੈ। ਆਪਣੀ ਮੰਡੀ ਦਾ ਸਿਧਾਂਤ ਵੀ ਜ਼ਿਆਦਾ ਕਾਰਗਰ ਨਹੀਂ ਹੋ ਰਿਹਾ ਕਿਉਂਕਿ ਇੱਥੇ ਵੀ ਕਿਸਾਨਾਂ ਦੀ ਘਾਟ ਕਾਰਨ ਪ੍ਰਚੂਨ ਵਿਕਰੇਤਾ ਦਾ ਕਬਜ਼ਾ ਹੋ ਜਾਂਦਾ ਹੈ।
- ਕਿਸਾਨਾਂ ਵਿੱਚ ਸਵੈ-ਸਹਾਇਤਾ ਗਰੁੱਪ ਅਤੇ ਸਹਿਕਾਰੀ ਸੰਸਥਾਵਾਂ ਦੀ ਹਮੇਸ਼ਾ ਹੀ ਘਾਟ ਰਹੀ ਹੈ ਜਿਹੜੀ ਕਿ ਉਹਨਾਂ ਨੂੰ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਕਿੰਨੂ ਦੇ ਵਧੀਆ ਭਾਅ ਦੁਆਰਾ ਸਕਦੀ ਹੈ।
- ਕਿੰਨੂ ਦੇ ਮੰਡੀਕਰਨ ਦੌਰਾਨ ਵਿਚੋਲਿਆਂ ਦੀ ਬਹੁਤਾਤ ਨਾਲ ਕਿਸਾਨਾਂ ਨਾਲ ਧੋਖਾ ਅਤੇ ਠੱਗੀ ਦੇ ਅਸਾਰ ਕਈ ਗੁਣਾ ਵਧ ਜਾਂਦੇ ਹਨ ਜਿਹੜੇ ਕਿ ਕਿਸਾਨੀ ਮੁਨਾਫੇ ਨੂੰ ਖੋਰਾ ਲਾਉਂਦੇ ਹਨ।
- ਪੈਦਾਵਾਰ ਅਤੇ ਪੈਦਾਵਾਰ ਤੋਂ ਬਾਅਦ ਹੋਣ ਵਾਲੇ ਕੰਮਾਂ ਲਈ ਗਿਆਨ ਦੀ ਘਾਟ ਨਾਲ ਵੀ ਕਿੰਨੂ ਦੀ ਬਾਹਰੀ ਦਿੱਖ ਅਤੇ ਕੁਆਲਟੀ ਵਿੱਚ ਬਹੁਤ ਗਿਰਾਵਟ ਆ ਜਾਂਦੀ ਹੈ ਜੋ ਕਿ ਮੰਡੀ ਵਿਚ ਪੂਰਾ ਮੁੱਲ ਨਹੀਂ ਲੈਣ ਦਿੰਦੀ। ਇਸ ਤੋਂ ਇਲਾਵਾ ਸਹੀ ਡੱਬਾਬੰਦੀ ਦੀ ਘਾਟ ਨਾਲ ਮੰਡੀ ਤੱਕ ਪਹੁੰਚਦੇ-ਪਹੁੰਚਦੇ ਫ਼ਲਾਂ ਦਾ ਨੁਕਸਾਨ ਬਹੁਤ ਹੋ ਜਾਂਦਾ ਹੈ ਜੋ ਕਿ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੈ।

ਮੰਡੀ ਵਿੱਚ ਵਧੇਰੇ ਲਾਹਾ ਲੈਣ ਲਈ ਵਿਚਾਰਨਯੋਗ ਤੱਥ

ਸਮੱਸਿਆਵਾਂ ਦੇ ਹੁੰਦਿਆਂ ਵੀ ਹੇਠ ਲਿਖੇ ਤੱਥਾਂ ਨਾਲ ਕਿੰਨੂ ਤੋਂ ਮੰਡੀ ਵਿੱਚ ਵਧੇਰੇ ਲਾਹਾ ਲਿਆ ਜਾ ਸਕਦਾ ਹੈ:

- ਕਿੰਨੂ ਦੀ ਪੈਦਾਵਾਰ ਦੌਰਾਨ ਸਮੇਂ ਸਿਰ ਕਾਂਟ-ਛਾਂਟ ਕਰਕੇ, ਘੱਟ ਤੋਂ ਘੱਟ ਜ਼ਮੀਨ ਨੂੰ ਵਾਹ ਕੇ, ਹਲਕੀ ਸਿੰਚਾਈ ਜਾਂ ਜੇ ਹੋ ਸਕੇ ਤਾਂ ਤੁਪਕਾ ਪ੍ਰਣਾਲੀ ਰਾਹੀਂ ਸਿੰਚਾਈ ਕਰ ਕੇ, ਆਮ ਤਰੀਕੇ ਨਾਲ ਜਾਂ ਤੁਪਕਾ ਪ੍ਰਣਾਲੀ ਰਾਹੀਂ ਖਾਦਾਂ ਦੇ ਕੇ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਰਕੇ ਅਸੀਂ ਕਿੰਨੂ ਦੀ ਗੁਣਵੱਤਾ ਬਰਕਰਾਰ ਰੱਖ ਸਕਦੇ ਹਾਂ।
- ਕਿੰਨੂ ਦੀ ਤੁੜਾਈ ਅਤੇ ਉਸ ਤੋਂ ਬਾਅਦ ਇਸ ਦੀ ਗੁਣਵੱਤਾ ਵਿੱਚ ਵਾਧੇ ਅਤੇ ਸੰਭਾਲ ਲਈ ਨਰਮ ਤੁੜਾਈ ਕਰਨੀ ਤਾਂ ਜੋ ਫ਼ਲ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ, ਸਫਾਈ ਕਰਨੀ, ਫ਼ਲ ਨੂੰ ਧੋਣਾ, ਸੁਕਾਉਣਾ, ਮੋਮ ਚੜਾਉਣੀ, ਦਰਜਾਬੰਦੀ ਕਰਨੀ ਅਤੇ ਬਾਅਦ ਵਿੱਚ ਗੱਤੇ ਦੇ ਡੱਬਿਆਂ ਵਿੱਚ ਬੰਦ ਕਰਕੇ ਵੇਚਣਾ, ਆਦਿ ਬਹੁਤ ਜ਼ਰੂਰੀ ਕੰਮ ਹਨ ਜੋ ਕਿਸਾਨ ਦਾ ਧਿਆਨ ਮੰਗਦੇ ਹਨ।
- ਸੂਬਾ ਸਰਕਾਰ ਦੁਆਰਾ ਚਲਾਏ ਜਾ ਰਹੇ ਕਿੰਨੂ ਮੋਮ ਪਲਾਂਟ, ਕਿੰਨੂ ਗਰੇਡਰ ਆਦਿ ਅਜਿਹੇ ਅਦਾਰੇ ਹਨ ਜਿੰਨਾ ਦਾ ਫਾਇਦਾ ਕਿੰਨੂ ਦੀ ਬਜ਼ਾਰੀ ਕੀਮਤ ਵਧਾਉਣ ਲਈ ਲਿਆ ਜਾ ਸਕਦਾ ਹੈ।
- ਘਰੇਲੂ ਅਤੇ ਦੂਰ ਦੁਰਾਡੇ ਦੀਆਂ ਮੰਡੀਆਂ ਦੀ ਸਹੀ ਜਾਣਕਾਰੀ ਲੈਣ ਲਈ ਮੰਡੀਆਂ ਦਾ ਲਗਾਤਾਰ ਸਰਵੇਖਣ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਇਸ ਕੰਮ ਲਈ ਸੋਸ਼ਲ ਮੀਡੀਆ, ਵਟਸਐਪ, ਫੇਸਬੁੱਕ, ਇੰਟਰਨੈਟ ਅਤੇ ਵੈੱਬ ਸਾਈਟਸ ਦਾ ਫਾਇਦਾ ਲੈਣਾ ਚਾਹੀਦਾ ਹੈ।
- ਵੱਖ-ਵੱਖ ਅਦਾਰਿਆਂ ਜਿਵੇਂ ਕਿ ਨੈਸ਼ਨਲ ਬਾਗਬਾਨੀ ਮਿਸ਼ਨ ਆਦਿ ਵਿੱਚ ਚੱਲ ਰਹੀਆਂ ਬਾਗਬਾਨੀ ਨਾਲ ਸਬੰਧਿਤ ਸਕੀਮਾਂ ਦਾ ਲਾਹਾ ਲੈਣ ਲਈ ਸੰਬੰਧਿਤ ਮਹਿਕਮੇ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।
- ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਫ਼ਲਾਂ ਦੀ ਵਿਕਰੀ ਲਈ ਕਿਸਾਨ ਛੋਟੇ-ਛੋਟੇ ਸਵੈ-ਸਹਾਇਤਾ ਗਰੁੱਪ ਜਾਂ ਸਹਿਕਾਰੀ ਮੰਡੀਕਰਨ ਸੰਸਥਾਵਾਂ ਬਣਾ ਕੇ ਸਰਕਾਰ ਵੱਲੋਂ ਇਸ ਕੰਮ ਵਿੱਚ ਦਿੱਤੀ ਜਾਣ ਵਾਲੀ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹਨ। ਇਸ ਮੁਲਕ ਦੇ 10 ਲੱਖ ਤੋਂ ਉੱਪਰ ਦੀ ਆਬਾਦੀ ਵਾਲੇ 53 ਦੇ ਕਰੀਬ ਵੱਖ-ਵੱਖ ਸਹਿਰਾਂ ਨੂੰ ਕਿੰਨੂ ਦੇ ਮੰਡੀਕਰਨ ਲਈ ਵਰਤਿਆ ਜਾ ਸਕਦਾ ਹੈ।
- ਇਕੱਲਿਆਂ ਕੋਸ਼ਿਸ਼ ਕਰਨ ਨਾਲੋਂ ਉਪਰੋਕਤ ਸੰਸਥਾਵਾਂ ਬਣਾਕੇ ਫ਼ਲਾਂ ਦੀ ਨਿਰਯਾਤ ਵੀ ਸੁਖਾਲੀ ਕੀਤੀ ਜਾ ਸਕਦੀ ਹੈ।
- ਪੰਜਾਬ ਸਰਕਾਰ ਇਸ ਕੰਮ ਵਿੱਚ ਕੰਟਰੈਕਟ ਫਾਰਮਿੰਗ ਸ਼ੁਰੂ ਕਰਕੇ ਕਿਸਾਨਾਂ ਦੀ ਸਹਾਇਤਾ ਕਰ ਸਕਦੀ ਹੈ।
- ਕਿੰਨੂ ਉਗਾਉਣ ਵਾਲੇ ਖੇਤਰਾਂ ਵਿੱਚ ਵੱਡੀ ਪੱਧਰ ਤੇ ਕਿੰਨੂ ਪ੍ਰੋਸੈਸਿੰਗ ਪਲਾਂਟ ਲਾ ਕੇ ਸਰਕਾਰ ਨੂੰ ਕਿਸਾਨਾਂ ਦੇ ਮੁਨਾਫੇ ਵਿੱਚ ਸਥਿਰਤਾ ਲਿਆਉਣ ਦੇ ਨਾਲ-ਨਾਲ ਇਸ ਵਿੱਚ ਵਾਧਾ ਵੀ ਕਰਨਾ ਚਾਹੀਦਾ ਹੈ।
- ਕਿੰਨੂ ਵਾਲੇ ਇਲਾਕਿਆਂ ਵਿੱਚ ਕਿੰਨੂ ਗਰੇਡਰ ਅਤੇ ਕਿੰਨੂ ਮੋਮ ਪਲਾਂਟ ਲਾ ਕੇ ਸਰਕਾਰ ਨੂੰ ਇਸ ਫ਼ਲ ਦੀ ਮਿਆਦ ਵਧਾਉਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਕਿਸਾਨ ਦੂਰ ਦੁਰਾਡੇ ਦੀਆਂ ਮੰਡੀਆਂ ਦਾ ਲਾਹਾ ਵੀ ਲੈ ਸਕਣ।

• ਜੀ ਐੱਸ ਰੋਮਾਣਾ: 94630-22255

ਕਿੰਨੂ ਦੀ ਸੁਚੱਜੀ ਕਾਂਟ-ਛਾਂਟ ਦੇ ਤਰੀਕੇ

ਸ਼ੁਭਾਸ਼ ਚੰਦਰ, ਸੰਦੀਪ ਰਹੇਜਾ ਅਤੇ ਅਨਿਲ ਸਾਂਗਵਾਨ

ਖੇਤਰੀ ਖੋਜ ਕੇਂਦਰ, ਅਬੋਹਰ

ਫਸਵੀਆਂ ਟਹਿਣੀਆਂ

ਸਿੱਧੀਆਂ ਟਹਿਣੀਆਂ

ਜੜ੍ਹ-ਮੁੱਢ ਤੋਂ ਨਿਕਲਿਆ ਫੁਟਾਰਾ

ਵੱਡੇ ਕੱਟ ਨੂੰ ਬੋਰਡੋ ਪੇਸਟ ਲਗਾਉਣਾ

ਕਾਂਟ-ਛਾਂਟ ਦੀ ਲੋੜ: ਕਿੰਨੂ ਤੋਂ ਸਾਲ ਦਰ ਸਾਲ ਚੰਗਾ ਝਾੜ ਅਤੇ ਗੁਣਵੱਤਾ ਵਾਲਾ ਫ਼ਲ ਲੈਣ ਲਈ ਕਾਂਟ-ਛਾਂਟ ਬਹੁਤ ਜਰੂਰੀ ਹੈ । ਕਿੰਨੂ ਵਿੱਚ ਦੋ ਮੁੱਖ ਫੁਟਾਰੇ ਬਹਾਰ (ਫਰਵਰੀ-ਮਾਰਚ) ਅਤੇ ਬਰਸਾਤੀ (ਜੁਲਾਈ-ਅਗਸਤ) ਰੁਤ ਵਿੱਚ ਆਉਂਦੇ ਹਨ। ਮੌਸਮ ਅਨੁਕੂਲ ਰਹਿਣ ਤੇ ਫੁਟਾਰਾ ਤਿੰਨ ਤੋਂ ਚਾਰ ਵਾਰ ਵੀ ਆ ਸਕਦਾ ਹੈ। ਕਾਂਟ-ਛਾਂਟ ਨਾ ਕਰਨ ਤੇ ਬੂਟੇ ਬਹੁਤ ਸੰਘਣੇ ਹੋ ਜਾਂਦੇ ਹਨ ਜਿਸ ਕਾਰਨ ਧੁੱਪ ਅਤੇ ਹਵਾ ਅੰਦਰ ਤੱਕ ਨਹੀਂ ਪਹੁੰਚ ਪਾਉਂਦੇ। ਇਸ ਕਾਰਨ ਬੂਟੇ ਦੀ ਅੰਦਰਲੀ ਛਤਰੀ ਵਿੱਚ ਫ਼ਲ ਨਹੀਂ ਲਗਦਾ। ਝਾੜ ਬਹੁਤ ਘੱਟ ਜਾਂਦਾ ਹੈ ਅਤੇ ਇਸ ਦੀ ਗੁਣਵੱਤਾ ਵੀ ਪ੍ਰਭਾਵਿਤ ਹੁੰਦੀ ਹੈ।ਛਤਰੀ ਦੇ ਬਾਹਰਲੇ ਫ਼ਲ ਹਨੇਰੀ ਝੱਖੜ ਅਤੇ ਗਰਮੀ ਨਾਲ ਨੁਕਸਾਨੇ ਜਾਂਦੇ ਹਨ।ਇਸ ਕਾਰਨ ਕਿੰਨੂ ਵਿੱਚ ਹਰ ਸਾਲ ਕਾਂਟ-ਛਾਂਟ ਦੀ ਲੋੜ ਪੈਂਦੀ ਹੈ। ਕਾਂਟ-ਛਾਂਟ ਨਾਲ ਕੀੜੇ ਅਤੇ ਬਿਮਾਰੀਆਂ ਦੇ ਵਾਧੇ ਤੇ ਵੀ ਠੱਲ ਪੈਂਦੀ ਹੈ।

ਕਾਂਟ-ਛਾਂਟ ਦਾ ਸਹੀ ਸਮਾਂ: ਸਰਦੀ ਦਾ ਅੰਤ ਜਾਂ ਬਹਾਰ ਦੀ ਸ਼ੁਰੂਆਤ ਕਿੰਨੂ ਦੇ ਬੂਟਿਆਂ ਦੀ ਕਾਂਟ-ਛਾਂਟ ਕਰਨ ਦਾ ਸਭ ਤੋਂ ਢੁਕਵਾਂ ਸਮਾਂ ਹੈ । ਕਿੰਨੂ ਦੇ ਬੂਟਿਆਂ ਦੀ ਕਾਂਟ-ਛਾਂਟ ਤੇਜ਼ ਵਾਧੇ ਸਮੇਂ ਨਹੀਂ ਕਰਨੀ ਚਾਹੀਦੀ।

ਕਾਂਟ-ਛਾਂਟ ਦਾ ਢੰਗ ਅਤੇ ਤਰੀਕਾ: 1-2 ਸਾਲ ਦੇ ਛੋਟੇ ਬੂਟਿਆਂ ਵਿੱਚ ਜੜ੍ਹ-ਮੁੱਢ ਤੋਂ ਨਿਕਲਣ ਵਾਲੇ ਫੁਟਾਰੇ ਨੂੰ ਲਗਾਤਾਰ ਤੋੜਦੇ ਜਾਂ ਕਟੱਦੇ ਰਹੋ। 3-4 ਸਾਲ ਦੇ ਬੂਟਿਆਂ ਵਿੱਚ ਤਿਕੋਣੀਆਂ, ਸਿੱਧੀਆਂ, ਕੰਡੇਦਾਰ ਅਤੇ ਜ਼ਮੀਨ ਨੂੰ ਛੋਂਹਦੀਆਂ ਟਹਿਣੀਆਂ ਦੀ ਕਟਾਈ ਜ਼ਰੂਰ ਕਰ ਦੇਣੀ ਚਾਹੀਦੀ ਹੈ।ਕਈ ਬਾਗਬਾਨ ਕਿੰਨੂ ਦੀਆਂ ਬਹੁਤ ਜ਼ਿਆਦਾ ਟਹਿਣੀਆਂ (ਗੁੱਲੇ) ਕੱਟਦੇ ਹਨ ਪਰ ਇਸ ਦੇ ਨਾਲ ਬੂਟਿਆਂ ਦੀ ਬਨਾਈ ਹੋਈ ਸਿਹਤ ਵਿਗੜ ਜਾਂਦੀ ਹੈ ਤੇ ਬਹੁਤ ਸਾਰੇ ਗੁੱਲੇ ਬਣ ਜਾਂਦੇ ਹਨ। ਇਸ ਲਈ ਉਹੀ ਟਹਿਣੀ ਕੱਟੀ ਜਾਵੇ ਜੋ ਬੂਟੇ ਦੇ ਆਕਾਰ ਤੋਂ ਬਾਹਰ ਜਾਂਦੀ ਹੈ ਜਾਂ ਅਸਲੀ ਟਹਿਣੀਆਂ ਵਿੱਚੋਂ ਨਿਕਲ ਕੇ ਖੁਰਾਕ ਖਿੱਚਦੀ ਹੈ।ਪੰਜ ਸਾਲ ਦੇ ਬੂਟੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ ਅਤੇ ਜਿਸ ਵਿੱਚ ਹਰ ਸਾਲ ਵਾਧਾ ਹੁੰਦਾ ਰਹਿੰਦਾ ਹੈ।ਫ਼ਲ ਹਮੇਸ਼ਾ ਇੱਕ ਸਾਲਾ ਟਾਹਣੀਆਂ ਉੱਤੇ ਲਗਦਾ ਹੈ।ਇਸ ਕਾਰਨ 5-10 ਸਾਲ ਦੇ ਬੂਟਿਆਂ ਵਿੱਚੋਂ ਬਰੀਕ ਸੋਕ, ਬਿਮਾਰ ਟਹਿਣੀਆਂ ਅਤੇ ਬੇਲੋੜੀਆਂ ਟਹਿਣੀਆਂ ਹੀ ਕੱਟੋ।ਬਿਮਾਰ ਅਤੇ ਸੁੱਕੀਆਂ ਟਹਿਣੀਆਂ ਦੇ ਕੱਟਣ ਨਾਲ ਕੈਂਕਰ ਰੋਗ ਅਤੇ ਫ਼ਲ ਦੇ ਕੇਰੇ ਤੇ ਠੱਲ੍ਹ ਪੈਂਦੀ ਹੈ।10 ਸਾਲ ਦੇ ਬੂਟਿਆਂ ਵਿੱਚ ਛਤਰੀ ਦਾ ਪੂਰਾ ਵਿਕਾਸ ਹੋ ਚੁੱਕਾ ਹੁੰਦਾ ਹੈ। ਇਨ੍ਹਾਂ ਬੂਟਿਆਂ ਵਿੱਚੋਂ 10-15% ਹੋਰ ਇੱਕ ਸਾਲਾ ਟਹਿਣੀਆਂ ਵੀ ਕੱਟੋ । ਇਸ ਦੇ ਨਾਲ ਬੂਟੇ ਦੀ ਛਤਰੀ ਅੰਦਰ ਹਵਾ, ਧੁੱਪ ਜਾਣ ਦਾ ਪ੍ਰਬੰਧ ਰਹਿੰਦਾ ਹੈ ਅਤੇ ਬੂਟੇ ਦੀ ਛਤਰੀ ਦੇ ਅੰਦਰ ਵਾਲੀਆਂ ਟਾਹਣੀਆਂ ਤੇ ਵੀ ਫ਼ਲ ਆਉਂਦਾ ਹੈ।20-25 ਸਾਲ ਦੇ ਵੱਡੇ ਅਤੇ ਸੰਘਣੇ ਬਾਗਾਂ ਵਿੱਚ ਕੁਦਰਤੀ ਕਾਂਟ-ਛਾਂਟ ਤੋਂ ਇਲਾਵਾ ਧੁੱਪ ਵਾਲੇ ਪਾਸੇ ਤੋਂ 1-2 ਵੱਡੀਆਂ ਟਹਿਣੀਆਂ ਕੱਟ ਕੇ ਰੋਸ਼ਨਦਾਨ ਬਣਾਏ ਜਾ ਸਕਦੇ ਹਨ। ਵਧੇਰੇ ਸੰਘਣਤਾ ਵਾਲੇ (20'×10') ਬਾਗਾਂ ਵਿੱਚ ਕਟਾਈ ਦਾ ਪੱਧਰ ਜ਼ਿਆਦਾ ਰੱਖੋ।ਇਹਨਾਂ ਬਾਗਾਂ ਵਿੱਚ ਬੂਟੇ 10 ਸਾਲ ਤੋਂ ਬਾਅਦ ਆਪਸ ਵਿੱਚ ਮਿਲ ਜਾਂਦੇ ਹਨ ਜਿਸ ਕਾਰਨ ਕੀੜੇ ਅਤੇ ਬਿਮਾਰੀਆਂ ਦਾ ਵੀ ਵਾਧਾ ਹੁੰਦਾ ਹੈ।ਅਜਿਹੇ ਬਾਗਾਂ ਵਿੱਚੋਂ ਕੁਦਰਤੀ ਕਾਂਟ-ਛਾਂਟ ਤੋਂ ਇਲਾਵਾ ਬੂਟੇ ਦੀਆਂ ਫਸਵੀਂਆਂ ਟਹਿਣੀਆਂ ਦੀ ਛੰਗਾਈ 1-1.5 ਫੁੱਟ ਲੰਬਾਈ ਤੱਕ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਬੂਟੇ ਦੇ ਅੰਦਰ ਹਵਾ ਅਤੇ ਧੁੱਪ ਪਹੁੰਚ ਜਾਂਦੀ ਹੈ ਅਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਘਟਦਾ ਹੈ। ਪਰ ਇਸ ਵਿਧੀ ਦੇ ਨਾਲ ਕਟਾਈ ਤੋਂ ਅਗਲੇ ਸਾਲ ਕੱਟ ਵਾਲੇ ਹਰ ਸਿਰੇ ਤੋਂ ਬਹੁਤ ਜ਼ਿਆਦਾ ਟਹਿਣੀਆਂ ਨਿਕਲਦੀਆਂ ਹਨ ਜਿਹਨਾਂ ਵਿੱਚੋਂ, ਸਹੀ ਟਹਿਣੀ ਨੂੰ ਛੱਡ ਕੇ ਬਾਕੀ ਮੁੱਢੋਂ ਹੀ ਕੱਟ ਦੇਣੀਆਂ ਚਾਹੀਦੀਆਂ ਹਨ।ਕਈ ਵਾਰ ਇੱਕ ਸਾਲ ਵਿੱਚ ਬਹੁਤ ਜ਼ਿਆਦਾ ਫ਼ਲ ਲਗਦਾ ਹੈ ਜਿਸ ਕਾਰਨ ਅਗਲੇ ਸਾਲ ਘੱਟ ਝਾੜ ਰਹਿੰਦਾ ਹੈ। ਇਸ ਚੱਕਰ ਨੂੰ ਤੋੜਨ ਲਈ ਘੱਟ ਝਾੜ ਵਾਲੇ ਸਾਲ ਵਿੱਚ ਕਟਾਈ ਜ਼ਿਆਦਾ ਕੀਤੀ ਜਾਵੇ ਤਾਂ ਕੀ ਅਗਲੇ ਸਾਲ ਫ਼ਲ ਬਹੁਤ ਜ਼ਿਆਦਾ ਦੀ ਬਜਾਏ ਸੰਤੁਲਿਤ ਮਾਤਰਾ ਵਿੱਚ ਆਏ।

ਕਟਾਈ ਦੇ ਢੰਗ ਦੇ ਨਾਲ-ਨਾਲ, ਇਸ ਲਈ ਵਰਤੇ ਜਾਣ ਵਾਲੇ ਔਜ਼ਾਰਾਂ ਦੀ ਚੋਣ ਵੀ ਬਹੁਤ ਜ਼ਰੂਰੀ ਹੈ। ਇੱਕ ਇੰਚ ਤੱਕ ਦੀਆਂ ਮੋਟੀਆਂ ਟਹਿਣੀਆਂ ਛੋਟੀ ਕੈਂਚੀ ਰਾਹੀਂ, 1-2 ਇੰਚ ਮੋਟਾਈ ਦੀਆਂ ਟਹਿਣੀਆਂ ਹੈਂਡਲ ਵਾਲੀ ਵੱਡੀ ਕੈਂਚੀ ਰਾਹੀਂ ਅਤੇ ਇਸ ਤੋਂ ਵੱਧ ਮੋਟਾਈ ਦੀਆਂ ਟਹਿਣੀਆਂ ਆਰੀ ਰਾਹੀਂ ਕੱਟੀਆਂ ਜਾ ਸਕਦੀਆਂ ਹਨ।ਸੰਘਣੇ ਅਤੇ ਵੱਡੇ ਬਾਗਾਂ ਵਿੱਚ ਕਟਾਈ ਕਾਂਟ-ਛਾਂਟ ਮਸ਼ੀਨ ਰਾਹੀਂ ਵੀ ਕੀਤੀ ਜਾ ਸਕਦੀ ਹੈ।

ਸ਼ੁਭਾਸ਼ ਚੰਦਰ : 94683-659434

ਵਾਧੂ ਅਤੇ ਵਰਤੇ ਹੋਏ ਫੁੱਲਾਂ ਤੋਂ ਗੁਲਾਲ ਬਣਾਓ

ਸ਼ਾਲਿਨੀ ਝਾਂਜੀ ਅਤੇ ਕਿਰਨਜੀਤ ਕੌਰ ਢੱਟ

ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ

ਹਰ ਰੋਜ਼, ਵੱਡੀ ਗਿਣਤੀ ਵਿਚ ਫੁੱਲ ਬਰਬਾਦ ਹੁੰਦੇ ਹਨ ਅਤੇ ਸਰਵਖਣਾਂ ਦੀਆਂ ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ ਕੁੱਲ ਫੁੱਲ ਉਤਪਾਦਨ ਵਿੱਚੋਂ ਲਗਭਗ 40% ਫੁੱਲ ਅਣਵਿਕੇ ਰਹਿੰਦੇ ਹਨ। ਇਸ ਲਈ, ਫੁੱਲਾਂ ਦੇ ਰਹਿੰਦ-ਖੂੰਹਦ ਨੂੰ ਹੋਲੀ ਦੇ ਰੰਗ, ਗੁਲਾਬ ਜਲ ਐਸੈਂਸ, ਕੁਦਰਤੀ ਰੰਗ, ਧੂਪ ਸਟਿਕਸ, ਹੱਥ ਨਾਲ ਬਣੇ ਕਾਗਜ਼ ਆਦਿ ਵਰਗੇ ਮੁੱਲ-ਵਰਧਿਤ ਉਤਪਾਦਾਂ ਵਿੱਚ ਸਹੀ ਅਤੇ ਵਾਤਾਵਰਣ-ਅਨੁਕੂਲ ਪ੍ਰੋਸੈਸਿੰਗ ਦੀ ਜ਼ਰੂਰਤ ਹੈ ਜੋ ਆਰਥਿਕ ਲਾਭਾਂ ਵਿੱਚ ਵਾਧਾ ਕਰ ਸਕਦੇ ਹਨ। ਫੁੱਲਾਂ ਦਾ ਗੁਲਾਲ ਇੱਕ ਮੁੱਲ-ਵਰਧਿਤ ਉਤਪਾਦ ਹੈ ਜੋ ਤਾਜ਼ੇ ਅਤੇ ਵਰਤੇ ਹੋਏ ਫੁੱਲਾਂ ਦੋਵਾਂ ਤੋਂ ਤਿਆਰ ਕੀਤਾ ਜਾ ਸਕਦਾ ਹੈ। ਇਹ ਲਾਗਤ-ਪ੍ਰਭਾਵਸ਼ਾਲੀ ਅਤੇ ਵਾਤਾਵਰਣ-ਅਨੁਕੂਲ ਹੈ ਕਿਉਂਕਿ ਕੋਈ ਇਸ ਨੂੰ ਬਣਾਉਣ ਲਈ ਰਸਾਇਣ ਨਹੀਂ ਵਰਤਿਆ ਜਾਂਦਾ। ਇਹ ਰੰਗ ਕੱਪੜਿਆਂ ਤੇ ਲੱਗਣ ਤੇ ਸਧਾਰਣ ਧੋਣ ਤੋਂ ਬਾਅਦ, ਗਾਇਬ ਹੋ ਜਾਂਦੇ ਹਨ।

ਫੁੱਲਾਂ ਦੀਆਂ ਕਿਸਮਾਂ

ਫੁੱਲਾਂ ਦਾ ਗੁਲਾਲ ਤਿਆਰ ਕਰਨ ਲਈ ਵੱਖ-ਵੱਖ ਫੁੱਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੇਂਦਾ, ਗੁਲਾਬ, ਗੋਮਫ੍ਰੇਨਾ, ਸੇਲੋਸੀਆ, ਟੇਕੋਮਾ, ਹਿਬਿਸਕਸ, ਢੱਕ ਆਦਿ। ਫੁੱਲਾਂ ਦੀ ਕਿਸਮ ਦੇ ਅਧਾਰ ਤੇ ਵੱਖ-ਵੱਖ ਰੰਗਾਂ ਦਾ ਗੁਲਾਲ ਤਿਆਰ ਕੀਤਾ ਜਾ ਸਕਦਾ ਹੈ। ਗੇਂਦਾ ਸੰਤਰੀ ਤੋਂ ਪੀਲਾ ਰੰਗ, ਗੁਲਾਬ ਨੇ ਗੁਲਾਬੀ ਤੋਂ ਜਾਮਨੀ ਰੰਗ, ਗੋਮਫ੍ਰੇਨਾ ਮੌਵ ਰੰਗ, ਸੇਲੋਸੀਆ ਮੈਜੈਂਟਾ, ਟੇਕੋਮਾ ਪੀਲਾ, ਹਿਬਿਸਕਸ ਗੁਲਾਬੀ ਤੋਂ ਲਾਲ ਅਤੇ ਢੱਕ ਨੇ ਸੰਤਰੀ ਰੰਗ ਦਾ ਗੁਲਾਲ ਬਣਾਇਆ। ਇਹ ਫੁੱਲ ਸਾਲ ਦੇ ਵੱਖ-ਵੱਖ ਮੌਸਮਾਂ ਵਿੱਚ ਉਪਲਬਧ ਹੁੰਦੇ ਹਨ ਇਸ ਲਈ ਅਸੀਂ ਫੁੱਲਾਂ ਦੀ ਮੰਗ ਅਤੇ ਉਪਲਬਧਤਾ ਦੇ ਅਧਾਰ ਤੇ ਸਾਲ ਭਰ ਫੁੱਲਾਂ ਦਾ ਗੁਲਾਲ ਤਿਆਰ ਕਰ ਸਕਦੇ ਹਾਂ। ਪੰਜਾਬ ਵਿੱਚ ਗੇਂਦਾ ਅਤੇ ਦੇਸੀ ਗੁਲਾਬ (ਗੁਲਾਬ) ਦੋ ਵਪਾਰਕ ਤੌਰ 'ਤੇ ਕਾਸ਼ਤ ਕੀਤੀਆਂ ਜਾਂਦੀਆਂ ਫ਼ਸਲਾਂ ਹਨ। ਫੁੱਲਾਂ ਦੇ ਸਿਖਰ ਦੇ ਮੌਸਮ ਦੌਰਾਨ ਫੁੱਲਾਂ ਨੂੰ ਬਹੁਤ ਘੱਟ ਕੀਮਤਾਂ 'ਤੇ ਵੇਚਣਾ ਪੈਂਦਾ ਹੈ। ਫੁੱਲਾਂ ਦੇ ਸਿਖਰ ਦੇ ਮੌਸਮ ਦੌਰਾਨ ਵਾਧੂ ਉਪਜ ਤੋਂ ਫੁੱਲ ਦਾ ਗੁਲਾਲ ਦਾ ਉਤਪਾਦਨ ਕਿਸਾਨਾਂ ਨੂੰ ਬਹੁਤ ਘੱਟ ਨਿਵੇਸ਼ ਨਾਲ ਆਪਣੀ ਉਪਜ ਦੇ ਲਾਭਦਾਇਕ ਮੁੱਲ ਕਮਾਉਣ ਦੇ ਯੋਗ ਬਣਾ ਸਕਦਾ ਹੈ।

ਕਾਰਜਵਿਧੀ ਗੁਲਾਲ ਬਣਾਉਣ ਦੀ ਵਿਧੀ

ਮੈਰੀਗੋਲਡ, ਗੁਲਾਬ ਅਤੇ ਹੋਰ ਸਜਾਵਟੀ ਪੌਦਿਆਂ ਦੇ ਪੂਰੀ ਤਰ੍ਹਾਂ ਖੁੱਲੇ ਫੁੱਲ ਇਕੱਠੇ ਕਰਨੇ ਹਨ। ਪੱਤੀਆਂ ਨੂੰ ਵੱਖ ਕਰਕੇ, ਗੁਲਾਲ ਬਣਾਉਣ ਲਈ ਕੱਟਣਾ ਜਾਂ ਛੋਟੇ ਟੁਕੜਿਆਂ ਵਿੱਚ ਕੁਚਲਣਾ ਹੈ। 1 ਕਿਲੋਗ੍ਰਾਮ ਕੁਚਲੀਆਂ ਪੱਤੀਆਂ ਨੂੰ ਲਗਭਘ 1.0-1.2 ਲੀਟਰ ਗਰਮ ਪਾਣੀ (50°ਛ ਤੋਂ 70°ਛ) ਵਿੱਚ 2 ਗ੍ਰਾਮ ਸਿਟਰਿਕ ਐਸਿਡ ਦੇ ਨਾਲ ਡੁਬੋਣਾ ਵੱਧ ਤੋਂ ਵੱਧ ਹੈ। ਰੰਗ ਕੱਢਣ ਲਈ ਮਿਸ਼ਰਣ ਨੂੰ 1 ਘੰਟੇ ਲਈ ਰੱਖਣਾ ਹੈ ਅਤੇ ਫਿਰ ਨਿਚੋੜ ਕੇ ਲਗਭਗ 800-900 ਮਿਲੀਲੀਟਰ ਅਨੁਕੂਲ ਰੰਗ ਦੀ ਤੀਬਰਤਾ ਦਾ ਕਾੜਹਾ ਬਣ ਜਾਂਦਾ ਹੈ। ਇਸ ਤਰ੍ਹਾਂ ਤਿਆਰ ਕੀਤੇ ਕਾੜ੍ਹੇ ਨੂੰ ਛਾਣਿਆਂ ਜਾਂਦਾ ਹੈ। ਫੁੱਲਾਂ ਦੇ ਕਾੜ੍ਹੇ (700 ਮਿ.ਲੀ.) ਨੂੰ 500 ਗ੍ਰਾਮ ਐਰੋ ਰੂਟ ਵਿੱਚ ਮਿਲਾਇਆ ਜਾਂਦਾ ਹੈ ਤਾਂ ਜੋ ਬਾਰੀਕ ਅਤੇ ਨਿਰਵਿਘਨ ਇਕਸਾਰਤਾ ਦਾ ਗੁਲਾਲ ਬਣਾਇਆ ਜਾ ਸਕੇ। ਫਿਰ ਮਿਸ਼ਰਣ ਨੂੰ ਛਾਂ ਵਿੱਚ ਸਕਾਇਆ ਜਾਂਦਾ ਹੈ, ਬਾਰੀਕ ਪੀਸਿਆ ਜਾਂਦਾ ਹੈ ਅਤੇ ਛਾਣਿਆ ਜਾਂਦਾ ਹੈ। ਗੁਲਾਲ ਨੂੰ ਉਦੋਂ ਤੱਕ ਸੁਕਾਇਆ ਜਾਂਦਾ ਹੈ ਜਦੋਂ ਤੱਕ ਪਾਊਡਰ ਉਂਗਲਾਂ ਨਾਲ ਨਾ ਚਿਪਕੇ। ਇਸ ਤਰ੍ਹਾਂ ਸੁੱਕੇ ਤੋਂ ਫੁੱਲਾਂ ਦਾ ਗੁਲਾਲ ਤਿਆਰ ਹੁੰਦਾ ਹੈ ਜਿਸਨੂੰ ਸਹੀ ਢੰਗ ਨਾਲ ਪੈਕ ਅਤੇ ਸਟੋਰ ਕਰਕੇ ਇੱਕ ਸਾਲ ਲਈ ਰੱਖਿਆ ਜਾ ਸਕਦਾ ਹੈ।

ਸਾਵਧਾਨੀਆਂ

- ਰੰਗੀਨ ਪੱਤੀਆਂ ਨੂੰ ਹਰੇ ਰੰਗ ਦੀਆਂ ਪੱਤੀਆਂ ਤੋਂ ਸਹੀ ਢੰਗ ਨਾਲ ਵੱਖ ਕਰਨਾ ਚਾਹੀਦਾ ਹੈ।
- ਪਾਣੀ ਹਲਕਾ ਗਰਮ ਹੋਣਾ ਚਾਹੀਦਾ ਹੈ।
- ਤੀਬਰ ਰੰਗ ਦੇ ਕਾੜ੍ਹੇ ਲਈ ਪੱਤੀਆਂ ਨੂੰ ਪੂਰੀ ਤਰ੍ਹਾਂ ਨਿਚੋੜਨਾ ਚਾਹੀਦਾ ਹੈ।
- ਰੰਗ ਨੂੰ ਧੁੱਪ ਵਿੱਚ ਨਹੀਂ ਸੁਕਾਉਣਾ ਚਾਹੀਦਾ।
- ਗੁਲਾਲ ਨੂੰ ਸਹੀ ਤਰ੍ਹਾਂ ਸੁਕਾਉਣਾ ਚਾਹੀਦਾ ਹੈ ਕਿਉਂਕਿ ਜ਼ਿਆਦਾ ਨਮੀ ਨਾਲ ਫੰਗਲ ਵਿਕਾਸ ਹੋ ਸਕਦਾ ਹੈ।

ਲਾਭ

ਖੁੱਲ੍ਹੇ ਫੁੱਲਾਂ, ਖਾਸ ਕਰਕੇ ਗੇਂਦੇ ਅਤੇ ਗੁਲਾਬ ਦੀ ਕੀਮਤ, ਸੀਜ਼ਨ ਦੇ ਆਧਾਰ 'ਤੇ 30 ਤੋਂ 150 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਹੁੰਦੀ ਹੈ ਪਰ ਫੁੱਲਦਾਰ ਗੁਲਾਲ ਦੀ ਕੀਮਤ 700-1500/- ਕਿਲੋਗ੍ਰਾਮ ਤੱਕ ਹੁੰਦੀ ਹੈ। 1 ਕਿਲੋਗ੍ਰਾਮ ਗੁਲਾਲ (ਐਰੋ ਰੂਟ (20-30 ਰੁਪਏ/ਕਿਲੋਗ੍ਰਾਮ), ਸਿਟਰਕ ਐਸਿਡ (0.15 ਰੁਪਏ/ਕਿਲੋਗ੍ਰਾਮ) ਦੇ ਉਤਪਾਦਨ ਵਿੱਚ ਇਨਪੁਟ ਦੀ ਲਾਗਤ ਆਉਟਪੁੱਟ ਦੇ ਮੁਕਾਬਲੇ ਬਹੁਤ ਘੱਟ ਹੈ।

- ਇਹ ਨਵੀਨਤਾ ਕਿਸਾਨਾਂ ਅਤੇ ਫੁੱਲਾਂ ਦੇ ਮਾਲਕਾਂ ਲਈ ਵਾਅਦਾ ਕਰਨ ਵਾਲੀ ਹੈ, ਜੋ ਉਹਨਾਂ ਨੂੰ ਵਾਧੂ ਜਾਂ ਰਹਿੰਦ-ਖੂੰਹਦ ਫੁੱਲਾਂ ਨੂੰ ਇੱਕ ਮੁੱਲ-ਵਰਧਿਤ ਉਤਪਾਦ (ਫੁੱਲਾਂ ਦਾ ਗੁਲਾਲ) ਵਿੱਚ ਬਦਲਣ ਦਾ ਰਸਤਾ ਪ੍ਰਦਾਨ ਕਰਦੀ ਹੈ।
- ਇਹ ਉੱਦਮੀਆਂ ਅਤੇ ਬੇਰੁਜ਼ਗਾਰ ਵਿਅਕਤੀਆਂ ਲਈ ਸੀਮਤ ਸਰੋਤਾਂ ਤੋਂ ਆਮਦਨ ਪੈਦਾ ਕਰਨ ਦਾ ਤਰੀਕਾ ਹੈ, ਜਿਸ ਨਾਲ ਆਰਥਿਕ ਸਸ਼ਕਤੀਕਰਨ ਨੂੰ ਹੁਲਾਰਾ ਮਿਲ ਸਕਦਾ ਹੈ।

ਫੁੱਲਾਂ ਦੇ ਗੁਲਾਲ ਦੀ ਤਿਆਰੀ

ਫੁੱਲਾਂ ਦੀਆਂ ਕੁਚਲੀਆਂ ਪੱਤੀਆਂ (1 ਕਿਲੋਗ੍ਰਾਮ)

↓

1-1.5 ਲੀਟਰ ਗਰਮ ਪਾਣੀ + 2 ਗ੍ਰਾਮ ਸਿਟਰਿਕ ਐਸਿਡ ਵਿੱਚ 1 ਘੰਟੇ ਲਈ ਡੁਬੋਓ

↓

ਫੁੱਲਾਂ ਦਾ ਕਾੜ੍ਹਾ (60.0-700 ਮਿ. ਲੀ.)

↓

500 ਗ੍ਰਾਮ ਪਾਓ ਅਤੇ 3-4 ਦਿਨਾਂ ਲਈ ਛਾਂ ਵਿੱਚ ਸੁਕਾਓ

↓

ਫੁੱਲਾਂ ਦਾ ਗੁਲਾਲ (ਗੱਠ ਰਹਿਤ ਅਤੇ ਵਧੀਆ ਬਣਤਰ ਵਾਲਾ

ਸ਼ਾਲਿਨੀ ਝਾਂਜੀ: 98729-72526

ਫ਼ਲਦਾਰ ਬੂਟਿਆਂ ਦੇ ਬਿਮਾਰੀਆਂ ਤੋਂ ਬਚਾਅ ਲਈ ਬੋਰਡੋ ਮਿਸ਼ਰਣ

ਅਨੀਤਾ ਅਰੋੜਾ ਅਤੇ ਅਮਰਿੰਦਰ ਕੌਰ

ਫਲ ਵਿਗਿਆਨ ਵਿਭਾਗ

ਬੋਰਡੋ ਮਿਸ਼ਰਣ ਬੈਕਟੀਰੀਆ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਨੂੰ ਵੀ ਰੋਕਦਾ ਹੈ।ਇਹ ਦੂਜੇ ਉੱਲੀ-ਨਾਸ਼ਕ ਦੇ ਮੁਕਾਬਲੇ ਬਹੁਤ ਸਸਤਾ ਪੈਂਦਾ ਹੈ। ਬਾਗਬਾਨ ਵੀਰ ਇਸ ਨੂੰ ਬੜੀ ਅਸਾਨੀ ਨਾਲ ਆਪਣੇ ਬਾਗਾਂ ਵਿੱਚ ਬਣਾ ਸਕਦੇ ਹਨ।

ਬੋਰਡੋ ਮਿਸ਼ਰਣ ਦਾ ਛਿੜਕਾਅ ਦਾ ਸਮਾਂ : ਕਾਂਟ-ਛਾਂਟ ਤੋਂ ਤੁਰੰਤ ਬੀਮਾਰ ਅਤੇ ਸੁਕੀਆਂ ਟਾਹਣੀਆਂ ਨੂੰ ਇਕੱਠੇ ਕਰਕੇ ਸਾੜ ਦਿਉ ਅਤੇ ਜ਼ਖਮਾਂ ਜਾਂ ਟੱਕਾਂ ਉੱਤੇ ਘੱਟੋ-ਘੱਟ ਬੋਰਡੋ ਮਿਸ਼ਰਣ ਦਾ ਇੱਕ ਛਿੜਕਾਅ ਕਰੋ ਤਾਂ ਜੋ ਬਿਮਾਰੀ ਦੀ ਲਾਗ ਅੱਗੇ ਨਾ ਫੈਲ ਸਕੇ।

ਬੋਰਡੋ ਮਿਸ਼ਰਣ (2:2:250) ਦਾ ਘੋਲ : ਬੋਰਡੋ ਮਿਸ਼ਰਣ 2:2:250 ਤਿਆਰ ਕਰਨ ਲਈ 2 ਕਿਲੋ ਕਾਪਰ ਸਲਫ਼ੇਟ ਨੂੰ 125 ਲਿਟਰ ਪਾਣੀ ਵਿੱਚ ਘੋਲੋ। ਕਾਪਰ ਸਲਫ਼ੇਟ ਠੰਢੇ ਪਾਣੀ ਵਿੱਚ ਬਹੁਤ ਹੌਲੀ ਘੁਲਦਾ ਹੈ, ਇਸ ਲਈ ਸਰਦੀ ਦੇ ਮੌਸਮ ਦੌਰਾਨ ਇਸਨੂੰ ਗਰਮ ਪਾਣੀ ਵਿੱਚ ਘੋਲੋ। ਇੱਕ ਹੋਰ ਭਾਂਡੇ ਵਿੱਚ 2 ਕਿਲੋ ਅਣਬੁਝਿਆ ਚੂਨਾ ਲਓ। ਇਸਨੂੰ ਹੌਲੀ-ਹੌਲੀ ਪਾਣੀ ਦੇ ਛਿੱਟੇ ਮਾਰ ਕੇ ਠੰਢਾ ਕਰੋ ਤਾਂ ਜੋ ਇਸਦਾ ਪਾਊਡਰ ਬਣ ਜਾਵੇ। ਫਿਰ ਇਸ ਵਿੱਚ ਪਾਣੀ ਮਿਲਾਓ। ਪਾਣੀ ਦੀ ਮਾਤਰਾ 125 ਲਿਟਰ ਕਰ ਦਿਓ। ਵੱਖ-ਵੱਖ ਤਿਆਰ ਕੀਤੇ ਦੋਵੇਂ ਘੋਲ ਮਿਲਾ ਦਿਓ।

ਬੋਰਡੋ ਮਿਸ਼ਰਣ ਦੀ ਪਰਖ

1. ਬੋਰਡੋ ਮਿਸ਼ਰਣ ਦੀ ਪਰਖ ਲਈ ਇਸਦੇ ਘੋਲ ਵਿੱਚ ਲੋਹੇ ਦੀ ਵਸਤੂ ਜਿਵੇਂ ਕਿ ਚਾਕੂ, ਕਿੱਲ ਜਾਂ ਬਲੇਡ ਆਦਿ ਨੂੰ ਡੋਬੋ। ਜੇਕਰ ਮਿਸ਼ਰਣ ਵਿੱਚ ਕਾਪਰ ਸਲਫ਼ੇਟ ਦੀ ਮਾਤਰਾ ਜ਼ਿਆਦਾ ਹੋਵੇਗੀ ਤਾਂ ਇਹਨਾਂ ਉੱਪਰ ਤਾਂਬੇ ਦੀ ਤਹਿ ਜੰਮ ਜਾਵੇਗੀ।
2. ਬੋਰਡੋ ਮਿਸ਼ਰਣ ਵਿੱਚ ਚੂਨੇ ਦੇ ਕਾਰਨ ਆਮ ਕਰਕੇ ਖਾਰਾਪਨ ਹੁੰਦਾ ਹੈ ਜਿਹੜਾ ਲਾਲ ਲਿਟਮਸ ਨੂੰ ਨੀਲਾ ਕਰ ਦਿੰਦਾ ਹੈ। ਜੇਕਰ ਮਿਸ਼ਰਣ ਵਿੱਚ ਕਾਪਰ ਸਲਫ਼ੇਟ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਪੱਤਿਆਂ ਦਾ ਨੁਕਸਾਨ ਹੁੰਦਾ ਹੈ। ਅਜਿਹਾ ਘੋਲ ਲਿਟਮਸ ਨੂੰ ਲਾਲ ਕਰ ਦਿੰਦਾ ਹੈ। ਬੋਰਡੋ ਮਿਸ਼ਰਣ ਦੀ ਵਰਤੋਂ ਮੀਂਹ ਪੈਣ ਸਮੇਂ, ਜ਼ਿਆਦਾ ਗਰਮੀ ਸਮੇਂ ਅਤੇ ਜਦੋਂ ਬੂਟੇ ਸੋਕਾ ਮੰਨ ਰਹੇ ਹੋਣ, ਬਿਲਕੁਲ ਨਹੀਂ ਕਰਨੀ ਚਾਹੀਦੀ।
3. ਬੋਰਡੋ ਮਿਸ਼ਰਣ ਦੀ ਸਹੀ ਪਰਖ ਲਈ ਪੋਟਾਸ਼ੀਅਮ ਫੈਰੋਸਾਇਆਨਾਈਡ ਵਿੱਚ ਕੁਝ ਬੂੰਦਾਂ ਬੋਰਡੋ ਮਿਸ਼ਰਣ ਦੀਆਂ ਪਾ ਦਿਉ। ਜੇਕਰ ਪੋਟਾਸ਼ੀਅਮ ਫੈਰੋਸਾਇਆਨਾਈਡ ਦਾ ਰੰਗ ਨਹੀਂ ਬਦਲਦਾ ਤਾਂ ਸਮਝੋ ਬੋਰਡੋ ਮਿਸ਼ਰਣ ਛਿੜਕਾਅ ਕਰਨ ਲਈ ਸੁਰੱਖਿਅਤ ਹੈ।

ਬੋਰਡੋ ਮਿਸ਼ਰਣ ਬਣਾਉਣ ਅਤੇ ਛਿੜਕਾਅ ਵੇਲੇ ਧਿਆਨ ਦੇਣ ਯੋਗ ਗੱਲਾਂ: ਬੋਰਡੋ ਮਿਸ਼ਰਣ ਬਣਾਉਣ ਲਈ ਕਦੇ ਵੀ ਲੋਹੇ ਦੇ ਭਾਂਡੇ ਨਾ ਵਰਤੋ। ਮੀਂਹ ਵਾਲੇ ਮੌਸਮ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ ਨਾ ਕਰੋ। ਕਦੇ ਵੀ ਜ਼ਿਆਦਾ ਗਰਮੀ ਵਾਲੇ ਦਿਨਾਂ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ ਨਾ ਕਰੋ। ਬੋਰਡੋ ਮਿਸ਼ਰਣ ਕਦੇ ਵੀ ਕਿਸੇ ਹੋਰ ਰਸਾਇਣਾਂ ਨਾਲ ਮਿਲਾ ਕੇ ਨਾ ਛਿੜਕੋ। ਹਮੇਸ਼ਾ ਬੋਰਡੋ ਮਿਸ਼ਰਣ ਨੂੰ ਪੰਪ ਵਿੱਚ ਪਾਉਣ ਤੋਂ ਪਹਿਲਾਂ ਪੁਣ ਲਵੋ ਤਾਂ ਜੋ ਨੋਜ਼ਲ ਵਿੱਚ ਨਾ ਫਸੇ।

ਬੋਰਡੋ ਪੇਸਟ: ਬੋਰਡੋ ਪੇਸਟ ਬੂਟੇ ਤੇ ਹੋਏ ਜ਼ਖਮਾਂ ਤੇ ਇੱਕ ਮੱਲਮ ਵਾਂਗ ਹੈ। ਇਸ ਨੂੰ ਬਣਾਉਣ ਲਈ 2 ਕਿਲੋ ਕਾਪਰ ਸਲਫ਼ੇਟ ਨੂੰ 15 ਲਿਟਰ ਪਾਣੀ ਵਿੱਚ ਘੋਲੋ। ਇੱਕ ਹੋਰ ਭਾਂਡੇ ਵਿੱਚ 15 ਲਿਟਰ ਪਾਣੀ ਲਓ। ਇਸ ਪਾਣੀ ਵਿੱਚੋਂ ਥੋੜ੍ਹਾ ਪਾਣੀ ਲੈ ਕੇ ਇਸ ਵਿੱਚ 3 ਕਿਲੋ ਚੂਨਾ ਮਿਲਾਓ ਅਤੇ ਫਿਰ ਇਸ ਚੂਨੇ ਦੇ ਘੋਲ ਨੂੰ ਭਾਂਡੇ ਵਿਚਲੇ ਪਾਣੀ ਵਿੱਚ ਪਾ ਦਿਓ। ਫਿਰ ਕਾਪਰ ਸਲਫ਼ੇਟ ਅਤੇ ਚੂਨੇ ਵਾਲੇ ਵੱਖ-ਵੱਖ ਤਿਆਰ ਕੀਤੇ ਘੋਲ ਨੂੰ ਆਪਸ ਵਿੱਚ ਚੰਗੀ ਤਰ੍ਹਾਂ ਮਿਲਾ ਕੇ ਹਿਲਾਓ। ਇਸ ਪੇਸਟ ਨੂੰ ਬੂਟੇ ਦੇ ਕੱਟੇ ਹੋਏ ਥਾਵਾਂ ਜਾਂ ਜ਼ਖ਼ਮਾਂ ਤੇ ਬੁਰਸ਼ ਨਾਲ ਲਗਾ ਦਿਓ।

ਬੋਰਡੋ ਪੇਂਟ: ਇਸ ਨੂੰ ਬਣਾਉਣ ਲਈ ਮੋਨੋਹਾਈਡਰੇਟਿਡ ਕਾਪਰ ਸਲਫ਼ੇਟ (ਨੀਲਾ ਥੋਥਾ)-1 ਕਿਲੋ, ਹਾਈਡਰੇਟਿਡ ਲਾਈਮ ਡਸਟ (ਚੂਨਾ)-2 ਕਿਲੋ ਅਤੇ ਉਬਲਿਆ ਅਲਸੀ ਦਾ ਤੇਲ-3 ਕਿਲੋ ਚਾਹੀਦਾ ਹੈ। ਕਾਪਰ ਸਲਫ਼ੇਟ (ਨੀਲਾ ਥੋਥਾ) ਨੂੰ ਲੋਹੇ ਦੀ ਤਵੀ ਤੇ ਰੱਖ ਕੇ ਉਸ ਸਮੇਂ ਤੱਕ ਗਰਮ ਕਰੋ ਜਦੋਂ ਤੱਕ ਇਸਦਾ ਪਾਊਡਰ ਨਾ ਬਣ ਜਾਵੇ।ਕਾਪਰ ਸਲਫ਼ੇਟ ਦਾ ਧੂੜਾ ਅਤੇ ਚੂਨੇ ਦਾ ਧੂੜਾ ਰਲਾ ਕੇ ਇਸ ਵਿੱਚ ਅਲਸੀ ਦਾ ਤੇਲ ਪਾ ਦਿਓ। ਇਹਨਾਂ ਤਿੰਨਾ ਚੀਜ਼ਾਂ ਨੂੰ ਚੰਗੀ ਤਰ੍ਹਾਂ ਰਲਾ ਕੇ ਇੱਕ ਜਾਨ ਕਰ ਲਵੋ। ਹੁਣ ਇਸ ਬੋਰਡੋ ਪੇਂਟ ਦੀ ਬੁਰਸ਼ ਨਾਲ ਜ਼ਖ਼ਮਾਂ ਉੱਤੇ ਵਰਤੋਂ ਕੀਤੀ ਜਾ ਸਕਦੀ ਹੈ।

ਅਨੀਤਾ ਅਰੋੜਾ: 95010-30274

ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਵਾਸਤੇ ਬੋਰਡੋ ਮਿਸ਼ਰਣ ਦੇ ਛਿੜਕਾਅ ਕਰਨ ਦਾ ਸਮਾਂ

ਫ਼ਲਦਾਰ ਬੂਟੇ	ਬਿਮਾਰੀ ਦਾ ਨਾਂ	ਛਿੜਕਾਅ ਦਾ ਸਮਾਂ
ਨਿੰਬੂ ਜਾਤੀ	ਗੂੰਦ ਨਿਕਲਣ ਜਾਂ ਪੈਰੋ ਗੱਲਣ ਦਾ ਰੋਗ	ਫ਼ਰਵਰੀ,ਮਾਰਚ ਅਤੇ ਜੁਲਾਈ, ਅਗਸਤ
	ਕੋਹੜ ਰੋਗ	ਅਕਤੂਬਰ,ਦਸੰਬਰ ਅਤੇ ਫਰਵਰੀ
	ਸਕੈਬ	20 ਦਿਨਾਂ ਦੇ ਵਕਫ਼ੇ ਤੇ ਜੂਨ ਤੋਂ ਅਗਸਤ ਤੱਕ
	ਟਾਹਣੀਆਂ ਦਾ ਸੁੱਕਣਾ	ਮਾਰਚ,ਜੁਲਾਈ ਅਤੇ ਸਤੰਬਰ
ਅੰਬ	ਟਾਹਣੀਆਂ ਦਾ ਸੁੱਕਣਾ ਅਤੇ ਪੱਤਿਆਂ ਦੇ ਧੱਬਿਆਂ ਦਾ ਰੋਗ	ਕਾਂਟ-ਛਾਂਟ ਤੋਂ ਤੁਰੰਤ ਬਾਅਦ
	ਤਣੇ ਦਾ ਕੋਹੜ	ਕਾਂਟ-ਛਾਂਟ ਤੋਂ ਤੁਰੰਤ ਬਾਅਦ
	ਅੰਬ ਦੀ ਨੋਕ ਦਾ ਕਾਲਾ ਹੋਣਾ	ਫੁੱਲ ਪੈਣ ਤੋਂ ਬਾਅਦ
ਨਾਸ਼ਪਾਤੀ	ਕਰੂੰਬਲਾਂ ਤੇ ਫ਼ਲਾਂ ਦਾ ਸੜਨਾ ਅਤੇ ਛਿੱਲ ਦਾ ਕੋਹੜ	ਮਾਰਚ, ਜੂਨ ਅਤੇ ਜਨਵਰੀ
ਬੇਰ	ਧੁਆਂਖਣਾ ਅਤੇ ਪੱਤਿਆਂ ਦੇ ਦਾਗ	ਨਵੰਬਰ ਦੇ ਪਹਿਲੇ ਹਫ਼ਤੇ ਤੋਂ 15 ਦਿਨਾਂ ਦੇ ਵਕਫੇ ਤੇ 3-4 ਛਿੜਕਾਅ
ਅਨਾਰ	ਕਾਲੇ ਧੱਬਿਆਂ ਨਾਲ ਗਲ਼ਣਾ	ਮਈ, ਜੂਨ ਅਤੇ ਜੁਲਾਈ
ਅੰਗੂਰ	ਟਾਹਣੀਆਂ ਦਾ ਸੁੱਕਣਾ ਦਾ ਰੋਗ ਪੱਤਿਆਂ ਦੇ ਧੱਬੇ	ਜਨਵਰੀ-ਫਰਵਰੀ, ਮਾਰਚ, ਅਖੀਰ ਮਈ ਅਖੀਰ ਅਤੇ ਜੁਲਾਈ, ਅਖੀਰ
	ਪੀਲੇ ਧੱਬਿਆਂ ਦਾ ਰੋਗ	ਅਗਸਤ ਅਤੇ ਅਖੀਰ ਸਤੰਬਰ

ਬਾਗਬਾਨੀ ਦੀ ਕਾਸ਼ਤ ਲਈ ਮਸ਼ੀਨਾਂ

ਮਹੇਸ਼ ਕੁਮਾਰ ਨਾਰੰਗ ਅਤੇ ਬਲਦੇਵ ਡੋਗਰਾ

ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ

ਪੰਜਾਬ ਵਿੱਚ ਬਾਗਬਾਨੀ ਦੇ ਕੰਮ ਵਿੱਚ ਸੁਧਾਰ ਲਿਆਉਣ ਅਤੇ ਸਖਤ ਮਿਹਨਤ ਘਟਾਉਣ ਲਈ ਬਾਗਾਂ ਦੇ ਮਸ਼ੀਨੀਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਬਾਗਾਂ ਦੇ ਮਸ਼ੀਨੀਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਵਿਕਸਿਤ ਅਤੇ ਪ੍ਰਚਲਿਤ ਕੀਤੀਆਂ ਜਾ ਰਹੀਆਂ ਮਸ਼ੀਨਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਹੈ:-

ਲੇਜ਼ਰ ਕਰਾਹਾ : ਲੇਜ਼ਰ ਕਰਾਹਾ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਦੀ-ਢਲਾਣ ਮੁਤਾਬਿਕ ਖੇਤ ਨੂੰ ਪੱਧਰ ਕੀਤਾ ਜਾ ਸਕਦਾ ਹੈ।ਇਸ ਨੂੰ 50 ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਇਆ ਜਾਂਦਾ ਹੈ। ਬਿਲਕੁਲ ਪੱਧਰ ਹੋ ਜਾਣ ਕਾਰਨ ਖੇਤ ਵਿੱਚ ਵੱਟਾਂ ਦੀ ਗਿਣਤੀ ਘੱਟ ਜਾਂਦੀ ਹੈ। ਜਿਸ ਨਾਲ ਪੱਧਰੀ ਬਿਜਾਈ ਵਾਲੇ ਖੇਤਾਂ ਵਿੱਚ 2-3% ਅਤੇ ਵੱਟਾਂ ਤੇ ਬਿਜਾਈ ਵਾਲੇ ਖੇਤਾਂ ਵਿੱਚ 6-8% ਰਕਬਾ ਫਸਲ ਹੇਠ ਵੱਧ ਜਾਂਦਾ ਹੈ।ਇਸ ਤਕਨੀਕ ਨਾਲ 5-10 ਪ੍ਰਤੀਸ਼ਤ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਖਾਦਾਂ ਤੇ ਕੀਟ ਨਾਸ਼ਕਾਂ ਦੀ ਸੁਚੱਜੀ ਵਰਤੋ ਹੁੰਦੀ ਹੈ।

ਸਬ-ਸੋਆਇਲਰ: ਇਸ ਦੇ ਲਈ 45 ਹਾਰਸ ਪਾਵਰ ਤੋ ਵੱਧ ਦਾ ਟਰੈਕਟਰ ਲੋੜੀਂਦਾ ਹੈ। ਇਹ ਜ਼ਮੀਨ ਦੇ ਦੇ ਹੇਠਾਂ ਬਣੀ ਸਖਤ ਤਹਿ ਨੂੰ ਤੋੜਦਾ ਹੈ। ਇਹ 40 ਸੈਂਟੀਮੀਟਰ ਤੋਂ ਵੱਧ ਡੂੰਘਾਈ ਤੱਕ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਫਲਾਂ ਅਤੇ ਸਬਜ਼ੀਆਂ ਵਿੱਚ ਬਾਰਸ਼ ਦੇ ਵਾਧੂ ਪਾਣੀ ਦੀ ਜ਼ਮੀਨ ਦੇ ਹੇਠਾਂ ਵਧੀਆ ਨਿਕਾਸੀ ਹੋਵੇਗੀ।

ਟਰੈਕਟਰ ਚਾਲਤ ਪੋਸਟ ਹੋਲ ਡਿੱਗਰ: ਇਹ ਮਸ਼ੀਨ ਬਾਗਬਾਨੀ ਲਈ ਟੋਏ ਪੁੱਟਣ ਦਾ ਕੰਮ ਕਰਦੀ ਹੈ । ਟੋਏ ਦਾ ਘੇਰਾ 15 ਤੋਂ 75 ਸੈਂਟੀਮੀਟਰ ਅਤੇ ਡੂੰਘਾਈ 90 ਸੈਂਟੀਮੀਟਰ ਤੱਕ ਹੋ ਸਕਦੀ ਹੈ । ਇਹ ਮਸ਼ੀਨ ਟਰੈਕਟਰ ਦੀ ਪੀ.ਟੀ. ਓ ਦੁਆਰਾ ਇੱਕ ਗੀਅਰ ਬਾਕਸ ਨਾਲ ਚਲਦੀ ਹੈ ਅਤੇ ਟਰੈਕਟਰ ਦੀਆਂ ਲਿੰਕਾਂ ਉੱਤੇ ਇਸਨੂੰ ਫਿੱਟ ਕੀਤਾ ਜਾਂਦਾ ਹੈ ।ਆਮ ਹਾਲਤਾਂ ਵਿੱਚ ਇਹ ਮਸ਼ੀਨ ਇੱਕ ਘੰਟੇ ਵਿੱਚ 90 ਸੈਂਟੀਮੀਟਰ ਡੂੰਘਾਈ ਦੇ 60-70 ਟੋਏ ਪੁੱਟਦੀ ਹੈ ।

ਔਫਸੈੱਟ ਰੋਟਾਵੇਟਰ : ਇਸ ਰੋਟਾਵੇਟਰ ਤੇ ਹਾਈਡਰੋਲਿਕ ਸਾਈਡ ਸ਼ਿਫਟ ਸਿਸਟਮ ਅਤੇ ਸੈਂਸਰ ਲੱਗਿਆ ਹੈ। ਇਹ ਸੈਂਸਰ ਦਰੱਖਤ/ਬੂਟੇ ਦੇ ਤਣੇ ਨਾਲ ਜਦੋਂ ਲਗਦਾ ਹੈ ਤਾਂ ਹਾਈਡਰੋਲਿਕ ਸਿਸਟਮ ਰੋਟਾਵੇਟਰ ਨੂੰ ਟਰੈਕਟਰ ਦੇ ਪਿੱਛੇ ਲਿਆਉਂਦਾ ਹੈ ਅਤੇ ਦਰੱਖਤ/ਬੂਟੇ ਲ਼ੰਘ ਜਾਣ ਤੋਂ ਬਾਅਦ ਫਿਰ ਆਪਣੇ ਆਪ ਰੋਟਾਵੇਟਰ ਦਰੱਖਤ/ਬੂਟੇ ਦੀ ਕਤਾਰ ਵਿੱਚ ਵਹਾਈ ਦਾ ਕੰਮ ਸੁਰੂ ਕਰ ਦਿੰਦਾ ਹੈ। ਇਸ ਰੋਟਾਵੇਟਰ ਦੀ ਅਸਰਦਾਰ ਵਹਾਈ ਦੀ ਚੌੜਾਈ 178 ਸੈਂਟੀਮੀਟਰ ਹੈ ।

ਬੈੱਡ ਬਣਾਉਣ ਅਤੇ ਪਲਾਸਟਿਕ ਮਲਚ ਵਿਛਾਉਣ ਵਾਲੀ ਮਸ਼ੀਨ: ਇਹ ਮਸ਼ੀਨ ਸਬਜ਼ੀਆਂ ਦੀ ਬਿਜਾਈ ਲਈ ਬੈੱਡ ਬਣਾਉਣ, ਡਰਿੱਪ ਪਾਈਪ ਪਾਉਣ, ਮਲਚ ਦੇ ਤੌਰ ਤੇ ਪਲਾਸਟਿਕ ਸ਼ੀਟ ਵਿਛਾਉਣ ਅਤੇ ਪਲਾਸਟਿਕ ਸ਼ੀਟ ਵਿੱਚ ਲੋੜੀਦੀ ਵਿੱਥ ਤੇ ਸੁਰਾਖ ਕੱਢਣ ਦੇ ਚਾਰ ਕੰਮ ਇੱਕੋ ਵਾਰ ਕਰਦੀ ਹੈ । ਇਸ ਮਸ਼ੀਨ ਨੂੰ ਚਲਾਉਣ ਲਈ 45-50 ਹਾਰਸ ਪਾਵਰ ਵਾਲੇ ਟਰੈਕਟਰ ਦੀ ਲੋੜ ਪੈਂਦੀ ਹੈ ਅਤੇ ਇਸ ਦੀ ਸਮੱਰਥਾ 0.60 ਏਕੜ ਪ੍ਰਤੀ ਘੰਟਾ ਹੈ ।

ਉਪ-ਸਤਹਿ ਤੇ ਡਰਿੱਪ ਪਾਇਪ ਵਿਛਾਉਣ ਦੀ ਮਸ਼ੀਨ: ਇਹ ਮਸ਼ੀਨ ਜ਼ਮੀਨ ਹੇਠਾਂ ਡਰਿੱਪ ਪਾਇਪ ਨੂੰ 15-30 ਸੈਟੀਮੀਟਰ ਤੇ ਵਿਛਾਉਣ ਦੇ ਕੰਮ ਆਉਦੀ ਹੈ।ਇਸ ਮਸ਼ੀਨ ਲਈ 45 ਹਾਰਸ ਪਾਵਰ ਦਾ ਟਰੈਕਟਰ ਚਾਹੀਦਾ ਹੈ ਅਤੇ ਇਸ ਮਸ਼ੀਨ ਦੀ ਸਮਰੱਥਾ ਲਗਭਗ 0.2-0.28 ਏਕੜ ਪ੍ਰਤੀ ਘੰਟਾ ਹੈ।

ਲਸਣ ਬੀਜਣ ਵਾਲੀ ਮਸ਼ੀਨ: ਇਹ ਇੱਕ ਕਤਾਰ ਵਾਲੀ ਮਸ਼ੀਨ ਇੱਕ ਵੀਲ ਹੈਂਡ ਹੋ ਤੋਂ ਬਣੀ ਹੁੰਦੀ ਹੈ । ਜਿਸ ਉੱਤੇ ਲਸਣ ਦੀ ਬਿਜਾਈ ਦਾ ਸਿਸਟਮ ਲੱਗਾ ਹੁੰਦਾ ਹੈ। ਇਸ ਮਸ਼ੀਨ ਉੱਤੇ ਬੀਜ ਦੀ ਮਾਤਰਾ ਇੱਕਸਾਰ ਰੱਖਣ ਲਈ ਇੱਕ ਚਮਚੇ ਵਰਗੀ ਖੜ੍ਹਵੀਂ ਪਲੇਟ ਹੁੰਦੀ ਹੈ । ਬੀਜ ਵਾਲੇ ਬਕਸੇ ਦੀ ਸਮਰੱਥਾ 3 ਕਿਲੋ ਹੁੰਦੀ ਹੈ। ਇਸ ਮਸ਼ੀਨ ਨੂੰ ਦੋ ਆਦਮੀ ਚਲਾ ਸਕਦੇ ਹਨ । ਇੱਕ ਆਦਮੀ ਮਸ਼ੀਨ ਨੂੰ ਅੱਗੇ ਤੋਂ ਰੱਸੀ ਨਾਲ ਖਿੱਚ੍ਹਦਾ ਹੈ ਅਤੇ ਦੂਸਰਾ ਆਦਮੀ ਇਸ ਮਸ਼ੀਨ ਨੂੰ ਸਿੱਧਾ

ਲੇਜ਼ਰ ਕਰਾਹਾ

ਸਬ-ਸੋਆਇਲਰ

ਟਰੈਕਟਰ ਚਾਲਤ ਪੋਸਟ ਹੋਲ ਡਿੱਗਰ

ਔਫਸੈੱਟ ਰੋਟਾਵੇਟਰ

ਪਲਾਸਟਿਕ ਮਲਚ ਵਿਛਾਉਣ ਵਾਲੀ ਮਸ਼ੀਨ

ਡਰਿੱਪ ਪਾਇਪ ਵਿਛਾਉਣ ਦੀ ਮਸ਼ੀਨ

ਲਸਣ ਬੀਜਣ ਵਾਲੀ ਮਸ਼ੀਨ

ਗਾਜਰ ਬੀਜਣ ਵਾਲੀ ਮਸ਼ੀਨ

ਰੋਟਰੀ ਪਾਵਰ ਵੀਡਰ

ਬਾਗਾਂ ਲਈ ਸਪਰੇਅਰ

ਪਿੱਕ ਪੁਜ਼ੀਸ਼ਨਰ

ਸਬਜ਼ੀਆਂ ਪੁੱਟਣ ਵਾਲੀ ਮਸ਼ੀਨ

ਪਰਾਲੀ ਸ਼ਰੈਡਰ-ਕਮ-ਮਲਚਰ

ਬੀਜ ਕੱਢਣ ਵਾਲੀ ਮਸ਼ੀਨ

ਚਲਾਉਂਦਾ ਹੈ। ਕਤਾਰਾਂ ਦੀ ਡੂੰਘਾਈ ਅਤੇ ਫ਼ਾਸਲਾ ਘੱਟ-ਵੱਧ ਕੀਤਾ ਜਾ ਸਕਦਾ ਹੈ। ਇਸ ਮਸ਼ੀਨ ਵਿਚ ਵੱਖ-ਵੱਖ ਫ਼ਸਲਾਂ ਜਿਵੇਂ ਮਟਰ, ਮੂੰਗੀ ਅਤੇ ਮੱਕੀ ਆਦਿ ਬੀਜਣ ਲਈ ਵੱਖਰੀਆਂ-ਵੱਖਰੀਆਂ ਪਲੇਟਾਂ ਹਨ। ਤਿਆਰ ਕੀਤੇ ਖੇਤ ਵਿਚ ਬੀਜ ਦੀ ਡੂੰਘਾਈ ਇੱਕ ਇੰਚ ਤੱਕ ਕੀਤੀ ਜਾ ਸਕਦੀ ਹੈ। ਮਸ਼ੀਨ ਦਾ ਭਾਰ ਤਕਰੀਬਨ 12 ਕਿਲੋ ਹੈ ਅਤੇ ਆਸਾਨੀ ਨਾਲ ਚਲਾਈ ਜਾ ਸਕਦੀ ਹੈ। ਇਸ ਮਸ਼ੀਨ ਨਾਲ ਇੱਕ ਦਿਨ ਵਿਚ 0.5 -0.75 ਏਕੜ ਰਕਬੇ ਤੇ ਬਿਜਾਈ ਹੋ ਸਕਦੀ ਹੈ।ਮਸ਼ੀਨ ਨਾਲ ਹੱਥੀਂ ਬਿਜਾਈ ਕਰਨ ਦੇ ਮੁਕਾਬਲੇ ਮਜ਼ਦੂਰੀ ਵਿੱਚ 80% ਅਤੇ ਲਾਗਤ ਵਿੱਚ 75% ਬੱਚਤ ਹੁੰਦੀ ਹੈ।

ਗਾਜਰ ਬੀਜਣ ਵਾਲੀ ਮਸ਼ੀਨ: ਇਹ ਟਰੈਕਟਰ ਨਾਲ ਚਲਣ ਵਾਲਾ ਪਲਾਂਟਰ, ਗਾਜਰ ਦੇ ਬੀਜਾਂ ਦੀ ਬੈੱਡਾਂ ਤੇ ਬਿਜਾਈ ਕਰਦਾ ਹੈ। ਇਹ ਬਿਜਾਈ ਵਾਲੀ ਮਸ਼ੀਨ ਇਨਕਲਾਈਂਡ ਪਲੇਟਾਂ ਵਿੱਚ ਬਣੇ ਸੁਰਾਖਾਂ ਦੀ ਮਦਦ ਨਾਲ ਬੀਜਾਂ ਨੂੰ ਲੈ ਕੇ ਅਗੇ ਬੀਜ ਟਿਊਬ ਵਿੱਚ ਸੁੱਟਦੀ ਹੈ। ਇਹ ਮਸ਼ੀਨ 67.5 ਸੈਂਟੀਮੀਟਰ ਦੀ ਚੌੜਾਈ ਵਾਲੇ ਤਿੰਨ ਬੈੱਡ ਇਕੋ ਸਮੇਂ ਤੇ ਬਣਾਉਂਦੀ ਹੈ।ਇਹ ਮਸ਼ੀਨ ਇਕ ਬੈੱਡ ਤੇ 4 ਕਤਾਰਾਂ ਜਿਹਨਾਂ ਵਿਚ ਫਾਸਲਾ 10 ਸੈਂਟੀਮੀਟਰ ਤੇ ਬੂਟੇ ਤੋ ਬੂਟੇ ਦਾ ਫ਼ਾਸਲਾ 8 ਸੈਂਟੀਮੀਟਰ ਰੱਖਿਆ ਜਾਂਦਾ ਹੈ। ਹਰੇਕ ਕਤਾਰ ਦੇ ਪਿਛੇ ਇੱਕ ਫਲੈਟ ਪਲੇਟ ਲੱਗੀ ਹੈ ਜੋ ਕਿ ਬੀਜ ਨੂੰ ਮਿੱਟੀ ਨਾਲ ਢਕਣ ਦਾ ਕੰਮ ਕਰਦੀ ਹੈ। ਮਸ਼ੀਨ ਦੀ ਕੰਮ ਕਰਨ ਦੀ ਸਮਰੱਥਾ 1.0-1.5 ਏਕੜ ਪ੍ਰਤੀ ਘੰਟਾ ਹੈ। ਮਸ਼ੀਨ ਨਾਲ ਬਿਜਾਈ ਕਰਨ ਲਈ ਸਿਰਫ 2.5-3.0 ਕਿੱਲੋ ਪ੍ਰਤੀ ਏਕੜ ਬੀਜ ਦੀ ਜ਼ਰੂਰਤ ਪੈਂਦੀ ਹੈ। ਮਸ਼ੀਨ ਨਾਲ ਲਾਈ ਗਈ ਫ਼ਸਲ ਦੀ ਉੱਗਣ ਸ਼ਕਤੀ ਵੀ ਪ੍ਰਚੱਲਿਤ ਵਿਧੀਆਂ ਦੇ ਮੁਕਾਬਲੇ ਵੱਧ ਅਤੇ ਇਕਸਾਰ ਹੁੰਦੀ ਹੈ।

ਰੋਟਰੀ ਪਾਵਰ ਵੀਡਰ: ਇਸ ਮਸ਼ੀਨ ਆਪੇ ਆਪ ਚਲਣ ਵਾਲੀ ਹੈ ਅਤੇ ਇਸ ਵਿੱਚ ਪੰਜ ਹਾਰਸ ਪਾਵਰ ਵਾਲਾ ਇੰਜਨ ਲੱਗਿਆ ਹੈ ਜਿਸ ਨਾਲ ਇਹ ਚਲਦੀ ਹੈ। ਇਹ ਮਸ਼ੀਨ ਬਾਗਾਂ ਵਿੱਚ ਅਤੇ ਜ਼ਿਆਦਾ ਦੂਰੀ ਵਾਲੀਆਂ ਫਸਲਾਂ ਵਿੱਚ ਗੋਡੀ ਕਰਨ ਲਈ ਵਰਤੀ ਜਾਂਦੀ ਹੈ। ਇਸ ਮਸ਼ੀਨ ਨੂੰ 1.5 ਤੋਂ 2.0 ਕਿਲੋਮੀਟਰ ਪ੍ਰਤੀ ਘੰਟੇ ਰਫਤਾਰ ਤੇ ਚਲਾਇਆ ਜਾਂਦਾ ਹੈ।ਇਹ 62.2 ਸੈਟੀਮੀਟਰ (ਦੋ ਵਾਰੀਆਂ ਵਿੱਚ) ਦੀ ਗੋਡੀ ਖੁੱਲ੍ਹੀਆਂ ਕਤਾਰਾਂ ਵਾਲੀਆਂ ਫਸਲਾਂ ਵਿੱਚ ਕਰਦੀ ਹੈ। ਇਹ 4-7 ਸੈਂਟੀਮੀਟਰ ਦੀ ਡੂੰਘਾਈ ਤੱਕ ਚਲਦੀ ਹੈ। ਇਹ ਨਦੀਨ ਬੂਟਿਆਂ ਨੂੰ 86% ਤੱਕ ਖਤਮ ਕਰ ਦਿੰਦੀ ਹੈ।ਇਸ ਮਸ਼ੀਨ ਦੀ ਸਮਰੱਥਾ 1.5-2.5 ਏਕੜ ਪ੍ਰਤੀ ਦਿਨ ਹੈ।

ਬਾਗਾਂ ਲਈ ਸਪਰੇਅਰ: ਇਸ ਸਪਰੇਅਰ ਨਾਲ ਸਮੇਂ, ਲੇਬਰ ਦੀ ਬੱਚਤ ਤੋਂ ਇਲਾਵਾ ਸਮੇਂ ਸਿਰ ਸਪਰੇਅ ਹੋ ਜਾਂਦੀ ਹੈ। ਇਸ ਸਪਰੇਅਰ ਵਿੱਚ ਇੱਕ ਬਲੋਅਰ ਹੈ ਅਤੇ ਉਸ ਦੇ ਆਲੇ ਦੁਆਲੇ ਨੋਜ਼ਲਾਂ ਹੁੰਦੀਆਂ ਹਨ। ਇਹ ਬੂਟਿਆਂ ਦੀਆਂ ਲਾਈਨਾਂ ਵਿਚਕਾਰ ਹਵਾ ਦੇ ਪ੍ਰੈਸ਼ਰ ਨਾਲ ਕੀਟਨਾਸ਼ਕ ਦਵਾਈ ਦੇ ਸਪਰੇਅ ਨੂੰ ਦੋਨਾਂ ਪਾਸੇ ਖਿਲਾਰਦੀ ਹੈ। ਇਸ ਵਿੱਚ 1000 ਲੀਟਰ ਦਾ ਟੈਂਕ ਲੱਗਿਆ ਹੁੰਦਾ ਹੈ।ਇਸ ਸਪਰੇਅਰ ਨਾਲ 6 ਮੀਟਰ ਤੱਕ ਉਚਾਈ ਵਾਲੇ ਬੂਟਿਆ ਨੂੰ ਸਪਰੇਅ ਕੀਤਾ ਜਾ ਸਕਦਾ ਹੈ।ਇਸ ਸਪਰੇਅਰ ਦੀ ਸਮਰੱਥਾ ਲਗਭਗ 2-2.5 ਏਕੜ ਪ੍ਰਤੀ ਘੰਟਾ ਹੈ ਅਤੇ ਕਿਸਾਨ ਵੀਰ ਇਸ ਸਪਰੇਅਰ ਨੂੰ ਕਿਰਾਏ ਤੇ ਵੀ ਚਲਾ ਸਕਦੇ ਹਨ।

ਪਿੱਕ ਪੁਜੀਸ਼ਨਰ: ਟਰੈਕਟਰ ਚਾਲਤ ਪਿੱਕ ਪੁਜੀਸ਼ਨਰ ਦੀ ਵਰਤੋਂ ਬਾਗਾਂ ਵਿੱਚ ਫਲਾਂ ਦੀ ਤੁੜਾਈ ਅਤੇ ਦਰਖਤਾ ਦੀ ਕਾਟ-ਛਾਂਟ ਲਈ ਕੀਤੀ ਜਾਂਦੀ ਹੈ।ਇਹ ਇੱਕ ਲੋਹੇ ਦਾ ਬਣਿਆਂ ਪਲੇਟਫਾਰਮ (ਆਦਮੀ ਦੇ ਖੜ੍ਹੇ ਹੋਣ ਲਈ) ਹੈ ਜੋ ਕਿ ਹਾਈਡਰੋਲਿਕ ਲਿਫਟ ਦੁਆਰਾ 30-31 ਫੁੱਟ ਦੀ ਉਚਾਈ ਤੱਕ ਪੁਚਾਇਆ ਜਾ ਸਕਦਾ ਹੈ।ਇਸ ਨਾਲ ਦਰੱਖਤਾਂ ਦੀ ਕਾਂਟ-ਛਾਂਟ ਦੇ ਕੰਮ ਵਿੱਚ 90 ਪ੍ਰਤੀਸ਼ਤ ਅਤੇ ਫਲਾਂ ਦੀ ਤੁੜਾਈ ਦੇ ਕੰਮ ਵਿੱਚ 75% ਲੇਬਰ ਦੀ ਬੱਚਤ ਹੁੰਦੀ ਹੈ। ਇਸ ਨਾਲ ਲੇਬਰ ਦੀ 25 % ਤੱਕ ਬੱਚਤ ਹੁੰਦੀ ਹੈ।

ਜੜ੍ਹਦਾਰ ਸਬਜ਼ੀਆਂ ਪੁੱਟਣ ਵਾਲੀ ਮਸ਼ੀਨ: ਇਸ ਮਸ਼ੀਨ ਦੀ ਵਰਤੋਂ ਜੜ੍ਹਦਾਰ ਸਬਜ਼ੀਆਂ ਜਿਵੇਂ ਕਿ ਗਾਜਰ, ਆਲੂ, ਲਸਣ ਅਤੇ ਪਿਆਜ਼ ਦੀ ਪੁਟਾਈ ਲਈ ਕੀਤੀ ਜਾ ਸਕਦੀ ਹੈ।ਇਸ ਮਸ਼ੀਨ ਦੀ ਸਮਰੱਥਾ 0.5 ਏਕੜ ਪ੍ਰਤੀ ਘੰਟਾ ਹੈ।ਪੁਟਾਈ ਦੀ ਕਾਰਜਕੁਸ਼ਲਤਾ 96-99 % ਹੈ। ਇਸ ਨਾਲ 60-70 % ਲੇਬਰ

ਪਰਾਲੀ ਸ਼ਰੈਡਰ-ਕਮ-ਮਲਚਰ ਮਸ਼ੀਨ : ਇਸ ਮਸ਼ੀਨ ਨੂੰ 35 ਜਾਂ ਵੱਧ ਐਚ.ਪੀ. ਟਰੈਕਟਰ ਦੁਆਰਾ ਚਲਾਇਆ ਜਾਂਦਾ ਹੈ। ਮਸ਼ੀਨ ਦਾ ਮੁਲਾਂਕਣ ਲਸਣ ਦੀ ਫਸਲ ਤੇ 1.0 ਮੀਟਰ ਚੋਟੀ ਦੀ ਚੌੜਾਈ ਵਾਲੇ ਬੈੱਡਾਂ ਤੇ ਕੀਤਾ ਗਿਆ ਸੀ। ਮਸ਼ੀਨ ਦੀ ਔਸਤ ਸਮਰੱਥਾ 0.63 ਏਕੜ/ਘੰਟਾ ਹੈ। ਮਸ਼ੀਨ ਦੀ ਵਰਤੋਂ ਦੌਰਾਨ ਔਸਤ ਡੀਜਲ ਦੀ ਖਪਤ 4.61 ਲੀਟਰ ਸੀ। ਲਸਣ ਵਿੱਚ ਪਰਾਲੀ ਦੇ ਮਲਚ ਨੂੰ ਇਸ ਮਸ਼ੀਨ ਰਾਹੀਂ ਖਿੰਡਾਉਣ ਨਾਲ ਝਾੜ ਵਿੱਚ 9-10 ਪ੍ਰਤੀਸ਼ਤ ਵਾਧਾ ਹੁੰਦਾ ਹੈ। ਖੇਤਾਂ ਵਿੱਚ ਜਿੱਥੇ ਇਸ ਮਸ਼ੀਨ ਦੀ ਵਰਤੋਂ ਕੀਤੀ ਗਈ ਸੀ, ਉੱਥੇ ਨਦੀਨਾਂ ਦੀ ਗਿਣਤੀ ਤਿੰਨ ਤੋਂ ਚਾਰ ਗੁਣਾ ਘੱਟ ਸੀ।

ਬੀਜ ਕੱਢਣ ਵਾਲੀ ਮਸ਼ੀਨ: ਇਹ ਮਸ਼ੀਨ ਸਬਜੀਆਂ ਅਤੇ ਫਲਾਂ ਜਿਵੇਂ ਕਿ ਟਮਾਟਰ, ਮਿਰਚ, ਤਰਬੂਜ਼, ਖੀਰਾ, ਟਿੰਡਾ ਆਦਿ ਦੇ ਬੀਜ ਕੱਢਣ ਲਈ ਵਰਤੀ ਜਾਂਦੀ ਹੈ। ਇਸ ਵਿੱਚ ਇੱਕ ਮੁੱਢਲਾ ਕਟਾਈ ਵਾਲਾ ਚੈਂਬਰ ਹੈ ਜਿਸ ਵਿਚ ਸਬਜ਼ੀਆਂ ਅਤੇ ਫਲਾਂ ਦੀ ਛੋਟੇ ਟੁਕੜਿਆਂ ਵਿੱਚ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਹਨਾਂ ਨੂੰ ਫੇਰ ਇੱਕ ਰੋਟਰ ਤੇ ਲੱਗੇ ਬਲੇਡਾਂ ਨਾਲ ਦਰੜਿਆ ਜਾਂਦਾ ਹੈ। ਵੱਖ- ਵੱਖ ਸਾਈਜ਼ ਦੇ ਬੀਜਾਂ ਲਈ ਵੱਖਰੀਆਂ ਜਾਲੀਆਂ ਉਪਲੱਬਧ ਹਨ। ਬੀਜ ਕੱਢਣ ਵੇਲੇ ਖੁਲ੍ਹੇ ਪਾਣੀ ਦਾ ਪ੍ਰਬੰਧ ਕੀਤਾ ਹੋਣਾ ਚਾਹੀਦਾ ਹੈ।

ਮਹੇਸ਼ ਕੁਮਾਰ ਨਾਰੰਗ:94173-83464

ਹਾੜੀ ਦੇ ਪਿਆਜ਼ ਦੀ ਸਫਲ ਕਾਸ਼ਤ ਕਿਵੇਂ ਕਰੀਏ?

ਜਿਫਨਵੀਰ ਸਿੰਘ ਖੋਸਾ ਅਤੇ ਮਧੂ ਸ਼ਰਮਾ

ਸਬਜ਼ੀ ਵਿਗਿਆਨ ਵਿਭਾਗ

ਪਿਆਜ਼ ਨੂੰ ਕਈ ਮੌਸਮਾਂ ਵਿੱਚ ਪੈਦਾ ਕੀਤਾ ਜਾ ਸਕਦਾ ਹੈ, ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸ ਦੇ ਅਨੁਕੂਲ ਨਹੀਂ ਹੈ। ਲੰਮੇ ਸਮੇਂ ਲਈ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਵਧੇਰੇ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ।

ਸੁਧਰੀਆਂ ਕਿਸਮਾਂ/ਦੋਗਲੀਆਂ ਕਿਸਮਾਂ ਦੀ ਚੋਣ: ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਿਸਾਨ ਵੀਰ ਹਮੇਸ਼ਾ ਖੇਤੀਬਾੜੀ ਯੂਨੀਵਰਿਸਿਟੀ ਦੁਆਰਾ ਪਿਆਜ਼ ਦੀਆਂ ਸ਼ਿਫਾਰਿਸ਼ ਕੀਤੀਆਂ ਕਿਸਮਾਂ/ਦੋਗਲੀਆਂ ਕਿਸਮਾਂ ਦੀ ਬਿਜਾਈ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਕਰਨ।

ਖਾਦਾਂ ਦਾ ਤਰੀਕਾ: ਜਦੋਂ ਖੇਤ ਦੀ ਤਿਆਰੀ ਪੂਰੀ ਹੋ ਜਾਂਦੀ ਹੈ ਅਤੇ ਬੂਟੇ 10-15 ਸੈਂਟੀਮੀਟਰ ਦੀ ਉਚਾਈ 'ਤੇ ਪਹੁੰਚ ਜਾਂਦੇ ਹਨ ਅਤੇ ਕਾਫੀ ਸਿਹਤਮੰਦ ਦਿਖਾਈ ਦਿੰਦੇ ਹਨ, ਤਾਂ ਇਨ੍ਹਾਂ ਨੂੰ 15 ਸੈਂਟੀਮੀਟਰ ਦੀ ਕਤਾਰ ਤੋਂ ਕਤਾਰ ਦੀ ਦੂਰੀ ਅਤੇ ਪੌਦੇ ਤੋਂ ਪੌਦੇ ਦੀ ਦੂਰੀ 7.5 ਸੈਂਟੀਮੀਟਰ ਦੇ ਨਾਲ ਖੇਤ ਵਿੱਚ ਲਗਾਉਣਾ ਚਾਹੀਦਾ ਹੈ।ਖੇਤ ਦੀ ਤਿਆਰੀ ਲਈ ਅੱਗੇ ਵਧਣ ਤੋਂ ਪਹਿਲਾਂ ਮਿੱਟੀ ਦੀ ਜਾਂਚ ਦੀ ਜ਼ੋਰਦਾਰ ਸਿਫਾਰਿਸ਼ ਕੀਤੀ ਜਾਂਦੀ ਹੈ। ਪਿਆਜ਼ ਦੀ ਕਾਸ਼ਤ ਲਈ ਮਿੱਟੀ ਜੈਵਿਕ ਪਦਾਰਥਾਂ ਨਾਲ ਭਰਪੂਰ, ਬਿਮਾਰੀਆਂ, ਨਦੀਨਾਂ ਤੋਂ ਮੁਕਤ ਅਤੇ ਚੰਗੀ ਤਰ੍ਹਾਂ ਨਿਕਾਸ ਵਾਲੀ ਹੋਣੀ ਚਾਹੀਦੀ ਹੈ। ਖਾਰੀ ਅਤੇ ਨੀਵੀਆਂ ਜ਼ਮੀਨਾਂ ਪਿਆਜ਼ ਦੀ ਕਾਸ਼ਤ ਲਈ ਅਨੁਕੂਲ ਨਹੀਂ ਹਨ। ਬਿਹਤਰ ਨਤੀਜਿਆਂ ਲਈ ਮਿੱਟੀ ਦੀ ਪਰਖ ਦੇ ਆਧਾਰ 'ਤੇ ਖਾਦਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਲਈ, ਪਿਆਜ਼ ਦੀ ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ 20 ਟਨ ਖਾਦ ਦੇ ਨਾਲ 45 ਕਿੱਲੋ ਯੂਰੀਆ, 125 ਕਿੱਲੋ ਸਿੰਗਲ ਸੁਪਰ ਫਾਸਫੇਸ (ਐਸ.ਐਸ.ਪੀ.) ਅਤੇ 35 ਕਿੱਲੋ ਮਿਊਰੇਟ ਆਫ ਪੋਟਾਸ਼ (ਐਮ.ਓ.ਪੀ.) ਪ੍ਰਤੀ ਏਕੜ ਪਾਓ। ਪਿਆਜ਼ ਦੇ ਵਧੀਆ ਝਾੜ ਲਈ 4 ਕਿਲੋਗ੍ਰਾਮ ਕੰਸੋਰਟੀਅਮ ਪ੍ਰਤੀ ਏਕੜ ਦੀ ਵਰਤੋਂ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਹੋਰ 45 ਕਿੱਲੋ ਯੂਰੀਆ ਪਨੀਰੀ ਖੇਤ ਵਿੱਚ ਲਾਉਣ ਤੋਂ 4-6 ਹਫਤਿਆਂ ਬਾਅਦ ਪਿਆਜ਼ ਦੀ ਫਸਲ ਵਿੱਚ ਪਾਉ।

ਨਦੀਨਾਂ ਦੀ ਰੋਕਥਾਮ: ਹਾੜੀ ਦੇ ਪਿਆਜ਼ ਵਿੱਚ ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਦੀ ਲੋੜ ਹੁੰਦੀ ਹੈ। ਪਹਿਲੀ ਗੋਡੀ ਪਨੀਰੀ ਖੇਤ ਵਿੱਚ ਲਗਾਉਣ ਤੋਂ 3 ਹਫਤਿਆਂ ਬਾਅਦ ਕੀਤੀ ਜਾ ਸਕਦੀ ਹੈ ਜਾਂ ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਗੰਢੀਆਂ ਦੀ ਪਨੀਰੀ ਤੋਂ 7 ਦਿਨਾਂ ਦੇ ਅੰਦਰ ਅੰਦਰ ਛਿੜਕਾਅ ਕਰਨ ਨਾਲ ਅਤੇ 90-100 ਦਿਨਾਂ ਬਾਅਦ ਇੱਕ ਗੋਡੀ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਪਿਆਜ਼ ਦੀ ਪੁਟਾਈ: ਪਿਆਜ਼ ਦੀਆਂ ਭੂਕਾਂ ਸੁੱਕ ਕੇ ਡਿੱਗਣ ਤੇ ਪਿਆਜ਼ ਦੀ ਪੁਟਾਈ ਕਰੋ। ਪੁਟਾਈ ਕਰਨ ਤੋਂ ਬਾਅਦ 3-4 ਦਿਨ ਤੱਕ ਛਾਂ ਵਿੱਚ ਪਤਲੀਆਂ ਤਹਿਆਂ ਵਿੱਚ ਖਿਲਾਰ ਕੇ ਪਿਆਜ਼ ਨੂੰ ਪੱਕਣ ਦਿਉ। ਫਿਰ 1-2 ਸੈਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਉ। ਭੰਡਾਰ ਵਿੱਚ ਹਰ 15 ਦਿਨ ਬਾਅਦ ਪਿਆਜ਼ਾਂ ਨੂੰ ਹਿਲਾਉਂਦੇ ਰਹੋ ਅਤੇ ਇਸ ਵਿੱਚੋਂ ਕੱਟੇ ਹੋਏ ਅਤੇ ਗਲੇ ਹੋਏ ਪਿਆਜ਼ ਦੀ ਛਾਂਟੀ ਕਰਦੇ ਰਹੋ।

ਸੁਧਰੀਆਂ ਕਿਸਮਾਂ/ਦੋਗਲੀਆਂ ਕਿਸਮਾਂ ਦੀ ਚੋਣ ਹੇਠ ਲਿਖੇ ਅਨੁਸਾਰ ਹੈ:-

ਕਿਸਮਾਂ/ਦੋਗਲੀਆਂ ਕਿਸਮਾਂ	ਪਿਆਜ਼ ਦੇ ਮਾਪਦੰਡ
ਪੀ.ਓ.ਐਚ-1	ਵੱਡੇ ਆਕਾਰ ਦੇ ਗੰਢੇ, ਗੋਲ ਅਤੇ ਹਲਕਾ ਲਾਲ ਰੰਗ, ਪਿਆਜ਼ ਘੱਟ ਨਿਸਰਦੇ ਹਨ, ਲੰਮੀ ਭੰਡਾਰਨ ਦੀ ਸਮਰੱਥਾ
ਪੀ.ਆਰ.ਓ-7	ਦਰਮਿਆਨੇ ਕੱਦ ਦੇ, ਵੱਡੇ ਆਕਾਰ ਦੇ, ਗੋਲ, ਲਾਲ ਰੰਗ ਅਤੇ ਪਤਲੀ ਤੰਗ ਗਰਦਨ, ਪਿਆਜ਼ ਦੇ ਨਿਸਰਣ ਤੇ ਸਹਿਣਸ਼ੀਲਤਾ, ਚੰਗੀ ਰੱਖ-ਰਖਾਵ ਗੁਣਵੱਤਾ
ਪੀ.ਆਰ.ਓ-6	ਦਰਮਿਆਨੇ ਤੋਂ ਵੱਡੇ ਅਕਾਰ ਦੇ ਗੂੜਾ ਲਾਲ ਰੰਗ ਅਤੇ ਪਤਲੀ ਤੰਗ ਗਰਦਨ, ਘੱਟ ਨਿਸਰਣਾ, ਚੰਗੀ ਰੱਖ-ਰਖਾਵ ਗੁਣਵੱਤਾ
ਪੰਜਾਬ ਨਰੋਆ	ਦਰਮਿਆਨੇ ਕੱਦ ਦੇ ਗੰਢ, ਦਰਮਿਆਨੇ ਮੋਟੇ ਅਤੇ ਲਾਲ
ਪੀ.ਵਾਈ.ਓ.-1	ਗੰਢੇ ਪੀਲੇ, ਦਰਮਿਆਨੇ ਤੋਂ ਵੱਡੇ ਅਕਾਰ ਦੇ ਗੋਲਾਕਾਰ ਅਤੇ ਤੰਗ ਗਰਦਨ, ਗੰਢੇ ਘੱਟ ਨਿਸਰਦੇ ਹਨ ਅਤੇ ਚੰਗੀ ਰੱਖ-ਰਖਾਵ ਗੁਣਵੱਤਾ
ਪੀ.ਡਬਲਯੂ.ਓ-2	ਦਰਮਿਆਨੇ ਵੱਡਾ, ਚਿੱਟਾ, ਗੋਲ ਅਤੇ ਤੰਗ ਗਰਦਨ, ਗੰਢੇ ਘੱਟ ਨਿਸਰਦੇ ਹਨ, ਸਹਿਣਸ਼ੀਲਤਾ, ਚੰਗੀ ਰੱਖ-ਰਖਾਵ ਗੁਣਵੱਤਾ

ਹਾੜੀ ਦੇ ਪਿਆਜ਼ ਦੀ ਫਸਲ ਵਿੱਚ ਧਿਆਨ ਰੱਖਣਯੋਗ ਗੱਲਾਂ

ਕੀ ਕਰਨਾ ਚਾਹੀਦਾ ਹੈ	ਲਾਭ
ਸਹੀ ਉਮਰ ਦੇ ਬੂਟੇ ਦੀ ਚੋਣ	ਗੰਢੇ ਘੱਟ ਨਿਸਰਦੇ ਹਨ ਅਤੇ ਵੱਧ ਸਮੇ ਲਈ ਭੰਡਾਰਨ
ਮੰਡੀ ਦੀਆਂ ਲੋੜਾਂ ਅਨੁਸਾਰ ਕਿਸਮਾਂ ਦੀ ਚੋਣ	ਬਿਹਤਰ ਕੀਮਤਾਂ
ਬਿਹਤਰ ਪੋਸ਼ਣ ਪ੍ਰਦਾਨ ਕਰਨ ਲਈ ਮਿੱਟੀ ਦੀ ਲਾਜ਼ਮੀ ਜਾਂਚ	ਗੰਢੇ ਦਾ ਬਹਿਤਰ ਆਕਾਰ ਅਤੇ ਪਿਆਜ਼ ਦੀ ਬਹਿਤਰ ਗੁਣਵੱਤਾ
ਸਹੀ ਅਤੇ ਸਮੇਂ ਸਿਰ ਸਿੰਚਾਈ ਪ੍ਰਦਾਨ ਕਰਨੀ	ਬੂਟੇ ਦੀ ਬਹਿਤਰ ਸਥਾਪਨਾ ਅਤੇ ਭੰਡਾਰਨ (ਪਿਆਜ਼ ਦਾ)
ਕੀ ਨਹੀਂ ਕਰਨਾ ਚਾਹੀਦਾ	**ਨੁਕਸਾਨ**
ਮੱਧ-ਅਕਤੂਬਰ ਤੋਂ ਪਹਿਲਾਂ ਕਦੇ ਵੀ ਨਰਸਰੀ ਨਾ ਬੀਜੋ	ਗੰਢੇ ਵੱਧ ਨਿਸਰਦੇ ਹਨ ਅਤੇ ਘੱਟ ਭੰਡਾਰਨ ਸਮਰੱਥਾ
ਮਿੱਟੀ ਦੀਆਂ ਵਿਸ਼ੇਸ਼ਤਾਵਾਂ ਦੀ ਜਾਂਚ ਕੀਤੇ ਬਿਨਾਂ ਪਨੀਰੀ ਨੂੰ ਲਗਾਉਣਾ	ਪਿਆਜ਼ ਦਾ ਮਾੜਾ ਆਕਾਰ ਅਤੇ ਗੁਣਵੱਤਾ
ਅਨਿਯਮਿਤ ਸਿੰਚਾਈ	ਇਹ ਫਸਲ ਦੇ ਵਾਧੇ ਅਤੇ ਭੰਡਾਰਨ ਨੂੰ ਪ੍ਰਭਾਵਿਤ ਕਰਦਾ ਹੈ
ਨਦੀਨਾਂ ਦੇ ਇਤਿਹਾਸ ਵਾਲੇ ਖੇਤ ਵਿੱਚ ਪਿਆਜ਼ ਦੀ ਬਿਜਾਈ ਕਰਨਾ	ਨਦੀਨਾਂ ਨੂੰ ਖੇਤ ਵਿੱਚੋਂ ਹਟਾਉਣ-ਪੱਟਣ ਲਈ ਵਧੇਰੇ ਮਜ਼ਦੂਰਾਂ ਦੀ ਲਾਗਤ

ਜਿਫਨਵੀਰ ਸਿੰਘ ਖੋਸਾ: 98154-30245

ਕਣਕ ਦੀ ਪੀਲੀ ਕੁੰਗੀ ਦੀ ਸਰਵਪੱਖੀ ਰੋਕਥਾਮ ਅਪਣਾਓ

ਅਮਰਜੀਤ ਸਿੰਘ, ਅਜੈ ਕੁਮਾਰ ਚੌਧਰੀ ਅਤੇ ਪਰਮਿੰਦਰ ਸਿੰਘ ਟਾਕ

ਪੌਦਾ ਰੋਗ ਵਿਭਾਗ

ਕਣਕ ਦੀ ਪੀਲੀ ਕੁੰਗੀ ਇਕ ਉੱਲੀ ਰੋਗ ਹੈ ਜਿਸਦਾ ਹਮਲਾ ਪੰਜਾਬ ਦੇ ਨੀਮ ਪਹਾੜੀ ਖੇਤਰਾਂ ਜਿਵੇਂ ਕਿ ਰੋਪੜ, ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਪਠਾਨਕੋਟ ਅਤੇ ਗੁਰਦਾਸਪੁਰ ਵਿੱਚ ਦਸੰਬਰ-ਜਨਵਰੀ ਦੇ ਮਹੀਨੇ ਅਕਸਰ ਵੇਖਣ ਨੂੰ ਮਿਲਦਾ ਹੈ। ਜੇਕਰ ਇਸ ਨੂੰ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਸਾਡੇ ਕਿਸਾਨ ਵੀਰਾਂ ਦਾ ਬਹੁਤ ਵੱਡੇ ਪੱਧਰ ਤੇ ਨੁਕਸਾਨ ਹੋ ਸਕਦਾ ਹੈ।ਪੀਲੀ ਕੁੰਗੀ ਆਪ ਮੁਹਾਰੇ ਉੱਗੀ ਕਣਕ ਅਤੇ ਪਹਾੜੀ ਖੇਤਰਾਂ ਵਿੱਚ ਬੀਜੀ ਜਾਣ ਵਾਲੀ ਕਣਕ ਦੀ ਫਸਲ ਤੇ ਪਲਦੀ ਰਹਿੰਦੀ ਹੈ। ਉੱਲੀ ਦੇ ਕਣ ਹਵਾ ਦੇ ਵਹਾਅ ਰਾਹੀਂ ਨੀਮ ਪਹਾੜੀ ਇਲਾਕਿਆਂ ਵੱਲ ਆਉਂਦੇ ਹਨ ਅਤੇ ਫਿਰ ਬਾਅਦ ਵਿੱਚ ਇਹ ਕਣ ਹਵਾ ਵਿੱਚ ਰਲ ਕੇ ਬਾਕੀ ਦੇ ਖੇਤਰਾਂ ਵਿੱਚ ਬਿਮਾਰੀ ਫੈਲਾਉਣ ਦਾ ਜ਼ਰੀਆ ਬਣਦੇ ਹਨ। ਪੀਲੀ ਕੁੰਗੀ ਦੇ ਕਣ ਹਲਦੀਨੁਮਾ ਪੀਲੇ ਧੂੜੇ ਦੇ ਰੂਪ ਵਿੱਚ ਪੈਦਾ ਹੁੰਦੇ ਹਨ ਅਤੇ ਬਾਅਦ ਵਿੱਚ ਹਵਾ 'ਚ ਰਲ ਕੇ ਇੱਕ ਖੇਤ ਤੋਂ ਦੂਜੇ ਖੇਤ ਵਿੱਚ ਫੈਲ ਜਾਂਦੇ ਹਨ।ਜੇਕਰ ਬਿਮਾਰੀ ਨਾਲ ਪ੍ਰਭਾਵਿਤ ਬੂਟੇ ਦੇ ਪੱਤਿਆਂ ਨੂੰ ਛੂਹਿਆ ਜਾਵੇ ਜਾਂ ਇਨ੍ਹਾਂ ਧੌੜੀਆਂ ਵਿੱਚੋਂ ਲੰਘਣ ਤੇ ਇਸ ਦਾ ਪੀਲਾ ਧੂੜਾ ਸਾਡੇ ਹੱਥਾਂ ਜਾਂ ਕੱਪੜਿਆਂ ਨੂੰ ਲੱਗ ਜਾਂਦਾ ਹੈ। ਅਨੁਕੂਲ ਹਾਲਤਾਂ ਵਿੱਚ ਕਣਕ ਦੀ ਫਸਲ ਤੇ ਪੀਲੀ ਕੁੰਗੀ ਦਾ ਹਮਲਾ ਇਸ ਦਾ ਸੰਵੇਦਨਸ਼ੀਲ (ਟਾਕਰਾ ਨਾ ਕਰਨ ਵਾਲੀਆਂ) ਕਿਸਮਾਂ ਤੇ ਇੱਕ ਪੱਤੇ ਦੇ ਆਉਣ ਤੋਂ ਲੈ ਕੇ ਬੂਟੇ ਦੇ ਹਰਾ-ਭਰਾ ਰਹਿਣ ਤੱਕ, ਕਿਸੇ ਵੀ ਸਮੇਂ ਵੀ ਹੋ ਸਕਦਾ ਹੈ।

ਪੀਲੀ ਕੁੰਗੀ ਦਾ ਜ਼ਿਆਦਾ ਹਮਲਾ ਅਤੇ ਵਾਧਾ ਉਸ ਖੇਤਰ ਦੇ ਵਾਤਾਵਰਣ (ਠੰਡਾ ਅਤੇ ਵੱਧ ਨਮੀ ਵਾਲਾ ਮੌਸਮ) ਅਤੇ ਸੰਵੇਦਨਸ਼ੀਲ (ਬਿਮਾਰੀ ਦਾ ਨਾ ਟਾਕਰਾ ਕਰਨ ਵਾਲੀਆਂ) ਕਿਸਮਾਂ ਦੀ ਬਿਜਾਈ ਤੇ ਨਿਰਭਰ ਕਰਦਾ ਹੈ।ਜਦੋਂ ਰਾਤ ਦਾ ਤਾਪਮਾਨ ਘੱਟੋ-ਘੱਟ 7-13 ਡਿਗਰੀ ਸੈਂਟੀਗ੍ਰੇਡ, ਦਿਨ ਦਾ ਵੱਧ ਤੋਂ ਵੱਧ ਤਾਪਮਾਨ 15-24 ਡਿਗਰੀ ਸੈਂਟੀਗ੍ਰੇਡ ਤੱਕ ਹੋਵੇ ਅਤੇ ਹਵਾ ਵਿੱਚ ਨਮੀ ਦੀ ਮਾਤਰਾ 85-100% ਤੱਕ ਹੋਵੇ ਤਾਂ ਅਜਿਹੇ ਮੌਸਮੀ ਹਾਲਾਤ ਬਿਮਾਰੀ ਦੇ ਵਧਣ ਅਤੇ ਫੈਲਣ ਵਿੱਚ ਬਹੁਤ ਸਹਾਇਕ ਹੁੰਦੇ ਹਨ। ਸੰਵੇਦਨਸ਼ੀਲ ਕਿਸਮਾਂ ਉੱਪਰ ਜੇਕਰ ਇਸ ਬਿਮਾਰੀ ਨੂੰ ਰੋਕਣ ਲਈ ਸਹੀ ਸਮੇਂ ਤੇ ਕਾਰਵਾਈ ਨਾ ਕੀਤੀ ਜਾਵੇ ਤਾਂ ਇਸ ਨਾਲ ਕਿਸਾਨ ਵੀਰਾਂ ਦਾ ਬਹੁਤ ਵੱਡੇ ਪੱਧਰ ਉੱਤੇ ਨੁਕਸਾਨ ਹੋ ਸਕਦਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਪੀਲੀ ਕੁੰਗੀ ਦੀ ਰੋਕਥਾਮ ਲਈ ਸਰਵਪੱਖੀ ਢੰਗ ਅਪਣਾਉਣੇ ਬਹੁਤ ਜ਼ਰੂਰੀ ਹਨ ਜਿਵੇਂ ਕਿ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ (ਪੀ. ਬੀ. ਡਬਲਯੂ ਜ਼ਿੰਕ 2, ਪੀ. ਬੀ. ਡਬਲਯੂ ਆਰ ਐਸ 1, ਪੀ. ਬੀ. ਡਬਲਯੂ 725, ਉੱਨਤ ਪੀ. ਬੀ. ਡਬਲਯੂ 550 ਅਤੇ ਉੱਨਤ ਪੀ. ਬੀ. ਡਬਲਯੂ 660) ਦੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਖਾਸ ਤੌਰ ਤੇ ਨੀਮ ਪਹਾੜੀ ਇਲਾਕਿਆਂ ਵਿੱਚ ਅਕਤੂਬਰ ਦੇ ਮਹੀਨੇ ਕਣਕ ਦੀ ਬਿਜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਅਗੇਤੀ ਬਿਜਾਈ ਨਾਲ ਬਿਮਾਰੀ ਦੇ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਹਨਾਂ ਖੇਤਰਾਂ ਵਿੱਚ ਪਾਣੀ ਲਾਉਣ/ਮੀਂਹ ਪੈਣ ਤੋਂ ਬਾਅਦ ਪੀਲੀ ਕੁੰਗੀ ਦੀ ਆਮਦ ਦੇਖਣ ਲਈ ਅੱਧ ਦਸੰਬਰ ਤੋਂ ਬਾਅਦ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਬਿਮਾਰੀ ਦਾ ਹਮਲਾ ਨਜ਼ਰ ਆਉਣ ਤੇ ਕਣਕ ਦੀ ਫਸਲ ਉੱਪਰ 300 ਗ੍ਰਾਮ ਤਾਕਤ 75 ਡਬਲਯੂ ਪੀ (ਕੈਪਟਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਯੂ ਜੀ (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 21 75 ਡਬਲਯੂ ਜੀ (ਟ੍ਰਾਈਫਲੋਕਸੀਸਟ੍ਰੋਬਿਨ+ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਅੰਮਪੈਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਇਪਰਾਕੋਨਾਜ਼ੋਲ) ਜਾਂ 200 ਮਿਲੀਲਿਟਰ ਉਪੇਰਾ 18.3 ਐਸ ਈ (ਪਾਈਰੈਕਲੋਸਟ੍ਰੋਬਿਨ + ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲਿਟਰ ਕਸਟੋਡੀਆ 320 ਐਸ ਸੀ (ਐਜ਼ੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲਿਟਰ ਟਿਲਟ 25 ਈ ਸੀ/ਸ਼ਾਈਨ 25 ਈ ਸੀ/ਬੰਪਰ 25 ਈ ਸੀ/ਸਟਿਲਟ 25 ਈ ਸੀ/ਕੰਪਾਸ 25 ਈ ਸੀ/ਮਾਰਕਜ਼ੋਲ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰਨਾ ਚਾਹੀਦਾ ਹੈ। ਸ਼ੁਰੂ ਵਿੱਚ ਪੀਲੀ ਕੁੰਗੀ ਦੇ ਹਮਲੇ ਵਾਲੀਆਂ ਧੌੜੀਆਂ ਤੇ ਹੀ ਉੱਲੀਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ। ਖੇਤਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਉ।ਕਿਸਾਨ ਵੀਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਿਸੇ ਵੀ ਇੱਕ ਉੱਲੀਨਾਸ਼ਕ ਦਾ ਲਗਾਤਾਰ ਛਿੜਕਾਅ ਨਾ ਕਰਨ ਕਿਉਂਕਿ ਅਜਿਹਾ ਕਰਨ ਨਾਲ ਪੀਲੀ ਕੁੰਗੀ ਦੀ ਉੱਲੀ ਵਿੱਚ ਉਸ ਪ੍ਰਤੀ ਸਹਿਣਸ਼ੀਲਤਾ ਆ ਸਕਦੀ ਹੈ।

ਪਿਛਲੇ ਕੁਝ ਸਾਲਾਂ ਤੋਂ ਰਸਾਇਣ-ਮੁਕਤ ਕਣਕ ਦੀ ਵਧ ਰਹੀ ਮੰਗ ਕਾਰਨ ਪੰਜਾਬ ਵਿੱਚ ਜੈਵਿਕ ਖੇਤੀ ਅਧੀਨ ਆਉਂਦੇ ਰਕਬੇ ਵਿੱਚ ਵਾਧਾ ਦੇਖਿਆ ਗਿਆ ਹੈ। ਜੈਵਿਕ ਖੇਤੀ ਦੇ ਨਿਯਮਾਂ ਅਨੁਸਾਰ ਕਣਕ ਦੀ ਫਸਲ ਉੱਪਰ ਉੱਲੀਨਾਸ਼ਕਾਂ ਦੀ ਵਰਤੋਂ ਕਰਨ ਤੇ ਸਖ਼ਤ ਮਨਾਹੀ ਹੈ। ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਜੈਵਿਕ ਖੇਤੀ ਪ੍ਰਣਾਲੀ ਅਧੀਨ ਆਉਂਦੀ ਕਣਕ ਵਿੱਚ ਪੀਲੀ ਕੁੰਗੀ ਦੀ ਰੋਕਥਾਮ ਲਈ 20% ਖੱਟੀ ਲੱਸੀ ਦੀ ਸਿਫਾਰਿਸ਼ ਦਿੱਤੀ ਗਈ ਹੈ। ਇਸ ਸਿਫਾਰਿਸ਼ ਅਨੁਸਾਰ ਕਣਕ ਦੀ ਫਸਲ ਤੇ ਕੁਲ ਚਾਰ ਛਿੜਕਾਅ ਕੀਤੇ ਜਾਣੇ ਚਾਹੀਦੇ ਹਨ। ਇੱਕ ਏਕੜ ਦੀ ਫਸਲ ਤੇ ਛਿੜਕਾਅ ਕਰਨ ਲਈ 40 ਲਿਟਰ ਖੱਟੀ ਲੱਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਇਸ ਘੋਲ ਦਾ ਪਹਿਲਾ ਛਿੜਕਾਅ ਕਣਕ ਦੀ ਬਿਜਾਈ ਤੋਂ ਇੱਕ ਮਹੀਨੇ ਬਾਅਦ ਕਰ ਦਿਓ। ਬਾਅਦ ਵਿੱਚ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 10 ਦਿਨਾਂ ਦੇ ਵਕਫੇ 'ਤੇ 3 ਹੋਰ ਛਿੜਕਾਅ ਕਰੋ। ਇਸ ਤਰ੍ਹਾਂ ਕਰਨ ਨਾਲ ਜੈਵਿਕ ਖੇਤੀ ਅਧੀਨ ਆਉਂਦੀ ਕਣਕ ਦੀ ਫਸਲ ਨੂੰ ਪੀਲੀ ਕੁੰਗੀ ਦੇ ਹਮਲੇ ਤੋਂ ਬੜੀ ਆਸਾਨੀ ਨਾਲ ਬਚਾ ਸਕਦੇ ਹਾਂ।

ਅਮਰਜੀਤ ਸਿੰਘ: 70095-7357

ਕਣਕ ਦੀ ਫ਼ਸਲ ਵਿੱਚ ਚੂਹਿਆਂ ਦੀ ਰੋਕਥਾਮ

ਬੀ. ਕੇ. ਬੱਬਰ, ਰਾਜਵਿੰਦਰ ਸਿੰਘ ਅਤੇ ਤੇਜਦੀਪ ਕੌਰ ਕਲੇਰ

ਜੀਵ ਵਿਗਿਆਨ ਵਿਭਾਗ

ਕਣਕ ਪੰਜਾਬ ਦੀ ਮੁੱਖ ਅਨਾਜ ਫ਼ਸਲ ਹੈ।ਕਈ ਤਰਾਂ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਕਣਕ ਦੇ ਝਾੜ ਨੂੰ ਘਟਾਉਂਦੇ ਹਨ ਜਿਹਨਾਂ ਵਿੱਚ ਚੂਹੇ ਵੀ ਮੁੱਖ ਹਨ।

ਚੂਹਿਆਂ ਦੀਆਂ ਕਿਸਮਾਂ:- ਪੰਜਾਬ ਵਿੱਚ ਮੁੱਖ ਤੌਰ ਤੇ ਢਕੀਆਂ ਖੁੱਡਾਂ ਵਾਲਾ ਚੂਹਾ, ਭੂਰਾ ਚੂਹਾ, ਨਰਮ ਚਮੜੀ ਵਾਲਾ ਚੂਹਾ ਤੇ ਖੇਤਾਂ ਦੀ ਚੂਹੀ ਖੇਤਾਂ ਵਿੱਚ ਨੁਕਸਾਨ ਕਰਦੇ ਹਨ ਅਤੇ ਘਰਾਂ ਦਾ ਚੂਹਾ ਤੇ ਘਰਾਂ ਦੀ ਚੂਹੀ ਘਰਾਂ ਜਾਂ ਮੁਰਗੀਖਾਨਿਆਂ ਆਦਿ ਵਿੱਚ ਨੁਕਸਾਨ ਕਰਦੇ ਹਨ।

ਚੂਹਿਆਂ ਦੁਆਰਾ ਨੁਕਸਾਨ:- ਚੂਹੇ ਵੱਖ-ਵੱਖ ਫਸਲਾਂ ਵਿੱਚ 2-15% ਤੱਕ ਨੁਕਸਾਨ ਕਰਦੇ ਹਨ।ਗੋਦਾਮਾਂ ਵਿੱਚ ਭੰਡਾਰ ਕੀਤੇ ਅਨਾਜ਼ ਨੂੰ ਚੂਹੇ 5-10% ਤੱਕ ਖਾ ਕੇ ਨੁਕਸਾਨ ਕਰਨ ਤੋਂ ਇਲਾਵਾ ਦਾਣਿਆਂ ਵਿੱਚ ਮਲਮੂਤਰ ਕਰਕੇ ਇਹਨਾਂ ਦਾ ਨੁਕਸਾਨ ਕਰਦੇ ਹਨ ।

ਜ਼ਹਿਰਾਂ ਦੀ ਵਰਤੋਂ ਤੋਂ ਬਿਨਾਂ ਚੂਹਿਆਂ ਦੀ ਰੋਕਥਾਮ

- ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਖੇਤਾਂ ਵਿੱਚ ਪੁਰਾਣੀਆਂ ਵੱਟਾਂ,ਖਾਲ ਅਤੇ ਪਗਡੰਡੀਆਂ ਵਗੈਰਾ ਜਿਹਨਾਂ ਵਿੱਚ ਚੂਹਿਆਂ ਦੀਆਂ ਖੁੱਡਾਂ ਜ਼ਿਆਦਾ ਹੁੰਦੀਆਂ ਹਨ, ਕੁਝ ਸਮੇਂ ਬਾਅਦ ਢਾਹ ਕੇ ਨਵੀਆਂ ਬਣਾਉਣ।
- ਖੇਤਾਂ ਵਿਚਲੀਆਂ ਵੱਟਾਂ ਜਿਆਦਾ ਉੱਚੀਆਂ ਅਤੇ ਚੌੜੀਆਂ ਨਾ ਬਣਾਉਣ।
- ਨਦੀਨ, ਘਾਹ ਅਤੇ ਝਾੜੀਆਂ ਆਦਿ ਚੂਹਿਆਂ ਨੂੰ ਲੁਕਣ ਵਿੱਚ ਸਹਾਇਤਾ ਕਰਦੀਆਂ ਹਨ ਤੇ ਔਖੇ ਸਮੇਂ ਵਿੱਚ ਉਹਨਾਂ ਦੇ ਭੋਜਨ ਦਾ ਬਦਲ ਬਣਦੀਆਂ ਹਨ। ਇਸ ਲਈ ਕਿਸਾਨ ਵੀਰਾਂ ਨੂੰ ਨਦੀਨਾਂ ਦੀ ਰੋਕਥਾਮ ਸਮੇਂ-ਸਮੇਂ ਸਿਰ ਕਰਨੀ ਚਾਹੀਦੀ ਹੈ।
- ਖੇਤਾਂ ਦੇ ਆਸ-ਪਾਸ ਅਣਵਾਹੀਆਂ ਜ਼ਮੀਨਾਂ, ਰੇਲਵੇ ਲਾਈਨਾਂ ,ਨਹਿਰਾਂ, ਸੜਕਾਂ ਆਦਿ ਦੇ ਨਾਲ ਲਗਦੇ ਖੇਤਾਂ ਜਾਂ ਸ਼ਾਮਲਾਟ ਜ਼ਮੀਨਾਂ ਵਿੱਚ ਚੂਹੇ ਬਹੁਤ ਖੁੱਡਾਂ ਬਣਾਉਂਦੇ ਹਨ,ਇਸ ਲਈ ਇਹਨਾਂ ਥਾਵਾਂ ਉੱਤੇ ਚੂਹਿਆਂ ਦੀ ਰੋਕਥਾਮ ਜ਼ਰੂਰ ਕਰਨੀ ਚਾਹੀਦੀ ਹੈ।
- ਰੌਣੀ ਕਰਨ ਵੇਲੇ ਚੂਹਿਆਂ ਦੀਆਂ ਖੁੱਡਾਂ ਵਿੱਚ ਪਾਣੀ ਭਰਨ ਨਾਲ ਬਾਹਰ ਆਉਂਦੇ ਚੂਹਿਆਂ ਨੂੰ ਸੋਟੀ ਨਾਲ ਮਾਰ ਦੇਣਾ ਚਾਹੀਦਾ ਹੈ।
- ਡਿੱਗੀਆਂ ਫਸਲਾਂ ਜਿਵੇਂ ਕਿ ਕਮਾਦ ਆਦਿ ਨੂੰ ਚੂਹੇ ਜ਼ਿਆਦਾ ਨੁਕਸਾਨ ਕਰਦੇ ਹਨ, ਇਸ ਲਈ ਫਸਲਾਂ ਨੂੰ ਡਿੱਗਣ ਤੋਂ ਬਚਾਉਣਾ ਚਾਹੀਦਾ ਹੈ।
- ਅਸੀਂ ਲੱਕੜ ਦੀ ਕੁੜਿੱਕੀ ਜਾਂ ਲੋਹੇ ਦਾ ਦੋ ਮੂੰਹਾਂ ਵਾਲਾ ਪਿੰਜਰਾ ਜਿਸ ਨਾਲ ਇੱਕ ਵਾਰ ਵਿੱਚ ਕਾਫੀ ਚੂਹੇ ਫੜੇ ਜਾ ਸਕਦੇ ਹਨ, ਨੂੰ 16 ਪਿੰਜਰੇ/ਏਕੜ ਲਗਾ ਕੇ ਚੂਹੇ ਫੜ ਸਕਦੇ ਹਾਂ, ਜਿਨ੍ਹਾਂ ਨੂੰ ਬਾਅਦ ਵਿੱਚ ਪਾਣੀ ਵਿੱਚ ਡੁਬੋ ਕੇ ਮਾਰ ਦੇਣਾ ਚਾਹੀਦਾ ਹੈ।ਇੱਕ ਥਾਂ ਤੋਂ ਲਗਾਤਾਰ 3-4 ਦਿਨ ਚੂਹੇ ਫੜਨੇ ਚਾਹੀਦੇ ਹਨ ਅਤੇ ਪਿੰਜਰਿਆਂ ਦੀ ਜਗ੍ਹਾ ਬਦਲ ਦੇਣੀ ਚਾਹੀਦੀ ਹੈ।ਯਾਦ ਰੱਖੋ ਚੂਹਾ ਫੜਨ ਤੋਂ ਬਾਅਦ ਪਿੰਜਰੇ ਨੂੰ ਧੋਣਾ ਨਾ ਭੁੱਲੋ।
- ਕੁੱਤੇ, ਬਿੱਲੀ, ਉੱਲੂ, ਸੱਪ, ਨਿਉਲਾ, ਗੋਹ ਆਦਿ ਚੂਹਿਆਂ ਦੇ ਕੁਦਰਤੀ ਦੁਸ਼ਮਣ ਹਨ।ਇਸ ਲਈ ਸਾਨੂੰ ਇਹਨਾਂ ਦੀ ਜਨਸੰਖਿਆ ਨੂੰ ਪ੍ਰਫੁਲਿਤ ਕਰਨਾ ਚਾਹੀਦਾ ਹੈ।ਉੱਲੂਆਂ ਵਾਸਤੇ ਖੇਤਾਂ ਲਾਗੇ ਦਰਖਤਾਂ ਉਪਰ ਲੱਕੜ ਦੇ ਬਣੇ ਆਲ੍ਹਣੇ ਵੀ ਰੱਖੇ ਜਾ ਸਕਦੇ ਹਨ।

ਜ਼ਹਿਰਾਂ ਦੀ ਵਰਤੋਂ ਨਾਲ ਚੂਹਿਆਂ ਦੀ ਰੋਕਥਾਮ

- ਦੋ ਜ਼ਹਿਰਾਂ ਜ਼ਿੰਕ ਫ਼ਾਸਫਾਈਡ (2%) ਅਤੇ ਬਰੋਮੋਡਾਇਲੋਨ (0.005%) ਨੂੰ ਵਰਤ ਕੇ ਚੂਹਿਆਂ ਦੀ ਜਨਸੰਖਿਆ ਤੇ ਕਾਬੂ ਪਾਇਆ ਜਾ ਸਕਦਾ ਹੈ।ਜ਼ਿੰਕ ਫ਼ਾਸਫਾਈਡ ਦੇ ਜ਼ਹਿਰੀਲੇ ਚੋਗ ਨੂੰ ਖਾਣ ਉਪਰੰਤ 3-4 ਘੰਟਿਆਂ ਵਿੱਚ ਹੀ ਚੂਹਿਆਂ ਦੀ ਮੌਤ ਹੋ ਜਾਂਦੀ ਹੈ।ਜਿਸ ਕਾਰਨ ਬਾਕੀ ਬਚੇ ਚੂਹਿਆਂ ਨੂੰ ਉਹਨਾਂ ਦੀ ਮੌਤ ਦੇ ਕਾਰਨ ਦਾ ਪਤਾ ਲਗ ਜਾਂਦਾ ਹੈ ਅਤੇ ਉਹ ਚੋਗ ਖਾਣਾ ਛੱਡ ਦਿੰਦੇ ਹਨ।ਇਸ ਲਈ ਦੂਜੀ ਵਾਰ ਜ਼ਿੰਕ ਫ਼ਾਸਫਾਈਡ ਦੀ ਵਰਤੋਂ ਤੋਂ ਪਹਿਲਾਂ 2-3 ਦਿਨ ਸਾਦੇ ਦਾਣੇ ਪਾ ਕੇ ਚੂਹਿਆਂ ਨੂੰ ਗੇਝ ਪਾਉਣੀ ਜ਼ਰੂਰੀ ਹੈ।ਜ਼ਿੰਕ ਫ਼ਾਸਫਾਈਡ ਦੀ ਵਰਤੋਂ ਦੂਜੀ ਵਾਰ ਘੱਟੋ ਘੱਟ 2 ਮਹੀਨੇ ਦੇ ਵਕਫੇ ਤੋਂ ਪਹਿਲਾਂ ਨਾ ਕਰੋ।
- ਬਰੋਮੋਡਾਇਲੋਨ ਖੂਨ ਦੇ ਜੰਮਣ ਨੂੰ ਰੋਕਦਾ ਹੈ ਅਤੇ ਅੰਦਰੂਨੀ ਜਾਂ ਬਾਹਰੀ ਖੂਨ ਵਹਿਣ ਕਾਰਨ ਜਾਨਵਰ ਦੀ ਮੌਤ ਹੋ ਜਾਂਦੀ ਹੈ। ਇਸ ਦਾ ਜ਼ਹਿਰੀਲਾ ਪ੍ਰਭਾਵ ਜ਼ਹਿਰ ਦੇ ਦਾਣੇ ਖਾਣ ਤੋਂ 2-3 ਦਿਨਾਂ ਬਾਅਦ ਸ਼ੁਰੂ ਹੁੰਦਾ ਹੈ, ਜਿਸ ਕਾਰਨ ਚੂਹਿਆਂ ਨੂੰ ਇਸ ਦੇ ਜ਼ਹਿਰੀਲੇਪਣ ਦਾ ਪਤਾ ਨਹੀਂ ਲਗਦਾ ਅਤੇ ਚੋਗ ਨੂੰ ਖਾਣਾ ਨਹੀਂ ਛੱਡਦੇ। ਬਰੋਮੋਡਾਇਲੋਨ ਦੇ ਚੋਗ ਨੂੰ ਜ਼ਿੰਕ ਫ਼ਾਸਫਾਈਡ ਚੋਗ ਦੀ ਵਰਤੋਂ ਦੇ 15 ਦਿਨਾਂ ਬਾਅਦ ਵਰਤਿਆ ਜਾ ਸਕਦਾ ਹੈ।ਫ਼ਸਲਾਂ ਦੇ ਵਿੱਚ ਜ਼ਹਿਰੀਲਾ ਚੋਗ ਉਦੋਂ ਹੀ ਵਰਤਣਾ ਚਾਹੀਦਾ ਹੈ ਜਦੋਂ ਖੇਤ ਵਿੱਚ ਖੱਡਾਂ ਦੀ ਗਿਣਤੀ ਪ੍ਰਤੀ ਏਕੜ 10 ਤੋਂ ਵੱਧ ਹੋਵੇ।

ਜ਼ਹਿਰੀਲਾ ਚੋਗ ਬਣਾਉਣ ਦਾ ਤਰੀਕਾ

ਜ਼ਹਿਰੀਲਾ ਚੋਗ ਬਣਾਉਣ ਵਾਸਤੇ ਇਕ ਕਿੱਲੋ ਕਣਕ ਦੇ ਦਰੜ ਜਾਂ ਬਾਜਰਾ, ਜਵਾਰ ਆਦਿ ਵਿੱਚ 20 ਗ੍ਰਾਮ ਕੋਈ ਵੀ ਖਾਣ ਵਾਲਾ ਰਿਫਾਇੰਡ ਤੇਲ ਅਤੇ 20 ਗ੍ਰਾਮ ਪੀਸੀ ਖੰਡ ਪਾਉ ਅਤੇ ਚੰਗੀ ਤਰ੍ਹਾਂ ਮਿਲਾ ਲਓ। ਫਿਰ ਉਸ ਵਿੱਚ ਜ਼ਿੰਕ ਫ਼ਾਸਫਾਈਡ 25 ਗ੍ਰਾਮ ਜਾਂ ਬਰੋਮੋਡਾਇਲੋਨ 20 ਗ੍ਰਾਮ ਪਾ ਕੇ ਚੰਗੀ ਤਰ੍ਹਾਂ ਮਿਲਾ ਲਉ।ਜਦੋਂ ਵੀ ਜ਼ਰੂਰੀ ਹੋਵੇ ਜ਼ਹਿਰੀਲਾ ਚੋਗ ਹਮੇਸ਼ਾ ਤਾਜ਼ਾ ਤਿਆਰ ਕਰੋ ਅਤੇ ਇਸ ਵਿੱਚ ਕਦੇ ਵੀ ਪਾਣੀ ਨਾ ਮਿਲਾਓ।

ਜ਼ਹਿਰੀਲਾ ਚੋਗ ਵਰਤਣ ਦਾ ਤਰੀਕਾ

ਖੁੱਡਾਂ ਵਿੱਚ ਚੋਗ ਰੱਖਣਾ: ਇਸ ਲਈ ਕਾਗਜ਼ ਦੇ ਟੁਕੜੇ ਉਪਰ 10 ਗ੍ਰਾਮ ਜਹਿਰੀਲਾ ਚੋਗ ਪਾ ਕੇ ਇਕ ਢਿੱਲੀ ਜਿਹੀ ਪੁੜੀ ਬਣਾ ਕੇ ਖੁੱਡ ਵਿੱਚ ਸੋਟੀ ਦੀ ਮਦਦ ਨਾਲ 5-6 ਇੰਚ ਡੂੰਘਾ ਪਾ ਦਿਓ ਅਤੇ ਖੁੱਡ ਨੂੰ ਉੱਪਰੋਂ ਖੁਰਪੇ ਦੀ ਵਰਤੋਂ ਕਰਕੇ ਮਿੱਟੀ ਨਾਲ ਢੱਕ ਦਿਓ। ਕੋਸ਼ਿਸ਼ ਕਰਨੀ ਚਾਹਿਦੀ ਹੈ ਕਿ ਇਕ ਦਿਨ ਪਹਿਲਾਂ ਖੇਤਾਂ ਵਿਚਲੀਆਂ ਸਾਰੀਆਂ ਖੁੱਡਾਂ ਮਿੱਟੀ ਨਾਲ ਬੰਦ ਕਰ ਦਿਉ ਅਤੇ ਅਗਲੇ ਦਿਨ ਜੋ ਖੁੱਡਾਂ ਖੁੱਲੀਆਂ ਹੋਣ ਉਸ ਵਿਚ ਉਪਰੋਕਤ ਦੱਸੇ ਤਰੀਕੇ ਨਾਲ ਇਕ ਪੁੜੀ ਪ੍ਰਤੀ ਖੁੱਡ ਰੱਖ ਦਿਓ।

ਖੇਤਾਂ ਵਿਚ ਵਰਤੋਂ: ਇਸ ਵਾਸਤੇ 10-10 ਗ੍ਰਾਮ ਜ਼ਹਿਰੀਲਾ ਚੋਗ ਕਾਗਜ਼ ਦੇ ਟੁਕੜਿਆਂ ਉਪਰ ਪਾ ਕੇ ਖੇਤ ਵਿੱਚ ਵੱਟਾਂ ਦੇ ਨਾਲ-ਨਾਲ ਇੱਕ ਏਕੜ ਵਿੱਚ 40 ਥਾਵਾਂ ਤੇ (400 ਗ੍ਰਾਮ/ਏਕੜ) ਰੱਖੋ।ਇਹ ਢੰਗ ਉਦੋ ਹੀ ਅਪਨਾਉ ਜਦੋਂ ਫਸਲ ਕਾਫੀ ਉੱਚੀ ਹੋ ਜਾਵੇ, ਨਹੀਂ ਤਾਂ ਦੂਸਰੇ ਜਾਨਵਰ ਜਿਵੇਂ ਕਿ ਪੰਛੀ ਆਦਿ ਇਸ ਨੂੰ ਖਾ ਕੇ ਮਰ ਸਕਦੇ ਹਨ।ਇਸ ਲਈ ਜ਼ਹਿਰੀਲੇ ਚੋਗ ਦੀ ਵਰਤੋਂ ਹਮੇਸ਼ਾ ਸ਼ਾਮ ਵੇਲੇ ਹੀ ਕਰੋ।

ਵੱਖ-ਵੱਖ ਫਸਲਾਂ ਵਿੱਚ ਜ਼ਹਿਰੀਲਾ ਚੋਗ ਰੱਖਣ ਦਾ ਸਮਾਂ ਅਤੇ ਤਰੀਕਾ

ਕਣਕ

- ਰਵਾਇਤੀ ਤਰੀਕੇ ਨਾਲ ਬੀਜੀ ਕਣਕ ਵਿੱਚ ਅੱਧ ਫਰਵਰੀ ਤੋਂ ਸ਼ੁਰੂ ਮਾਰਚ ਦੌਰਾਨ (ਦੁਧੀਆ ਦਾਣੇ ਪੈਣ ਤੋਂ ਪਹਿਲਾਂ) ਜ਼ਿੰਕ ਫ਼ਾਸਫਾਈਡ ਜਾਂ ਬਰੋਮੋਡਾਇਲੋਨ ਵਾਲਾ ਚੋਗ 400 ਗ੍ਰਾਮ ਪ੍ਰਤੀ ਏਕੜ ਖੇਤਾਂ ਵਿੱਚ 40 ਥਾਵਾਂ ਤੇ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ।
- ਹੈਪੀਸੀਡਰ/ਸੁਪਰਸੀਡਰ ਨਾਲ ਬੀਜੀ ਕਣਕ ਦੇ ਖੇਤਾਂ ਵਿੱਚ ਬਿਜਾਈ ਤੋਂ ਬਾਅਦ ਖੁੱਡਾਂ ਵਿੱਚ 10-15 ਦਿਨਾਂ ਦੇ ਵਕਫੇ ਤੇ ਦੋ ਵਾਰ ਜ਼ਿੰਕ ਫ਼ਾਸਫਾਈਡ ਜਾਂ ਬਰੋਮੋਡਾਇਲੋਨ ਦੇ ਚੋਗ ਦੀ ਵਰਤੋਂ ਕਰੋ। ਇਸ ਤੋਂ ਇਲਾਵਾ ਅੱਧ ਫਰਵਰੀ ਤੋਂ ਸ਼ੁਰੂ ਮਾਰਚ ਦੌਰਾਨ (ਦੁਧੀਆ ਦਾਣੇ ਪੈਣ ਤੋਂ ਪਹਿਲਾਂ) ਜ਼ਿੰਕ ਫ਼ਾਸਫਾਈਡ ਜਾਂ ਬਰੋਮੋਡਾਇਲੋਨ ਦਾ ਚੋਗ 400 ਗ੍ਰਾਮ ਪ੍ਰਤੀ ਏਕੜ ਵੱਟਾਂ ਦੇ ਨਾਲ-ਨਾਲ 40 ਥਾਵਾਂ ਤੇ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ।
- ਜ਼ੀਰੋ ਟਿਲੇਜ਼ ਤਰੀਕੇ ਨਾਲ ਬੀਜੀ ਕਣਕ ਵਿੱਚ ਬਿਜਾਈ ਤੋਂ ਪਹਿਲਾਂ ਜ਼ਿੰਕ ਫ਼ਾਸਫਾਈਡ ਦਾ ਜ਼ਹਿਰੀਲਾ ਚੋਗ ਰੱਖੋ ਅਤੇ ਦੂਜੀ ਵਾਰ ਜ਼ਿੰਕ ਫ਼ਾਸਫਾਈਡ ਜਾਂ ਬਰੋਮੋਡਾਇਲੋਨ ਜ਼ਹਿਰੀਲਾ ਚੋਗ 400 ਗ੍ਰਾਮ ਪ੍ਰਤੀ ਏਕੜ ਅੱਧ ਫਰਵਰੀ ਤੋਂ ਸ਼ੁਰੂ ਮਾਰਚ ਦੌਰਾਨ (ਦੁਧੀਆ ਦਾਣੇ ਪੈਣ ਤੋਂ ਪਹਿਲਾਂ) ਫਸਲ ਵਿੱਚ ਰੱਖੋ।

ਜ਼ਹਿਰੀਲਾ ਚੋਗ ਬਣਾਉਣ ਸਮੇਂ ਧਿਆਨ ਦੇਣ ਯੋਗ ਗੱਲਾਂ:-

- ਜ਼ਹਿਰੀਲਾ ਚੋਗ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਰੱਖੋ।
- ਜ਼ਹਿਰੀਲਾ ਚੋਗ ਬਣਾਉਂਦੇ ਸਮੇਂ ਮੂੰਹ ਉੱਤੇ ਮਾਸਕ/ਕਪੜਾ ਜਰੂਰ ਪਾਓ ਤੇ ਹੱਥਾਂ ਤੇ ਦਸਤਾਨੇ ਜਾਂ ਲੰਮੇ ਲਿਫਾਫੇ ਜ਼ਰੂਰ ਬੰਨੋ।
- ਜ਼ਹਿਰੀਲਾ ਚੋਗ ਰੱਖਣ ਤੇ ਖੇਤਾਂ ਵਿੱਚ ਲਿਜਾਣ ਲਈ ਵਰਤੇ ਗਏ ਲਿਫਾਫਿਆਂ ਆਦਿ ਨੂੰ ਬਾਅਦ ਵਿੱਚ ਜ਼ਮੀਨ ਵਿਚ ਟੋਆ ਪੁੱਟ ਕੇ ਦਬਾ ਦੇਣਾ ਚਾਹੀਦਾ ਹੈ।
- ਬਚਿਆ ਹੋਇਆ ਚੋਗ, ਜ਼ਹਿਰਾਂ ਦੇ ਖਾਲੀ ਡੱਬੇ ਜਾਂ ਪੈਕਟ ਅਤੇ ਮਰੇ ਹੋਏ ਚੂਹੇ ਟੋਆ ਪੁੱਟ ਕੇ ਦਬਾ ਦੇਣੇ ਚਾਹੀਦੇ ਹਨ ਤਾਂ ਜੋ ਦੂਜੇ ਜਾਨਵਰ ਇਹਨਾਂ ਨੂੰ ਖਾ ਕੇ ਮਰ ਨਾ ਜਾਣ।
- ਜ਼ਹਿਰੀਲਾ ਚੋਗ ਬਣਾਉਣ ਤੋਂ ਬਾਅਦ ਵਰਤੇ ਗਏ ਭਾਂਡੇ ਅਤੇ ਹੱਥਾਂ ਨੂੰ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ।
- ਜੇਕਰ ਜ਼ਿੰਕ ਫਾਸਫਾਈਡ ਦਵਾਈ ਮਨੁੱਖ ਦੇ ਅੰਦਰ ਚਲੀ ਜਾਵੇ ਤਾਂ ਗਲੇ ਵਿਚ ਉਂਗਲੀ ਮਾਰ ਕੇ ਉਲਟੀ ਕਰਾ ਦਿਓ ਅਤੇ ਡਾਕਟਰ ਕੋਲ ਲੈ ਜਾਓ।
- ਬਰੋਮਾਡਾਇਲੋਨ ਦਾ ਅਸਰ ਡਾਕਟਰ ਦੀ ਨਿਗਰਾਨੀ ਹੇਠ “ਵਿਟਾਮਿਨ-ਕੇ” ਦੇਣ ਨਾਲ ਘਟਾਇਆ ਜਾ ਸਕਦਾ ਹੈ।

ਬੀ ਕੇ ਬੱਬਰ: 99156-36711

ਕਾਲੀ ਗਾਜਰ ਤੋਂ ਕਾਂਜੀ ਬਣਾਉਣ ਦੀ ਤਕਨਾਲੋਜੀ

ਪ੍ਰੀਤਿੰਦਰ ਕੌਰ, ਤਰਸੇਮ ਸਿੰਘ ਢਿਲੋਂ ਅਤੇ ਗੁਲਾਬ ਪੰਡੋਵ

ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ

ਪੀਏਯੂ ਵੱਲੋਂ ਵਿਕਸਿਤ ਕੀਤੀ ਗਈ ਕਾਲੀ ਗਾਜਰ ਦੀ ਕਿਸਮ 'ਪੰਜਾਬ ਬਲੈਕ ਬਿਊਟੀ' ਵਿੱਚ ਪੌਸ਼ਟਿਕਤਾ ਅਤੇ ਗੁਣਵੱਤਾ ਸੰਬੰਧੀ ਵਿਸ਼ੇਸ਼ਤਾਵਾਂ ਹਨ। ਇਸ ਵਿੱਚ ਐਂਥੋਸਾਇਨਿਨ (182 ਮਿ.ਗ੍ਰਾ/100 ਗ੍ਰਾ) ਅਤੇ ਫੀਨੋਲਿਕ ਯੋਗਿਕ (73 ਮਿ.ਗ੍ਰਾ/100 ਗ੍ਰਾ) ਭਰਪੂਰ ਮਾਤਰਾ ਵਿੱਚ ਹਨ, ਜੋ ਐਂਟੀਆਕਸੀਡੈਂਟ ਅਤੇ ਕੈਂਸਰ-ਰੋਕੂ ਗੁਣਾਂ ਲਈ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ, ਇਸ ਵਿੱਚ ਰਸ ਦੀ ਉੱਚੀ ਪੱਧਰ (580 ਮਿ.ਲੀ./ਕਿ.ਗ੍ਰਾ), ਕੈਲਸ਼ੀਅਮ (50 ਮਿ.ਗ੍ਰਾ/100 ਗ੍ਰਾ), ਲੋਹਾ (1.10 ਮਿ.ਗ੍ਰਾ/100 ਗ੍ਰਾ), ਕੁੱਲ ਘੁਲਣਯੋਗ ਠੋਸ 7.5% ਅਤੇ ਸੁੱਕਾ ਪਦਾਰਥ (11%) ਉਚਿਤ ਮਾਤਰਾ ਵਿੱਚ ਮੌਜੂਦ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਕਰਕੇ ਇਹ ਕਿਸਮ ਕਾਂਜੀ ਤਿਆਰ ਕਰਨ ਲਈ ਬਹੁਤ ਢੁਕਵੀਂ ਹੈ।

ਕਾਂਜੀ ਦੀ ਸਾਲ ਭਰ ਉਪਲਬਧਤਾ ਵਧਾਉਣ ਅਤੇ ਇਸ ਦੇ ਜੈਵਿਕ ਗੁਣਾਂ ਨੂੰ ਯਕੀਨੀ ਬਣਾਉਣ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਾਲੀ ਗਾਜਰ ਪਾਊਡਰ ਦੀ ਵਰਤੋਂ ਕਰਕੇ ਤਿਆਰ-ਵਰਤੋਂ ਯੋਗ ਕਾਂਜੀ ਮਿਕਸ ਦਾ ਵਿਕਾਸ ਕੀਤਾ ਗਿਆ ਹੈ। ਰਿਫਰੈਕਟੈਂਸ ਵਿੰਡੋ ਡਰਾਇੰਗ ਤਕਨੀਕ ਤਾਪ ਪ੍ਰਤੀ ਸੰਵੇਦਨਸ਼ੀਲ ਪਦਾਰਥਾਂ ਜਿਵੇਂ ਤਰਲ ਅਤੇ ਪਿਊਰੇ ਨੂੰ ਪਾਊਡਰ, ਫਲੇਕਸ ਵਿੱਚ ਬਦਲਣ ਲਈ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਈ ਹੈ। ਸੁਕਾਉਣ ਦੇ ਰਵਾਇਤੀ ਤਰੀਕਿਆਂ ਦੇ ਮੁਕਾਬਲੇ ਇਹ ਤਕਨੀਕ ਘੱਟ ਤਾਪਮਾਨ, ਘੱਟ ਸਮਾਂ ਅਤੇ ਘੱਟ ਊਰਜਾ ਦੀ ਲੋੜ ਨਾਲ ਉਤਪਾਦ ਦੀ ਪੌਸ਼ਟਿਕ ਅਤੇ ਸਵਾਦ ਗੁਣਵੱਤਾ ਨੂੰ ਬਰਕਰਾਰ ਰੱਖਦੀ ਹੈ।

ਲੈਕਟਿਕ ਐਸਿਡ ਬੈਕਟੀਰੀਆ ਖਣਿਜਾਂ ਅਤੇ ਹੋਰ ਤੱਤਾਂ ਦੀ ਉਪਲਬਧਤਾ ਨੂੰ ਵੀ ਵਧਾਉਂਦੇ ਹਨ, ਜਿਸ ਨਾਲ ਉਤਪਾਦ ਦੀ ਪੌਸ਼ਟਿਕ ਗੁਣਵੱਤਾ ਬਿਹਤਰ ਹੁੰਦੀ ਹੈ। ਇਹ ਸੁੱਕਾ ਕਾਂਜੀ ਮਿਕਸ ਆਸਾਨੀ ਨਾਲ ਤਿਆਰ ਕਰਕੇ ਸੁਗੰਧ ਵਾਲਾ, ਸੁਆਦ ਨਾਲ ਭਰਪੂਰ ਅਤੇ ਸੁਰੱਖਿਅਤ ਪ੍ਰੋਬਾਇਓਟਿਕ ਪੀਣ ਯੋਗ ਪਦਾਰਥ ਬਣਾਇਆ ਜਾ ਸਕਦਾ ਹੈ।ਲੈਬ ਕਲਚਰ ਕਾਲੀ ਗਾਜਰ ਪਾਊਡਰ ਅਤੇ ਮਿਆਰੀ ਮਸਾਲਿਆਂ ਨਾਲ ਤਿਆਰ ਕੀਤੀ ਕਾਂਜੀ ਦੇ ਭੌਤਿਕ-ਰਸਾਇਣਕ ਅਤੇ ਜੀਵਾਣੂ ਗੁਣਾਂ ਦੀ ਜਾਂਚ ਕੀਤੀ ਗਈ, ਜੋ ਪਰੰਪਰਾਗਤ ਤਰੀਕੇ ਨਾਲ ਬਣੀ ਕਾਂਜੀ ਨਾਲੋਂ ਬਿਹਤਰ ਪਾਏ ਗਏ।

ਇਸ ਮਿਆਰੀ ਤਰੀਕੇ ਅਧੀਨ ਕਾਲੀ ਗਾਜਰ ਪਾਊਡਰ ਨੂੰ ਨਿਰਧਾਰਿਤ ਗੁਣਵੱਤਾ ਵਾਲੇ ਪੀਣਯੋਗ ਪਾਣੀ ਵਿੱਚ ਘੋਲ ਕੇ, ਇਸ ਵਿੱਚ ਪੀਸੇ ਹੋਏ ਸਰੋਂ ਦੇ ਦਾਣੇ, ਕਾਲਾ ਨਮਕ, ਲਾਲ ਮਿਰਚ ਪਾਊਡਰ ਅਤੇ ਨਿਰਧਾਰਿਤ ਮਾਤਰਾ ਵਿੱਚ ਲੈਬ ਕਲਚਰ ਸ਼ਾਮਲ ਕੀਤਾ ਜਾਂਦਾ ਹੈ। ਇਹ ਤਿਆਰ-ਵਰਤੋਂ ਯੋਗ ਕਾਂਜੀ ਮਿਕਸ ਵਧੀਕ ਸ਼ੈਲਫ ਲਾਈਫ ਵਾਲਾ ਸ੍ਰੇਸ਼ਠ ਬਦਲ ਹੈ, ਜੋ ਸਾਲ ਭਰ ਉਪਭੋਗਤਾਵਾਂ ਨੂੰ ਕਾਂਜੀ ਦੇ ਕਾਰਗਰ ਅਤੇ ਪ੍ਰੋਬਾਇਓਟਿਕ ਲਾਭ ਪ੍ਰਦਾਨ ਕਰਦਾ ਹੈ।

ਪ੍ਰੀਤਇੰਦਰ ਕੌਰ: 95920-88335

ਕਣਕ ਦੇ ਬੀਜ ਦੀ ਸਫਲ ਪੈਦਾਵਾਰ ਲਈ ਸੁਝਾਅ

ਅਰਸ਼ ਆਲਮ ਸਿੰਘ ਗਿੱਲ ਅਤੇ ਪਰਮਿੰਦਰ ਸਿੰਘ ਸੰਧੂ

ਯੂਨੀਵਰਸਿਟੀ ਬੀਜ ਫਾਰਮ, ਨਾਭਾ

ਬੀਜ ਉਤਪਾਦਨ ਵਿਸ਼ੇਸ ਗਤੀਵਿਧੀ ਹੈ ਜੋ ਆਮ ਅਨਾਜ ਉਤਪਾਦਨ ਤੋਂ ਕਾਫੀ ਵੱਖਰੀ ਹੈ। ਜਦੋਂ ਕਿ ਅਨਾਜ ਉਤਪਾਦਨ ਮੁੱਖ ਤੌਰ ਤੇ ਵੱਧ ਉਪਜ ਪ੍ਰਾਪਤ ਦੇ ਉਦੇਸ਼ ਦਾ ਧਾਰਨੀ ਹੈ, ਬੀਜ ਉਤਪਾਦਨ ਕਿਸਮਾਂ ਦੀ ਸ਼ੁੱਧਤਾ, ਉੱਗਣ ਸ਼ਕਤੀ, ਬਿਮਾਰੀਆਂ ਤੋਂ ਮੁਕਤੀ ਅਤੇ ਇਕਸਾਰਤਾ ਬਣਾਈ ਰੱਖਣ ਤੇ ਕੇਂਦਰਿਤ ਕਰਦਾ ਹੈ। ਵਿਗਿਆਨਕ ਬੀਜ ਉਤਪਾਦਨ ਵਿੱਚ ਖੇਤ ਦੇ ਮਿਆਰਾਂ ਦੀ ਸਖ਼ਤੀ ਨਾਲ ਪਾਲਣਾ, ਧਿਆਨ ਨਾਲ ਫ਼ਸਲ ਪ੍ਰਬੰਧਨ, ਸਮੇਂ ਸਿਰ ਛਾਂਟੀ, ਸਹੀ ਆਈਸੋਲੇਸ਼ਨ, ਯੋਜਨਾਬੱਧ ਰਿਕਾਰਡ ਰੱਖਣਾ, ਅਤੇ ਵਾਢੀ ਤੋਂ ਬਾਅਦ ਸਾਵਧਾਨੀ ਨਾਲ ਸੰਭਾਲ ਸ਼ਾਮਿਲ ਹੈ। ਕਿਸੇ ਵੀ ਪੜਾਅ ਤੇ ਕੋਈ ਵੀ ਲਾਪਰਵਾਹੀ ਬੀਜ ਦੀ ਗੁਣਵੱਤਾ ਵਿੱਚ ਗਿਰਾਵਟ ਦਾ ਕਾਰਨ ਬਣ ਸਕਦੀ ਹੈ। ਇਸ ਲਈ, ਕਣਕ ਦੇ ਬੀਜ ਉਤਾਪਦਨ ਵਿੱਚ ਦਿਲਚਸਪੀ ਰੱਖਣ ਵਾਲੇ ਕਿਸਾਨਾਂ ਨੂੰ ਯੂਨੀਵਰਸਿਟੀ ਵੱਲੋਂ ਕੀਤੀਆਂ ਸਿਫ਼ਾਰਸਾਂ ਅਤੇ ਤਰੀਕਿਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਭਾਰਤ ਵਿੱਚ, ਬੀਜਾਂ ਦੇ ਆਮ ਤੌਰ ਤੇ ਤਿੰਨ ਮਾਨਤਾ ਪ੍ਰਾਪਤ ਵਰਗ ਹਨ, ਬ੍ਰੀਡਰ ਸੀਡ, ਫ਼ਾਊਂਡੇਸ਼ਨ ਸੀਡ ਅਤੇ ਸਰਟੀਫਾਇਡ ਸੀਡ। ਬ੍ਰੀਡਰ ਬੀਜ ਬ੍ਰੀਡਰ ਦੀ ਸਿੱਧੀ ਨਿਗਰਾਨੀ ਹੇਠ ਪੈਦਾ ਕੀਤਾ ਜਾਂਦਾ ਹੈ ਅਤੇ ਹੋਰ ਸਾਰੇ ਬੀਜ ਵਰਗਾਂ ਦਾ ਮੂਲ ਸਰੋਤ ਬਣਦਾ ਹੈ। ਫ਼ਾਊਂਡੇਸ਼ਨ ਬੀਜ ਬ੍ਰੀਡਰ ਬੀਜ ਤੋ ਤਿਆਰ ਕੀਤਾ ਜਾਂਦਾ ਹੈ ਅਤੇ ਉੱਚ ਜੈਨੇਟਿਕ ਸ਼ੁੱਧਤਾ ਬਣਾਈ ਰੱਖਦਾ ਹੈ। ਪ੍ਰਮਾਣਿਤ ਬੀਜ ਫ਼ਾਊਂਡੇਸ਼ਨ ਬੀਜ ਤੋਂ ਤਿਆਰ ਕੀਤਾ ਜਾਂਦਾ ਹੈ ਅਤੇ ਕਿਸਾਨਾਂ ਨੂੰ ਵਪਾਰਕ ਕਾਸ਼ਤ ਲਈ ਉਪਲਬਧ ਕਰਵਾਇਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਵਾਰ-ਵਾਰ ਗੁਣਵੱਤਾ ਵਾਲੇ ਬੀਜ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ ਅਤੇ ਪ੍ਰਗਤੀਸੀਲ ਕਿਸਾਨਾਂ ਨੂੰ ਵਿਅਕਤੀਗਤ ਤੌਰ ਤੇ ਜਾਂ ਸਮੂਹਾਂ ਵਿੱਚ ਬੀਜ ਪੈਦਾ ਕਰਨ ਅਤੇ ਆਪਸ ਵਿੱਚ ਸੁਧਰੀਆਂ ਕਿਸਮਾਂ ਦਾ ਆਦਾਨ-ਪ੍ਰਦਾਨ ਕਰਨ ਲਈ ਉਤਸ਼ਹਿਤ ਕੀਤਾ ਹੈ। ਇਹ ਪਹੁੰਚ ਨਾ ਸਿਰਫ ਬਾਹਰੀ ਬੀਜ ਸਰੋਤਾਂ ਤੇ ਨਿਰਭਰਤਾ ਨੂੰ ਘਟਾਉਂਦੀ ਹੈ ਬਲਕਿ ਪਿੰਡ ਪੱਧਰ ਤੇ ਗੁਣਵੱਤਾ ਵਾਲੇ ਬੀਜ ਦੀ ਸਮੇਂ ਸਿਰ ਉਪਲਬੱਧਤਾ ਨੂੰ ਵੀ ਯਕੀਨੀ ਬਣਾਉਂਦੀ ਹੈ। ਕਣਕ ਦੇ ਬੀਜ ਉਤਪਾਦਨ ਦੀ ਸਫਲਤਾ ਸਹੀ ਖੇਤ ਦੀ ਚੋਣ ਨਾਲ ਸ਼ੁਰੂ ਹੁੰਦੀ ਹੈ। ਚੁਣਿਆ ਹੋਇਆ ਖੇਤ ਉਪਜਾਊ, ਚੰਗੀ ਤਰ੍ਹਾਂ ਪੱਧਰਾ ਅਤੇ ਚੰਗੀ ਤਰ੍ਹਾਂ ਨਿਕਾਸ ਵਾਲਾ ਹੋਣਾ ਚਾਹੀਦਾ ਹੈ, ਕਿਉਂਕਿ ਇਕੱਠਾ ਪਾਣੀ ਫਸਲ ਦੇ ਵਾਧੇ ਅਤੇ ਬੀਜ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦਾ ਹੈ। ਗੁੱਲੀ ਡੰਡਾ, ਜੰਗਲੀ ਜੀਵ, ਜਾਂ ਹੋਰ ਨਦੀਨਾਂ ਨਾਲ ਪ੍ਰਭਾਵਿਤ ਖੇਤਾਂ ਤੋਂ ਬਚਣਾ ਚਾਹੀਦਾ ਹੈ, ।

ਕਣਕ ਦੇ ਬੀਜ ਉਤਪਾਦਨ ਵਿੱਚ ਕਿਸਮਾਂ ਦੀ ਸ਼ੁੱਧਤਾ ਬਣਾਈ ਰੱਖਣ ਲਈ ਵਖਰੇਵੇ ਦੀ ਲੋੜ ਹੈ। ਹਾਲਾਂਕਿ ਕਣਕ ਇੱਕ ਸਵੈ-ਪਰਾਗਿਤ ਫ਼ਸਲ ਹੈ, ਪਰ ਥੋੜਾ ਜਿਹਾ ਕੁਦਰਤੀ ਕਰਾਸ-ਪਰਾਗੀਕਰਨ ਹੋ ਸਕਦਾ ਹੈ। ਇਸ ਲਈ ਬੀਜ ਦੇ ਖੇਤਾਂ ਨੂੰ ਨਿਰਧਾਰਤ ਵਖਰੇਵਾਂ ਦੂਰੀ ਬਣਾਈ ਰੱਖ ਕੇ ਹੋਰ ਕਣਕ ਦੀ ਕਿਸਮਾਂ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ। ਪ੍ਰਮਾਣਿਤ ਬੀਜ ਉਤਾਪਦਨ ਲਈ, ਘੱਟੋ-ਘੱਟ ਤਿੰਨ ਮੀਟਰ ਦੀ ਵਖਰੇਵਾਂ ਦੂਰੀ ਬਣਾਈ ਰੱਖਣੀ ਚਾਹੀਦੀ ਹੈ, ਜਦ ਕਿ ਬ੍ਰੀਡਰ ਅਤੇ ਫ਼ਾਊਂਡੇਸ਼ਨ ਬੀਜ ਉਤਪਾਦਨ ਲਈ, ਵਖਰੇਵਾਂ ਦੂਰੀ ਘੱਟੋ-ਘੱਟ ਪੰਜ ਮੀਟਰ ਹੋਣੀ ਚਾਹੀਦੀ ਹੈ।

ਉਚਿਤ ਬੀਜ ਦਰ ਅਤੇ ਗੁਣਵੱਤਾ ਵਾਲੀ ਬਿਜਾਈ ਸਮੱਗਰੀ ਦੀ ਵਰਤੋਂ ਵੀ ਓਨੀ ਹੀ ਮਹੱਤਵਪੂਰਨ ਹੈ। ਬੀਜ ਉਤਪਾਦਨ ਪਲਾਟਾਂ ਲਈ, ਸਿਰਫ ਸਿਫਾਰਸ਼ ਕੀਤੀ ਕਿਸਮ ਦੇ ਬ੍ਰੀਡਰ ਜਾਂ ਫ਼ਾਊਂਡੇਸ਼ਨ ਬੀਜ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਆਮ ਬਿਜਾਈ ਲਈ ਸਿਫਾਰਸ਼ ਕੀਤੀ ਬੀਜ ਦਰ ਲਗਭਗ 40 ਕਿਲੋਗ੍ਰਾਮ ਪ੍ਰਤੀ ਏਕੜ ਹੈ। ਜੋ ਕਿ ਪੌਦਿਆਂ ਦੀ ਸਹੀ ਅਬਾਦੀ, ਬਿਹਤਰ ਵਾਹੀ ਅਤੇ ਇਕਸਾਰ ਫਸਲ ਦੀ ਖੇਤੀ ਨੂੰ ਯਕੀਨੀ ਬਣਾਉਂਦੀ ਹੈ। ਜ਼ਿਆਦਾ ਬੀਜ ਦਰ ਦੇ ਕਾਰਨ ਫਸਲ ਸੰਘਣੀ ਹੋ ਜਾਂਦੀ ਹੈ, ਪੌਦੇ ਕਮਜ਼ੋਰ ਹੋ ਜਾਂਦੇ ਹਨ ਅਤੇ ਬਿਮਾਰੀ ਵਿੱਚ ਵਾਧਾ ਹੋ ਸਕਦਾ ਹੈ, ਜਦੋਂ ਕਿ ਘੱਟ ਬੀਜ ਦਰ ਉੱਪਜ ਨੂੰ ਘਟਾ ਸਕਦੀ ਹੈ।

ਬੀਜ ਦੀ ਬਿਜਾਈ ਦਾ ਸਮਾਂ ਝਾੜ ਅਤੇ ਬੀਜ ਦੀ ਗੁਣਵੱਤਾ ਦੋਹਾਂ ਨੂੰ ਨਿਰਧਾਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਬੀਜ ਉਤਪਾਦਨ ਦੇ ਦ੍ਰਿਸ਼ਟੀਕੋਣ ਤੋ, ਨਵੰਬਰ ਦੇ ਪਹਿਲੇ ਪੰਦਰਵਾੜੇ ਨੂੰ ਪੰਜਾਬ ਵਿੱਚ ਕਣਕ ਦੀ ਬਿਜਾਈ ਲਈ ਸਹੀ ਮੰਨਿਆ ਜਾਂਦਾ ਹੈ। ਸਮੇਂ ਸਿਰ ਬਿਜਾਈ ਫ਼ਸਲ ਦੇ ਵਿਕਾਸ ਨੂੰ ਯਕੀਨੀ ਬਣਾਉਂਦੀ ਹੈ। ਦੇਰ ਨਾਲ ਕੀਤੀ ਬਿਜਾਈ ਨਾਲ ਅਕਸਰ ਦਾਣੇ ਪੈਣ ਸਮੇਂ ਫਸਲ ਨੂੰ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਬੀਜ ਦੇ ਅਕਾਰ ਅਤੇ ਉੱਗਣ ਤੇ ਮਾੜਾ ਪ੍ਰਭਾਵ ਪਾਉਂਦਾ ਹੈ। ਇਸ ਲਈ ਵਧੀਆ ਬੀਜ ਉਤਪਾਦਨ ਲਈ ਸਮੇਂ ਸਿਰ ਬਿਜਾਈ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ।

ਸਿਹਤਮੰਦ ਅਤੇ ਤਾਕਤਵਰ ਬੀਜ ਪੈਦਾ ਕਰਨ ਲਈ ਸੰਤੁਲਿਤ ਪੌਸ਼ਟਿਕ ਤੱਤ ਜ਼ਰੂਰੀ ਹਨ। ਕਣਕ ਦੇ ਬੀਜ ਉਤਪਾਦਨ ਲਈ ਸਿਫਾਰਸ਼ ਕੀਤੀ ਖਾਦ ਦੀ ਮਾਤਰਾ 50 ਕਿਲੋਗ੍ਰਾਮ ਨਾਈਟ੍ਰੋਜਨ, 25 ਕਿਲੋਗ੍ਰਾਮ ਫਾਸਫੋਰਸ, ਅਤੇ 12 ਕਿਲੋਗ੍ਰਾਮ ਪੋਟਾਸ਼ੀਅਮ ਪ੍ਰਤੀ ਏਕੜ ਹੈ। ਫਸਲ ਦੀ ਮੰਗ ਨੂੰ ਪੂਰਾ ਕਰਨ ਲਈ ਨਾਈਟ੍ਰੋਜਨ ਨੂੰ ਵੰਡ ਕੇ ਦੋ ਖੁਰਾਕਾਂ ਵਿੱਚ ਪਾਇਆ ਜਾਣਾ ਚਾਹੀਦਾ ਹੈ। ਫਾਸਫੋਰਸ ਅਤੇ ਪੋਟਾਸ਼ੀਅਮ ਦੀ ਵਰਤੋਂ ਬਿਜਾਈ ਵੇਲੇ ਕੀਤੀ ਜਾਣੀ ਚਾਹੀਦੀ ਹੈ। ਜੇਕਰ ਘਾਟ ਦੇ ਲੱਛਣ ਦਿਖਾਈ ਦਿੰਦੇ ਹਨ ਤਾਂ ਜ਼ਿੰਕ, ਆਇਰਨ ਜਾਂ ਮੈਗਨੀਜ਼ ਵਰਗੇ ਸੂਖਮ ਪੌਸ਼ਟਿਕ ਤੱਤਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਸਹੀ ਸਿੰਚਾਈ ਪ੍ਰਬੰਧਨ ਬੀਜ ਦੀ ਪੈਦਾਵਾਰ ਅਤੇ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਹੋਰ ਮੁੱਖ ਕਾਰਨ ਹੈ। ਅਕਤੂਬਰ ਵਿੱਚ ਬੀਜੀਆਂ ਗਈਆਂ ਫਸਲਾਂ ਲਈ ਬਿਜਾਈ ਤੋਂ ਲਗਭਗ ਤਿੰਨ ਹਫਤੇ ਬਾਅਦ ਅਤੇ ਬਾਅਦ ਵਿੱਚ ਬੀਜੀਆਂ ਗਈਆਂ ਫਸਲਾਂ ਲਈ ਬਿਜਾਈ ਤੋਂ ਲਗਭਗ ਚਾਰ ਹਫਤੇ ਬਾਅਦ ਪਹਿਲੀ ਸਿੰਚਾਈ ਕੀਤੀ ਜਾਣੀ ਚਾਹੀਦੀ ਹੈ। ਮਿੱਟੀ ਦੀ ਕਿਸਮ ਅਤੇ ਮੌਸਮ ਦੀਆਂ ਸਥਿਤੀਆਂ ਦੇ ਅਧਾਰ ਤੇ, ਬਾਅਦ ਦੀਆਂ ਸਿੰਚਾਈਆਂ ਪੰਜ ਤੋਂ ਛੇ ਹਫਤਿਆਂ ਦੇ ਅੰਤਰਾਲ ਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਆਮਤੌਰ ਤੇ ਸਮੇਂ ਸਿਰ ਬੀਜੀ ਗਈ ਕਣਕ ਦੀ ਫਸਲ ਲਈ ਚਾਰ ਸਿੰਚਾਈਆਂ ਕਾਫੀ ਹੁੰਦੀਆਂ ਹਨ। ਮਾਰਚ ਦੇ ਅੰਤ ਤੱਕ ਲੋੜੀਦੀਂ ਸਿੰਚਾਈ ਫਸਲ ਨੂੰ ਅਚਾਨਕ ਤਾਪਮਾਨ ਵਿੱਚ ਵਾਧੇ ਦਾ ਸਾਹਮਣਾ ਕਰਨ ਵਿੱਚ ਮੱਦਦ ਕਰਦੀ ਹੈ। ਫਸਲ ਨੂੰ ਡਿੱਗਣ ਤੋਂ ਬਚਾਉਣ ਲਈ ਹਵਾ ਵਾਲੇ ਦਿਨਾਂ ਵਿੱਚ ਸਿੰਚਾਈ ਨਹੀਂ ਕਰਨੀ ਚਾਹੀਦੀ।

ਵਾਧੂ ਬੂਟੇ ਕੱਢਣਾ ਜਾਂ ਰੋਗਿੰਗ, ਬੀਜ ਉਤਪਾਦਨ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਵਿਲੱਖਣ ਕਾਰਵਾਈ ਹੈ। ਕਿਸਮ ਤੋਂ ਅਲੱਗ ਪੌਦੇ, ਉਚਾਈ, ਪੱਤਿਆਂ ਦੇ ਰੰਗ ਜਾਂ ਪੱਕਣ ਵਿੱਚ ਮੁੱਖ ਫ਼ਸਲ ਤੋਂ ਵੱਖਰੇ ਹੁੰਦੇ ਹਨ। ਬਿਮਾਰੀ ਵਾਲੇ ਪੌਦਿਆਂ ਅਤੇ ਨਾਲ ਹੀ ਕਣਕ ਵਰਗੇ ਘਾਹ ਨੂੰ ਵੀ ਤੁਰੰਤ ਹਟਾ ਦੇਣਾ ਚਾਹੀਦਾ ਹੈ। ਰੋਗਿੰਗ ਘੱਟੋ-ਘੱਟ ਤਿੰਨ ਵਾਰ ਕੀਤੀ ਜਾਣੀ ਚਾਹੀਦੀ ਹੈ ਸਿੱਟੇ ਤੋਂ ਪਹਿਲਾਂ, ਫੁੱਲ ਆਉਣ ਤੇ ਅਤੇ ਪੱਕਣ ਤੇ। ਸਮੇਂ ਸਿਰ ਅਤੇ ਪੂਰੀ ਤਰਾਂ ਰੋਗਿੰਗ ਉੱਚ ਜੈਨੇਟਿਕ ਸ਼ੁੱਧਤਾ ਨੂੰ ਯਕੀਨੀ ਬਣਾਉਦੀ ਹੈ।

ਬੀਜ ਉਤਪਾਦਨ ਵਿੱਚ ਵਾਢੀ ਤੋਂ ਬਾਅਦ ਸੰਭਾਲਣ ਲਈ ਵਿਸ਼ੇਸ ਧਿਆਨ ਦੀ ਲੋੜ ਹੁੰਦੀ ਹੈ। ਫਸਲ ਦੀ ਕਟਾਈ ਉਦੋਂ ਤੱਕ ਕੀਤੀ ਜਾਣੀ ਚਾਹੀਦੀ ਹੈ, ਜਦੋਂ ਦਾਣੇ ਪੂਰੀ ਤਰ੍ਹਾਂ ਪੱਕ ਜਾਣ, ਸਖਤ ਹੋਣ ਤੇ ਸੁਨਹਿਰੀ ਰੰਗ ਪ੍ਰਾਪਤ ਕਰ ਲੈਣ। ਥਰੈਸ਼ਿੰਗ ਦੌਰਾਨ ਮਕੈਨੀਕਲ ਮਿਸ਼ਰਣਾਂ ਤੋਂ ਬਚਣਾ ਚਾਹੀਦਾ ਹੈ। ਹਰੇਕ ਕਿਸਮ ਲਈ ਵੱਖਰੇ ਅਤੇ ਚੰਗੀ ਤਰ੍ਹਾਂ ਸਾਫ ਕੀਤੇ ਥਰੈਸ਼ਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਵੱਖ-ਵੱਖ ਕਿਸਮਾਂ ਦੇ ਬੀਜਾਂ ਨੂੰ ਕਦੇ ਵੀ ਮਿਲਾਇਆ ਨਹੀਂ ਜਾਣਾ ਚਾਹੀਦਾ। ਸਟੋਰੇਜ ਤੋਂ ਪਹਿਲਾਂ ਨਮੀ ਮਾਤਰਾ ਨੂੰ ਲਗਭਗ 12 ਪ੍ਰਤੀਸ਼ਤ ਤੱਕ ਵਧਾਉਣ ਲਈ ਬੀਜਾਂ ਨੂੰ ਸਹੀ ਢੰਗ ਨਾਲ ਧੁੱਪ ਵਿੱਚ ਸੁਕਾਉਣਾ ਜ਼ਰੂਰੀ ਹੈ। ਬੀਜ ਪ੍ਰੋਸੈਸਿੰਗ ਗੁਣਵੱਤਾ ਵਾਲੇ ਬੀਜ ਉਤਪਾਦਨ ਵਿੱਚ ਆਖਰੀ ਮਹੱਤਵਪੂਰਣ ਕਦਮ ਹੈ।

ਅਰਸ਼ ਆਲਮ ਗਿੱਲ: 84770-00001

ਪੋਸ਼ਣ ਲਈ ਅਨਮੋਲ ਖੁਰਾਕ: ਤਿਲ

ਮੋਨਿਕਾ ਚੌਧਰੀ ਅਤੇ ਸੰਜੁਲਾ ਸ਼ਰਮਾ

ਭੋਜਨ ਅਤੇ ਪੋਸ਼ਣ ਵਿਭਾਗ

ਤਿਲ ਦੇ ਬੀਜ ਮਨੁਖੀ ਪੋਸ਼ਣ ਦਾ ਉੱਤਮ ਸਰੋਤ ਹਨ। ਤਿਲਾਂ ਵਿੱਚ 40-53% ਉੱਚ-ਗੁਣਵੱਤਾ ਵਾਲਾ ਤੇਲ ਹੁੰਦਾ ਹੈ, ਜੋ ਤਿਲ ਨੂੰ ਸਭ ਤੋਂ ਲਾਹੇਵੰਦ ਤੇਲਬੀਜ ਫ਼ਸਲਾਂ ਵਿੱਚੋਂ ਇੱਕ ਬਣਾਉਂਦਾ ਹੈ। ਇਸ ਦੇ 65% ਬੀਜਾਂ ਨੂੰ ਤੇਲ ਬਣਾਉਣ ਲਈ ਅਤੇ ਬਾਕੀ ਬੀਜਾਂ ਨੂੰ ਸਿੱਧਾ ਵਰਤਿਆ ਜਾਂਦਾ ਹੈ।ਤਿਲਾਂ ਨੂੰ ਇਸਦੇ ਸੁਆਦਲੇ, ਗਿਰੀਦਾਰ ਸਵਾਦ ਸਦਕਾ ਬੇਕਰੀ, ਮਿਠਾਈਆਂ ਅਤੇ ਹੋਰ ਭੋਜਨ ਪਦਾਰਥਾਂ ਵਿਚ ਵਰਤਿਆ ਜਾਂਦਾ ਹੈ। ਤੇਲ ਤੋਂ ਇਲਾਵਾ, ਤਿਲ ਦੇ ਬੀਜਾਂ ਵਿੱਚ 18-25% ਪ੍ਰੋਟੀਨ ਅਤੇ ਲਗਭਗ 15% ਕਾਰਬੋਹਾਈਡਰੇਟ ਹੁੰਦੇ ਹਨ, ਜੋ ਊਰਜਾ ਅਤੇ ਪੋਸ਼ਣ ਦਾ ਸੰਤੁਲਿਤ ਸਰੋਤ ਹਨ। ਇਹ ਕੈਲਸ਼ੀਅਮ, ਆਇਰਨ, ਜ਼ਿੰਕ, ਮੈਗਨੀਸ਼ੀਅਮ, ਫਾਸਫੋਰਸ ਅਤੇ ਤਾਂਬਾ ਵਰਗੇ ਜ਼ਰੂਰੀ ਖਣਿਜਾਂ ਨਾਲ ਵੀ ਭਰਪੂਰ ਹੁੰਦੇ ਹਨ। ਤਿਲ ਵਿੱਚ ਦੁੱਧ ਜਾਂ ਗਿਰੀਆਂ ਨਾਲੋਂ ਲਗਭਗ ਤਿੰਨ ਗੁਣਾ ਜ਼ਿਆਦਾ ਕੈਲਸ਼ੀਅਮ ਹੁੰਦਾ ਹੈ, ਜੋ ਇਸਨੂੰ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਲਈ ਇੱਕ ਵਧੀਆ ਭੋਜਨ ਬਣਾਉਂਦਾ ਹੈ। ਇਹਨਾਂ ਖਣਿਜਾਂ ਦੇ ਨਾਲ, ਤਿਲ ਦੇ ਬੀਜਾਂ ਵਿੱਚ ਫਾਈਬਰ, ਵਿਟਾਮਿਨ (ਖਾਸ ਕਰਕੇ ਵਿਟਾਮਿਨ ਈ ਅਤੇ ਵਿਟਾਮਿਨ ਬੀ 1), ਅਤੇ ਕਈ ਤਰ੍ਹਾਂ ਦੇ ਐਂਟੀਆਕਸੀਡੈਂਟ ਮੌਜੂਦ ਹੁੰਦੇ ਹਨ। ਖਾਸ ਕਰਕੇ ਇਹਨਾਂ ਵਿੱਚ ਵਿਟਾਮਿਨ ਈ, ਲਿਗਨਾਨ ਜਿਵੇਂ ਕਿ ਸੇਸਾਮਿਨ (0.4-1.1%), ਸੇਸਾਮੋਲਿਨ (0.3-0.6%), ਅਤੇ ਸੇਸਾਮੋਲ ਮੌਜੂਦ ਹੰਦੇ ਹਨ। ਇਹਨਾਂ ਗੁਣਾਂ ਕਰਕੇ ਤਿਲਾਂ ਦਾ ਆਕਸੀਕਰਨ ਛੇਤੀ ਨਹੀਂ ਹੁੰਦਾ ਅਤੇ ਇਹ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵੀ ਵਧਾਉਂਦੇ ਹਨ। ਤਿਲਾਂ ਦੇ ਤੇਲ ਨੂੰ ਇਸ ਲਈ ਵੀ ਵਧੀਆ ਮੰਨਿਆਂ ਜਾਂਦਾ ਹੈ ਕਿਉਂਕਿ ਇਹਨਾਂ ਵਿੱਚ 80% ਤੋਂ ਵੱਧ ਓਲੀਕ (ਮੋਨੋ-ਅਨਸੈਚੁਰੇਟਿਡ ਫੈਟੀ ਐਸਿਡ ਅਤੇ ਲਿਨੋਲੀਕ ਐਸਿਡ ਅਤੇ 20% ਤੋਂ ਘੱਟ ਸੰਤ੍ਰਿਪਤ ਫੈਟੀ ਐਸਿਡ ਹੁੰਦਾ ਹੈ। ਓਮੇਗਾ-6 ਦਿਮਾਗ ਦੇ ਕੰਮਕਾਜ, ਸਰੀਰ ਦੇ ਮੈਟਾਬੋਲਿਜ਼ਮ ਨੂੰ ਨਿਯਮਤ ਕਰਨ, ਪ੍ਰਜਨਨ ਪ੍ਰਣਾਲੀ ਨੂੰ ਬਣਾਈ ਰੱਖਣ ਅਤੇ ਚਮੜੀ ਅਤੇ ਵਾਲਾਂ ਨੂੰ ਤੰਦਰੁਸਤ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਤਿਲ ਦੇ ਤੇਲ ਵਿੱਚ ਪੂਫਾ ਦੀ ਭਰਪੂਰਤਾ ਇਸਨੂੰ ਗੁਣਵੱਤਾ ਵਾਲਾ ਤੇਲ ਬਣਾਉਂਦੀ ਹੈ। ਪੂਫਾ ਤੋਂ ਇਲਾਵਾ, ਤਿਲ ਦੇ ਤੇਲ ਵਿੱਚ ਟੋਕੋਫੇਰੋਲ, ਫਾਈਟੋਸਟੀਰੋਲ, ਲਿਗਨਾਨ (ਸੀਸਾਮਿਨ, ਸੀਸਾਮੋਲਿਨ, ਸੀਸਾਮੋਲ) ਅਤੇ ਹੋਰ ਕੁਦਰਤੀ ਐਂਟੀਆਕਸੀਡੈਂਟਸ ਦੀ ਮੌਜੂਦਗੀ ਸਰੀਰ ਦੇ ਸੈੱਲਾਂ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੀ ਹੈ।

ਉਪਰੋਕਤ ਗੁਣਾਂ ਤੋਂ ਇਲਾਵਾ ਤਿਲਾਂ ਵਿੱਚ ਵੱਖ-ਵੱਖ ਚਿਕਿਤਸਕ ਗੁਣ ਹੁੰਦੇ ਹਨ। ਤਿਲਾਂ ਦੇ ਤੇਲ ਨੂੰ ਹਜ਼ਾਰਾਂ ਸਾਲਾਂ ਤੋਂ ਜ਼ਖ਼ਮਾਂ ਨੂੰ ਠੀਕ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਤਿਲ ਦੇ ਬੀਜਾਂ ਵਿੱਚ ਲਿਗਨਾਨ ਪਦਾਰਥਾਂ ਕਰਕੇ ਇਹ ਐਂਟੀਵਾਇਰਲ, ਐਂਟੀ-ਬੈਕਟੀਰੀਅਲ ਅਤੇ ਐਂਟੀ-ਫੰਗਲ ਪਦਾਰਥ ਦੇ ਤੌਰ ਤੇ ਵਰਤੇ ਜਾਂਦੇ ਹਨ।ਤਿਲ ਦੇ ਬੀਜ ਆਪਣੀ ਉੱਚ ਫਾਈਟੋਸਟੀਰੋਲ (400-413 ਮਿਲਿਗ੍ਰਾਮ /100 ਗ੍ਰਾਮ) ਗੁਣਵੱਤਾ ਲਈ ਵੀ ਜਾਣੇ ਜਾਂਦੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਇਹ ਖੂਨ ਵਿੱਚ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮੱਦਦ ਕਰਦੇ ਹਨ।

ਭਾਰਤ ਹਰ ਸਾਲ ਵੱਡੀ ਮਾਤਰਾ ਵਿੱਚ ਖਾਣ ਵਾਲੇ ਤੇਲਾਂ ਦਾ ਆਯਾਤ ਕਰਦਾ ਹੈ ਕਿਉਂਕਿ ਘਰੇਲੂ ਤੇਲ ਬੀਜ ਉਤਪਾਦਨ ਵਧਦੀ ਮੰਗ ਨੂੰ ਪੂਰਾ ਕਰਨ ਲਈ ਅਸਮਰੱਥ ਹੈ। ਤਿਲ ਇਸ ਨਿਰਭਰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ ਕਿਉਂਕਿ ਇਹਨਾਂ ਦੀ ਕਾਸ਼ਤ ਘੱਟ ਪਾਣੀ ਅਤੇ ਮਾੜੀਆਂ ਜ਼ਮੀਨਾਂ ਤੇ ਘੱਟ-ਲਾਗਤ ਨਾਲ ਕੀਤੀ ਜਾ ਸਕਦੀ ਹੈ।ਰਾਜ ਵਿੱਚ ਤਿਲ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪਿਛਲੇ ਸਮੇ ਤਿਲਾਂ ਦੀ ਇੱਕ ਸੁਧਾਰੀ ਕਿਸਮ, 'ਪੰਜਾਬ ਤਿਲ ਨੰਬਰ 2' ਜਾਰੀ ਕੀਤੀ। ਇਹ ਕਿਸਮ ਪ੍ਰਤੀ ਏਕੜ 2.8 ਕੁਇੰਟਲ ਝਾੜ ਦਿੰਦੀ ਹੈ।ਇਸ ਵਿੱਚ 49% ਤੇਲ ਹੁੰਦਾ ਹੈ ਅਤੇ ਇਹ ਕਿਸਮ ਲਗਭਗ 90 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਤੋਂ ਇਲਾਵਾ ਇਹ ਕਿਸਮ ਫਾਈਲੋਡੀ ਅਤੇ ਸਰਕੋਸਪੋਰਾ ਪੱਤਿਆਂ ਦੇ ਝੁਲਸ ਰੋਗ ਪ੍ਰਤੀ ਸਹਿਣਸ਼ੀਲ ਹੈ।

ਮੋਨਿਕਾ ਚੌਧਰੀ: 76965-59175

ਟਰੈਕਟਰਾਂ ਨੂੰ ਚਲਾਉਣ ਲਈ ਸੂਖਮ ਆਟੋ-ਸਟੀਅਰਿੰਗ ਸਿਸਟਮ

ਅਸੀਮ ਵਰਮਾ ਅਤੇ ਮਨਜੀਤ ਸਿੰਘ

ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ

ਖੇਤੀਬਾੜੀ ਮਸ਼ੀਨਰੀ ਦਾ ਸਹੀ ਅਤੇ ਸੁਖਮਤਾ ਨਾਲ ਚੱਲਣਾ; ਖੇਤੀ ਦੇ ਖ਼ਰਚਿਆਂ ਨੂੰ ਘਟਾਉਣ, ਉਤਪਾਦਕਤਾ ਵਧਾਉਣ ਅਤੇ ਕੰਮ ਨੂੰ ਸੁਖਾਲਾ ਬਣਾਉਣ ਲਈ ਬਹੁਤ ਜ਼ਰੂਰੀ ਹੈ। ਖੇਤੀਬਾੜੀ ਵਿੱਚ ਮਜ਼ਦੂਰਾਂ ਦੀ ਘਾਟ ਦਾ ਕਾਰਨ ਨੌਜਵਾਨ ਪੀੜ੍ਹੀ ਲਈ ਖੇਤੀ ਹੋਰ ਰੁਜ਼ਗਾਰਾਂ ਦੀ ਤੁਲਨਾ ਵਿੱਚ ਘੱਟ ਆਕਰਸ਼ਕ ਹੈ, ਜਿਸਦੇ ਨਤੀਜੇ ਵਜੋਂ ਮਜ਼ਦੂਰੀ ਖਰਚ ਵਿੱਚ ਵਾਧਾ ਹੋ ਰਿਹਾ ਹੈ। ਖੇਤ ਵਹਾਈ ਦੌਰਾਨ ਚਾਲਕ ਵੱਲੋਂ ਟਰੈਕਟਰ ਚਲਾਉਣ ਵੇਲੇ ਅਕਸਰ ਗਲਤੀਆਂ ਹੁੰਦੀਆਂ ਹਨ, ਜਿਸ ਵਿੱਚ ਦੋਹਰ, ਪਾੜੇ ਛੱਡਣਾ, ਕਤਾਰਾਂ ਦੀ ਦੂਰੀ ਵਿੱਚ ਅਸਮਾਨਤਾ ਆਦਿ ਪ੍ਰਮੁੱਖ ਹਨ । ਇਸ ਨਾਲ ਸਾਧਨਾਂ ਦੀ ਬਰਬਾਦੀ, ਫਸਲ ਦੀ ਪੈਦਾਵਾਰ ਵਿੱਚ ਘਾਟ ਅਤੇ ਚਾਲਕ ਦੀ ਥਕਾਵਟ ਵਿਚ ਵਾਧਾ ਹੁੰਦਾ ਹੈ। ਖੇਤੀ ਦੇ ਕੰਮਾਂ ਨੂੰ ਸੌਖਾ ਬਣਾਉਣ ਲਈ ਅਤੇ ਓਪਰੇਟਰ ਦੀ ਸਹਾਇਤਾ ਲਈ ਆਪੇ ਚੱਲਣ ਵਾਲੀ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਟ੍ਰੈਕਟਰ ਲਈ ਆਟੋ-ਸਟੀਅਰਿੰਗ ਸਿਸਟਮ ਇਹਨਾਂ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਹੱਲ ਕਰ ਸਕਦਾ ਹੈ।

ਆਟੋ-ਸਟੀਅਰਿੰਗ ਸਿਸਟਮ ਇੱਕ ਜੀ ਐੱਨ ਐੱਸ ਐੱਸ ਅਧਾਰਿਤ ਨਿਰਦੇਸ਼ਤ ਤਕਨਾਲੋਜੀ ਹੈ ਜੋ ਸਟੀਕ ਸਟੀਅਰਿੰਗ ਨਿਯੰਤਰਣ ਨੂੰ ਬਣਾਈ ਰੱਖਦੀ ਹੈ। ਆਟੋ-ਸਟੀਅਰਿੰਗ ਸਿਸਟਮ ਟਰੈਕਟਰ-ਚਲਿੱਤ ਸੰਦਾਂ ਨੂੰ ਇੱਕ ਪੂਰਵ-ਨਿਰਧਾਰਤ ਮਾਰਗ ਤੇ ਬਿਹਤਰ ਸੂਖਮਤਾ ਨਾਲ ਚਲਾਉਣ ਵਿੱਚ ਮਦਦ ਕਰਦਾ ਹੈ, ਪਾੜਿਆਂ/ਖੁੰਝੇ ਖੇਤਰ, ਦੋਹਰ ਅਤੇ ਖੇਤੀ ਕੰਮਾਂ ਦੌਰਾਨ ਲੋੜੀਂਦੇ ਗੇੜਿਆਂ ਦੀ ਗਿਣਤੀ ਨੂੰ ਘਟਾਉਂਦਾ ਹੈ। ਇਸ ਸਿਸਟਮ ਦੇ ਮੁੱਖ ਪੁਰਜ਼ਿਆਂ ਵਿੱਚ ਇੱਕ ਜੀ ਐਨ ਐੱਸ ਐੱਸ ਰਿਸੀਵਰ, ਆਈ ਐੱਸ ਓ ਬੀ ਯੂ ਐੱਸ -ਅਨੁਕੂਲ ਸੌਫਟਵੇਅਰ, ਇੱਕ ਸੰਵੇਦਨਸ਼ੀਲ ਟੱਚਸਕ੍ਰੀਨ ਕੰਸੋਲ, ਇੱਕ ਵ੍ਹੀਲ ਐਂਗਲ ਸੈਂਸਰ, ਅਤੇ ਮੋਟਰਾਈਜ਼ਡ ਸਟੀਅਰਿੰਗ ਸ਼ਾਮਲ ਹਨ। ਟ੍ਰੈਕਟਰ ਦਾ ਮੂਲ ਸਟੀਅਰਿੰਗ ਵੀਲ ਹਟਾਇਆ ਜਾਂਦਾ ਹੈ ਅਤੇ ਅਡਾਪਟਰ ਨਾਲ ਮੋਟਰਯੁਕਤ ਸਟੀਅਰਿੰਗ ਲਗਾਇਆ ਜਾਂਦਾ ਹੈ। ਟਰੈਕਟਰ ਅਤੇ ਇੰਪਲੀਮੈਂਟ ਦੇ ਮੁੱਖ ਮਾਪ ਪਹਿਲਾਂ ਹੀ ਸਿਸਟਮ ਵਿੱਚ ਦਰਜ ਕੀਤੇ ਜਾਂਦੇ ਹਨ। ਇਸਦੇ ਨਾਲ ਨਾਲ, ਖੇਤ ਦੀ ਸੀਮਾ ਦਰਸਾਉਂਦੇ ਕੋਆਰਡੀਨੇਟ ਪਹਿਲਾਂ ਤੈਅ ਕੀਤੇ ਜਾਂਦੇ ਹਨ। ਇਸ ਲਈ, ਟ੍ਰੈਕਟਰ ਨੂੰ ਖੇਤ ਦੀ ਸਰਹੱਦ ਦੇ ਚਾਰੋਂ ਕੋਣਾਂ ਤੇ ਘੁਮਾਇਆ ਜਾਂਦਾ ਹੈ ਅਤੇ ਖੇਤ ਦੇ ਚਾਰ ਕੋਣਾਂ ਨੂੰ ਏ, ਬੀ, ਸੀ ਅਤੇ ਡੀ ਵੱਜੋਂ ਚਿੰਨ੍ਹਿਤ ਕੀਤਾ ਜਾਂਦਾ ਹੈ। ਸਿਸਟਮ ਖੇਤ ਦੇ ਖੇਤਰਫਲ ਨੂੰ ਆਪ ਹੀ ਸੈੱਟ ਕਰ ਲੈਂਦਾ ਹੈ ਅਤੇ ਟਰੈਕਟਰ ਅਤੇ ਇੰਪਲੀਮੈਂਟ ਦੀ ਜਿਓਮੈਟਰੀ ਦੇ ਅਨੁਸਾਰ ਮੋੜਾਂ ਦੀ ਗਿਣਤੀ ਦਾ ਹਿਸਾਬ ਲਗਾ ਲੈਂਦਾ ਹੈ। ਟਰੈਕਟਰ ਤੇ ਇੱਕ ਸਵਿੱਚ ਦਿੱਤਾ ਗਿਆ ਹੈ ਜਿਸ ਨਾਲ



ਡਰਾਈਵਰ ਆਟੋ-ਸਟੀਅਰਿੰਗ ਸਿਸਟਮ ਨੂੰ ਚਾਲੂ ਜਾਂ ਬੰਦ ਕਰ ਸਕਦਾ ਹੈ । ਜਦੋਂ ਇਹ ਸਵਿੱਚ ਚਾਲੂ ਕੀਤਾ ਜਾਂਦਾ ਹੈ, ਆਟੋ-ਸਟੀਅਰਿੰਗ ਸਿਸਟਮ ਟਰੈਕਟਰ ਦੇ ਸਟੀਅਰਿੰਗ ਨੂੰ ਸੰਭਾਲ ਲੈਂਦਾ ਹੈ ਅਤੇ ਜਦੋਂ ਸਵਿੱਚ ਬੰਦ ਕੀਤਾ ਜਾਂਦਾ ਹੈ, ਸਟੀਅਰਿੰਗ ਮੁੜ ਰਵਾਇਤੀ ਮੈਨੂਅਲ ਸਟੀਅਰਿੰਗ ਬਣ ਜਾਂਦਾ ਹੈ। ਟਰੈਕਟਰ ਦੀ 12 ਵੋਲਟ ਬੈਟਰੀ ਸਿਸਟਮ ਦੇ ਵੱਖ ਵੱਖ ਹਿੱਸਿਆਂ ਨੂੰ ਚੱਲਾਉਣ ਲਈ ਪਾਵਰ ਸਰੋਤ ਵਜੋਂ ਵਰਤੀ ਜਾਂਦੀ ਹੈ।

ਖੇਤਰ ਅਜ਼ਮਾਇਸ਼ਾਂ ਵਿੱਚ ਪਾਇਆ ਗਿਆ ਕਿ ਟਰੈਕਟਰ ਨੂੰ ਮੈਨੂਅਲ ਸਟੀਅਰਿੰਗ ਨਾਲ ਚਲਾਉਣ ਤੇ, ਵੱਖ ਵੱਖ ਵਾਹੀ ਅਤੇ ਬਿਜਾਈ ਵਾਲੀਆਂ ਮਸ਼ੀਨਾਂ ਲਈ ਔਸਤ ਓਵਰਲੈਪ ਖੇਤਰ (ਲਾਈਨਾਂ ਵਿੱਚ) 3-12% ਸੀ, ਜਦ ਕਿ ਆਟੋ-ਸਟੀਅਰਿੰਗ ਸਿਸਟਮ ਨਾਲ, ਔਸਤ ਓਵਰਲੈਪ ਖੇਤਰ ਲਗਭਗ 15 ਰਹਿ ਗਿਆ। ਮੈਨੂਅਲ ਸਟੀਅਰਿੰਗ ਨਿਯੰਤਰਣ ਵਿੱਚ ਇਹਨਾਂ ਮਸ਼ੀਨਾਂ ਨਾਲ ਖੁੰਝਿਆ ਖੇਤਰ (ਲਾਈਨਾਂ ਵਿੱਚ) 2.0-7.0% ਸੀ, ਪਰੰਤੂ ਜਦੋਂ ਇਹਨਾਂ ਮਸ਼ੀਨਾਂ ਨੂੰ ਆਟੋ-ਸਟੀਅਰਿੰਗ ਸਿਸਟਮ ਵਾਲੇ ਟਰੈਕਟਰ ਨਾਲ ਚਲਾਇਆ ਗਿਆ ਤਾਂ ਖੁੰਝਿਆ ਖੇਤਰ 15 ਤੋਂ ਘੱਟ ਸੀ। ਆਟੋ-ਸਟੀਅਰਿੰਗ ਸਿਸਟਮ ਨਾਲ ਪਾਸ ਤੋਂ ਪਾਸ ਦੀ ਸਹੀਤਾ ±3 ਸੈ.ਮੀ. ਤੱਕ ਰਹਿੰਦੀ ਹੈ। ਸਿਸਟਮ ਟਰੈਕਟਰ ਚਾਲਕਾਂ ਨੂੰ ਖੇਤ ਦਾ ਕੰਮ ਬਿਲਕੁਲ ਸਹੀ ਤਰੀਕੇ ਨਾਲ ਕਰਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਇਨਪੁੱਟ ਸਰੋਤਾਂ ਦੀ ਘੱਟੋ ਘੱਟ ਬਰਬਾਦੀ ਹੁੰਦੀ ਹੈ, ਵਧੇਰੇ ਕੰਮ ਦੇ ਘੰਟੇ ਮਿਲਦੇ ਹਨ ਅਤੇ ਉਤਪਾਦਨਸ਼ੀਲਤਾ ਵਿਚ ਸੁਧਾਰ ਆ ਸਕਦਾ ਹੈ। ਇਸ ਨਾਲ ਚਾਲਕ ਦੀ ਥਕਾਨ ਵੀ ਘਟਦੀ ਹੈ, ਜੋ ਉਸਨੂੰ ਇੰਪਲੀਮੈਂਟ ਪ੍ਰਬੰਧਨ ਤੇ ਜ਼ਿਆਦਾ ਧਿਆਨ ਦੇਣ ਦੀ ਸਹੂਲਤ ਦਿੰਦੀ ਹੈ। ਇਸ ਤੋਂ ਇਲਾਵਾ, ਸਮਾਂਤਰ ਬਿਜਾਈ ਦੀਆਂ ਲਾਈਨਾਂ ਅਗਲੇ ਮਕੈਨਿਕਲ ਇੰਟਰਕਲਚਰ ਅਤੇ ਵਾਢੀ ਦੇ ਕਾਰਜਾਂ ਨੂੰ ਆਸਾਨ ਬਣਾਉਂਦੀਆਂ ਹਨ।

ਅਸੀਮ ਵਰਮਾ: 94171-89222

ਪੰਜਾਬ ਵਿੱਚ ਮੈਂਥਾ ਦੀ ਸਫਲ ਕਾਸ਼ਤ ਲਈ ਉੱਨਤ ਤਕਨੀਕਾਂ

ਰਜਿੰਦਰ ਕੁਮਾਰ ਅਤੇ ਵਜਿੰਦਰ ਪਾਲ ਕਾਲੜਾ
ਸਕੂਲ ਆਫ ਔਰਗੈਨਿਕ ਫਾਰਮਿੰਗ

ਮੈਂਥਾ ਇੱਕ ਮਹੱਤਵਪੂਰਨ ਫ਼ਸਲ ਹੈ, ਜੋ ਭਾਰਤ ਦੇ ਉਤਰੀ ਹਿੱਸਿਆਂ ਵਿੱਚ ਉਗਾਈ ਜਾਂਦੀ ਹੈ।ਇਸ ਦੇ ਪੱਤਿਆਂ ਤੋਂ ਇੱਕ ਖੁਸ਼ਬੂਦਾਰ ਤੇਲ ਮਿਲਦਾ ਹੈ । ਜਾਪਾਨੀ ਪੁਦੀਨਾ (ਮੈਂਥਾ ਆਰਵੇਨਸਿਸ) ਅਤੇ ਪੇਪਰਮਿੰਟ (ਮੈਂਥਾ ਪਾਈਪ੍ਰੀਟਾ) ਪੰਜਾਬ ਵਿੱਚ ਉਗਾਈਆਂ ਜਾਂਦੀਆਂ ਹਨ। ਮੈਂਥੋਲ ਮਿੰਟ ਦੀਆਂ ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

ਸਿਮ-ਉੱਨਤੀ: ਇਹ ਮੈਂਥੋਲ ਮਿੰਟ (ਮੈਂਥਾ ਆਰਵੈਨਸਿਜ਼) ਦੀ ਇੱਕ ਵਧੇਰੇ ਤੇਲ (0.81- 0.83%) ਅਤੇ ਝਾੜ ਦੇਣ ਵਾਲੀ ਕਿਸਮ ਹੈ ਜੋ ਅਖੀਰ ਜਨਵਰੀ ਤੋਂ ਅੱਧ ਫਰਵਰੀ ਤੱਕ ਬਿਜਾਈ ਲਈ ਢੁੱਕਵੀਂ ਹੈ। ਇਸ ਦਾ ਔਸਤ ਝਾੜ 113 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਬੀਜਣ ਤੋਂ 145 ਦਿਨਾਂ ਬਾਅਦ ਕਟਾਈ ਕਰਨ 'ਤੇ ਵੱਧ ਝਾੜ ਅਤੇ ਤੇਲ ਪੈਦਾ ਕਰਦੀ ਹੈ।

ਸਿਮ-ਕ੍ਰਾਂਤੀ: ਇਹ ਵੀ ਮੈਂਥੋਲ ਮਿੰਟ ਦੀ ਵੱਧ ਝਾੜ ਦੇਣ ਵਾਲੀ ਕਿਸਮ ਹੈ ਜੋ ਜਨਵਰੀ ਦੇ ਅੰਤ ਤੋਂ ਫਰਵਰੀ ਦੇ ਅੱਧ ਤੱਕ ਬੀਜਣ ਲਈ ਢੁਕਵੀਂ ਹੈ। ਇਸ ਵਿੱਚ 0.6-0.7% ਤੱਕ ਤੇਲ ਹੁੰਦਾ ਹੈ। ਇਸਦਾ ਔਸਤਨ ਝਾੜ 110 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਹ ਬਿਜਾਈ ਤੋਂ 140-150 ਦਿਨਾਂ ਬਾਅਦ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਕੋਸੀ: ਇਹ ਮੈਂਥੋਲ ਮਿੰਟ ਦੀ ਇੱਕ ਹੋਰ ਚੰਗਾ ਝਾੜ ਦੇਣ ਵਾਲੀ ਕਿਸਮ ਵੀ ਹੈ ਜੋ 0.6-0.7% ਦੇ ਤੇਲ ਦੇ ਨਾਲ-ਨਾਲ100-125 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ।

ਮਿੱਟੀ ਦੀ ਕਿਸਮ: ਉੱਚ ਜੈਵਿਕ ਮਾਦੇ ਵਾਲੀ ਅਤੇ ਚੰਗੀ ਤਰ੍ਹਾਂ ਨਿਕਾਸ ਵਾਲੀ ਮਿੱਟੀ ਮੈਂਥਾ ਦੀ ਕਾਸ਼ਤ ਲਈ ਬਹੁਤ ਢੁਕਵੀਂ ਹੈ। ਚੰਗਾ ਝਾੜ ਪ੍ਰਾਪਤ ਕਰਨ ਲਈ ਖੇਤ ਨੂੰ ਪਰਾਲੀ ਅਤੇ ਨਦੀਨਾਂ ਤੋਂ ਮੁਕਤ ਹੋਣਾ ਚਾਹੀਦਾ ਹੈ।

ਬਿਜਾਈ ਦਾ ਸਮਾਂ: ਮੈਂਥੇ ਦੀ ਬਿਜਾਈ ਅੱਧ ਜਨਵਰੀ ਤੋਂ ਅਖੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ ਅਤੇ ਪ੍ਰੰਤੂ ਕੋਸੀ, ਸਿਮ-ਕ੍ਰਾਂਤੀ ਅਤੇ ਸਿਮ-ਉੱਨਤ ਕਿਸਮ ਨੂੰ ਅੱਧ ਫਰਵਰੀ ਤੱਕ ਵੀ ਬੀਜਿਆ ਜਾ ਸਕਦਾ ਹੈ। ਪਿਛੇਤੀ ਹਾਲਤਾਂ ਵਿੱਚ, ਜੇਕਰ ਚੰਗੀਆਂ ਸਿੰਚਾਈ ਸਹੂਲਤਾਂ ਉਪਲੱਬਧ ਹੋਣ, ਤਾਂ ਇਸ ਦੀ ਪਨੀਰੀ ਰਾਹੀਂ ਬਿਜਾਈ ਅਪ੍ਰੈਲ ਵਿੱਚ ਵੀ ਕੀਤੀ ਜਾ ਸਕਦੀ ਹੈ।

ਬਿਜਾਈ ਦਾ ਤਰੀਕਾ: ਬਿਜਾਈ ਲਾਈਨਾਂ ਵਿੱਚ ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਕਰਨੀ ਚਾਹੀਦੀ ਹੈ । ਮੈਂਥੇ ਦੀਆਂ ਜੜ੍ਹਾਂ ਦੇ ਸਿਰਆਂ ਨੂੰ ਇੱਕ ਦੂਸਰੇ ਨਾਲ ਜੋੜ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ ।ਇਸ ਢੰਗ ਦੇ ਬਦਲ ਵਿੱਚ ਵਧੇਰੇ ਝਾੜ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ ਮੈਂਥੇ ਦੀ ਕਾਸ਼ਤ 67.5 ਸੈਂਟੀਮੀਟਰ ਚੌੜੇ ਬੈਂਡਾਂ ਤੇ 2 ਕਤਾਰਾਂ ਲਗਾ ਕੇ ਵੀ ਕੀਤੀ ਜਾ ਸਕਦੀ ਹੈ।

ਅੰਤਰ ਫ਼ਸਲ : ਜੇਕਰ ਮੈਂਥੇ ਅਤੇ ਪਿਆਜ਼ ਨੂੰ ਅੰਤਰ ਫ਼ਸਲ ਵਜੋਂ ਬੀਜਣਾ ਹੋਵੇ ਤਾਂ ਇਸ ਦੀ ਬਿਜਾਈ ਅੱਧ ਜਨਵਰੀ ਤੋਂ ਅਖ਼ੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਮੈਂਥੇ ਦੀਆਂ ਦੋ ਕਤਾਰਾਂ ਵਿਚਕਾਰ ਇੱਕ ਲਾਈਨ ਪਿਆਜ਼ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪਿਆਜ਼ਾਂ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 3 ਇੰਚ (7.5 ਸੈਂਟੀਮੀਟਰ) ਰੱਖਣਾ ਚਾਹੀਦਾ ਹੈ। ਕਮਾਦ ਵਿੱਚ ਮੈਂਥੇ ਦੀ ਬਿਜਾਈ ਲਈ ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਮਾਦ ਦੀਆਂ ਦੋ ਕਤਾਰਾਂ ਵਿੱਚ ਮੈਂਥੇ ਦੀ ਇੱਕ ਕਤਾਰ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ 1 ਕੁਇੰਟਲ ਮੈਂਥੇ ਦੀਆਂ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ। ਕਮਾਦ ਵਿੱਚ ਬੀਜੇ ਮੈਂਥੇ ਦੀ ਕੇਵਲ ਇੱਕ ਹੀ ਕਟਾਈ ਕਰਨੀ ਚਾਹੀਦੀ ਹੈ । ਜੇਕਰ ਮੈਂਥੇ ਨੂੰ ਸੂਰਜਮੁਖੀ ਵਿੱਚ ਬੀਜਣਾ ਹੋਵੇ ਤਾਂ ਅਖ਼ੀਰ ਜਨਵਰੀ ਵਿੱਚ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ ਮੈਂਥੇ ਦੀਆਂ 150 ਕਿਲੋ ਜੜ੍ਹਾਂ ਪ੍ਰਤੀ ਏਕੜ ਦੀ ਜ਼ਰੂਰਤ ਪੈਂਦੀ ਹੈ। ਸੂਰਜਮੁਖੀ ਦੀ ਉੱਤਰ ਦੱਖਣ ਦੀ ਦਿਸ਼ਾ ਵੱਲ ਲਾਈਨਾਂ ਵਿੱਚ 4 ਫੁੱਟ (120 ਸੈਂਟੀਮੀਟਰ) ਦੀ ਵਿੱਥ ਤੇ ਬਿਜਾਈ ਕਰਨੀ ਚਾਹੀਦੀ ਹੈ ਅਤੇ ਬੂਟੇ ਦਾ ਫਾਸਲਾ ਅੱਧਾ ਫੁੱਟ (15 ਸੈਂਟੀਮੀਟਰ) ਰੱਖਣਾ ਚਾਹੀਦਾ ਹੈ । ਸੂਰਜਮੁਖੀ ਦੀਆਂ ਦੋ ਲਾਈਨਾਂ ਵਿਚਕਾਰ ਮੈਂਥੇ ਦੀਆਂ ਦੋ ਲਾਈਨਾਂ ਦੀ ਬਿਜਾਈ ਕਰਨੀ ਚਾਹੀਦੀ ਹੈ ।

ਖਾਦ ਪ੍ਰਬੰਧ: ਮੈਂਥਾ ਜੈਵਿਕ ਖਾਦਾਂ ਨੂੰ ਬਹੁਤ ਮੰਨਦਾ ਹੈ, ਇਸ ਲਈ ਜ਼ਮੀਨ ਦੀ ਤਿਆਰੀ ਦੌਰਾਨ 10-15 ਟਨ ਚੰਗੀ ਤਰ੍ਹਾਂ ਸੜੀ ਹੋਈ ਖਾਦ/ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ। ਖਾਦ ਤੋਂ ਇਲਾਵਾ, 60 ਕਿਲੋ ਨਾਈਟ੍ਰੋਜਨ ਅਤੇ 16 ਕਿਲੋ ਫਾਸਫੋਰਸ/ਏਕੜ ਵੀ ਪਾਉਣੀ ਚਾਹੀਦੀ ਹੈ ਜੋ ਕ੍ਰਮਵਾਰ 130 ਕਿਲੋ ਯੂਰੀਆ ਅਤੇ 100 ਕਿਲੋ ਐਸ.ਐਸ.ਪੀ ਦੀ ਵਰਤੋਂ ਨਾਲ ਪੂਰੀ ਕੀਤੀ ਜਾ ਸਕਦੀ ਹੈ। ਬਿਜਾਈ ਸਮੇਂ ਇੱਕ ਚੌਥਾਈ ਨਾਈਟ੍ਰੋਜਨ ਅਤੇ ਫਾਸਫੋਰਸ ਦੀ ਪੂਰੀ ਮਾਤਰਾ ਬਿਜਾਈ ਸਮੇਂ ਪਾਉਣੀ ਚਾਹੀਦੀ । ਬਿਜਾਈ ਤੋਂ 40 ਦਿਨਾਂ ਬਾਅਦ ਨਾਈਟ੍ਰੋਜਨ ਦਾ ਚੌਥਾ ਹਿੱਸਾ ਹੋਰ ਪਾਓ। ਫਸਲ ਦੀ ਪਹਿਲੀ ਕਟਾਈ ਤੋਂ ਬਾਅਦ ਨਾਈਟ੍ਰੋਜਨ ਦੀ ਬਾਕੀ ਅੱਧੀ ਖੁਰਾਕ ਨੂੰ ਪਹਿਲੀ ਕਟਾਈ ਵਾਂਗ ਦੋ ਬਰਾਬਰ ਹਿੱਸਿਆਂ ਵਿੱਚ ਪਾਓ।

ਨਦੀਨ ਪ੍ਰਬੰਧ: ਸ਼ੁਰੂਆਤੀ ਦਿਨਾਂ ਵਿੱਚ, ਨਦੀਨਾਂ ਨੂੰ ਨਿਯੰਤਰਿਤ ਕਰਨ ਲਈ ਪਹੀਏ ਵਾਲੀ ਫਾਲੀ ਨਾਲ ਗੋਡੀ ਦੀ ਵਰਤੋਂ ਕੀਤੀ ਜਾ ਸਕਦੀ ਹੈ।ਬੀਜਣ ਤੋਂ ਤੁਰੰਤ ਬਾਅਦ ਝੋਨੇ ਦੀ ਪਰਾਲੀ ਨੂੰ 24 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣਾ ਵੀ ਨਦੀਨਾਂ ਦੇ ਹਮਲੇ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

ਪਾਣੀ ਦਾ ਪ੍ਰਬੰਧ: ਮੈਂਥਾ ਨੂੰ ਹਲਕੀ ਸਿੰਚਾਈ ਦੀ ਲੋੜ ਹੁੰਦੀ ਹੈ। ਮਾਰਚ ਦੇ ਅੰਤ ਤੱਕ 10 ਦਿਨਾਂ ਦੇ ਵਕਫੇ 'ਤੇ ਅਤੇ ਮੌਨਸੂਨ ਦੇ ਸ਼ੁਰੂ ਹੋਣ ਤੱਕ ਪੰਜ ਜਾਂ ਛੇ ਦਿਨਾਂ ਦੇ ਅੰਤਰਾਲ 'ਤੇ ਸਿੰਚਾਈ ਕਰੋ।

ਫ਼ਸਲ ਦੀ ਵਾਢੀ: ਫਸਲ ਨੂੰ ਫੁੱਲਾਂ ਦੀ ਸ਼ੁਰੂਆਤ 'ਤੇ ਕਟਾਈ ਕਰਨੀ ਚਾਹੀਦੀ ਹੈ। ਜੇਕਰ ਪੌਦਿਆਂ ਦੇ ਹੇਠਲੇ ਪੱਤੇ ਪੀਲੇ ਪੈ ਜਾਣ ਅਤੇ ਝੜਨਾ ਸ਼ੁਰੂ ਹੋ ਜਾਵੇ, ਤਾਂ ਵਾਢੀ ਪਹਿਲਾਂ ਕੀਤੀ ਜਾ ਸਕਦੀ ਹੈ।ਅਗਲਾ ਫੁਟਾਰਾ ਚੰਗਾ ਲੈਣ ਲਈ ਫ਼ਸਲ ਦੀ ਕਟਾਈ 6-8 ਸੈਂਟੀਮੀਟਰ ਉੱਚੀ ਕਰਨੀ ਚਾਹੀਦੀ ਹੈ ।ਮੈਂਥੇ ਦੀ ਫ਼ਸਲ ਦੀਆਂ ਦੋ ਕਟਾਈਆਂ ਵੀ ਲਈਆਂ ਜਾ ਸਕਦੀਆਂ ਹਨ। ਪਹਿਲੀ ਕਟਾਈ ਜੂਨ ਅਤੇ ਦੂਸਰੀ ਕਟਾਈ ਸਤੰਬਰ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ।

ਮੈਂਥੇ ਵਿੱਚੋਂ ਤੇਲ ਕੱਢਣਾ: ਫ਼ਸਲ ਦੀ ਕਟਾਈ ਉਪਰੰਤ ਪਾਣੀ ਦੀ ਮਾਤਰਾ ਘੱਟ ਕਰਨ ਲਈ ਫ਼ਸਲ ਨੂੰ 1-2 ਦਿਨ ਰੱਖ ਕੇ ਕੁਮਲਾਉਣ ਦੇਣਾ ਚਾਹੀਦਾ ਹੈ। ਮੈਂਥੇ ਵਿੱਚੋਂ ਭਾਫ ਵਾਲੇ ਢੰਗ ਨਾਲ ਕਸ਼ੀਦ ਕਰਕੇ ਤੇਲ ਕੱਢਿਆ ਜਾ ਸਕਦਾ ਹੈ। ਕਿਸਾਨ ਵੀਰਾਂ ਨੂੰ ਮੈਂਥੇ ਦੀ ਕਾਸ਼ਤ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਨੇੜੇ-ਤੇੜੇ ਤੇਲ ਕੱਢਣ ਵਾਲਾ ਪਲਾਂਟ ਜਰੂਰ ਲੱਗਿਆ ਹੋਵੇ ਜਿੱਥੇ ਤੇਲ ਕੱਢਿਆ ਜਾ ਸਕੇ।

ਰਜਿੰਦਰ ਕੁਮਾਰ: 94173-45565

ਸ਼ੁੱਧਤਾ ਦਾ ਪ੍ਰਮਾਣ ਹੈ : ਜੰਮਿਆ ਸ਼ਹਿਦ

ਹਰਦੀਪ ਸਿੰਘ ਸਭਿਖੀ ਅਤੇ ਗੁਰਉਪਦੇਸ਼ ਕੌਰ
ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ

ਸ਼ਹਿਦ ਮਧੂ-ਮੱਖੀਆਂ ਦੁਆਰਾ ਪੈਦਾ ਕੀਤਾ ਜਾਣ ਵਾਲਾ ਇੱਕ ਸੁਨਹਿਰੀ ਅੰਮ੍ਰਿਤ ਹੈ, ਜਿਸਨੂੰ ਮਨੁੱਖਾਂ ਦੁਆਰਾ ਹਜ਼ਾਰਾਂ ਸਾਲਾਂ ਤੋਂ ਸਵਾਦ ਅਤੇ ਸਿਹਤ ਲਾਭਾਂ ਲਈ ਸਰਾਹਿਆ ਜਾਂਦਾ ਰਿਹਾ ਹੈ।ਪਰ ਇਸ ਸ਼ਹਿਦ ਵਿੱਚ ਸਰਦੀਆਂ ਦੀ ਰੁੱਤ ਵਿੱਚ ਇਕ ਅਨੋਖੀ ਕਿਰਿਆ ਦੇਖੀ ਜਾਂਦੀ ਹੈ ਜਿਸ ਨੂੰ ਵਿਗਿਆਨਿਕ ਭਾਸ਼ਾ ਵਿੱਚ ਕ੍ਰਿਸਟੇਲਾਈਜ਼ੇਸ਼ਨ ਅਤੇ ਆਮ ਭਾਸ਼ਾ ਵਿੱਚ ਸ਼ਹਿਦ ਦਾ ਜੰਮਣਾ ਜਾਂ ਦਾਣੇਦਾਰ ਹੋਣਾ ਕਿਹਾ ਜਾਂਦਾ ਹੈ। ਆਮਤੌਰ ਤੇ ਇਹ ਦੇਖਿਆ ਜਾਂਦਾ ਹੈ ਕਿ ਸਾਡੇ ਦੇਸ਼ ਦੇ ਖਪਤਕਾਰ ਇਸ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ਪਸੰਦ ਨਹੀਂ ਕਰਦੇ। ਬਲਕਿ ਕਈਆਂ ਦੁਆਰਾ ਤਾਂ ਇਸ ਨੂੰ ਮਿਲਾਵਟੀ ਵੀ ਮੰਨਿਆ ਜਾਂਦਾ ਹੈ, ਜੋ ਕਿ ਸਰਾਸਰ ਗਲਤ ਧਾਰਨਾ ਹੈ।ਇਸ ਲਈ ਸ਼ਹਿਦ ਦੇ ਜੰਮਣ ਪਿੱਛੇ ਦੇ ਵਿਗਿਆਨਕ ਕਾਰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਤਾਂ ਕਿ ਆਮ ਲੋਕਾਂ ਵਿੱਚ ਇਸ ਕੁਦਰਤੀ ਸੌਗਾਤ ਪ੍ਰਤੀ ਜਾਗਰੂਕਤਾ ਵਧ ਸਕੇ।

ਸ਼ਹਿਦ ਦਾ ਸਰਦੀਆਂ ਵਿੱਚ ਇਕਸਾਰ ਜੰਮਣਾ ਇਸ ਦਾ ਇਕ ਕੁਦਰਤੀ ਗੁਣ ਹੈ ਅਤੇ ਇਸਦੀ ਸ਼ੁੱਧਤਾ ਦੀ ਨਿਸ਼ਾਨੀ ਹੈ, ਕਿਉਂਕਿ ਜੇਕਰ ਸ਼ਹਿਦ ਇਕਸਾਰ ਜੰਮਦਾ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਨਹੀਂ ਕੀਤੀ ਗਈ, ਅਜਿਹੇ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ 'ਕ੍ਰੀਮ ਹਨੀ' ਵੀ ਕਿਹਾ ਜਾਂਦਾ ਹੈ। ਪਰ ਇਹ ਵੀ ਦੇਖਣ ਵਿੱਚ ਆਉਂਦਾ ਕਿ ਸਾਰੇ ਕਿਸਮਾਂ ਦੇ ਫੁੱਲਾਂ ਦੇ ਸ਼ਹਿਦ ਨਹੀਂ ਜੰਮਦੇ, ਕਿਉਂਕਿ ਸ਼ਹਿਦ ਦੇ ਜੰਮਣ ਪਿੱਛੇ ਹੇਠ ਲਿਖੇ ਕਾਰਨ ਭੂਮਿਕਾ ਨਿਭਾਉਂਦੇ ਹਨ:

1. ਸ਼ਹਿਦ ਵਿੱਚ ਗੁਲੂਕੋਜ਼ ਦੀ ਵੱਧ ਮਾਤਰਾ: ਸ਼ਹਿਦ ਵਿੱਚ ਮੁੱਖ ਤੌਰ ਤੇ ਗੁਲੂਕੋਜ਼ ਅਤੇ ਫਰਕਟੋਜ਼ ਨਾਮ ਦੀਆਂ ਖੰਡਾਂ ਦਾ ਮਿਸ਼ਰਣ ਹੁੰਦਾ ਹੈ।ਜਿਹੜੇ ਸ਼ਹਿਦ ਵਿੱਚ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ ਵੱਧ ਹੁੰਦਾ ਹੈ (ਯਾਨੀ 2.1 ਤੋਂ ਵੱਧ), ਉਹ ਵੱਧ ਜੰਮਦਾ ਹੈ। ਸਰਲ ਭਾਸ਼ਾ ਵਿੱਚ ਕਹੀਏ ਤਾਂ ਜਿਹੜੇ ਸ਼ਹਿਦ ਵਿੱਚ ਗੁਲੂਕੋਜ਼ ਵੱਧ ਮਾਤਰਾ ਵਿੱਚ ਹੋਵੇਗਾ ਉਹ ਵੱਧ ਜੰਮੇਗਾ, ਜਦਕਿ ਜਿਹੜੇ ਸ਼ਹਿਦ ਵਿੱਚ ਇਹ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ 1.8 ਤੋਂ ਘੱਟ ਹੁੰਦਾ ਹੈ, ਉਸਦੇ ਤਰਲ ਰਹਿਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।ਸ਼ਹਿਦ ਵਿਚਲੇ ਪਾਣੀ ਦੀ ਮਾਤਰਾ ਜੇ ਘੱਟ ਹੋਵੇ ਤਾਂ ਵੀ ਉਹਦੇ ਜੰਮਣ ਦੀ ਸੰਭਾਵਨਾ ਵਧ ਜਾਂਦੀ ਹੈ, ਕਿਉਂਕਿ ਉਸ ਸ਼ਹਿਦ ਵਿੱਚ ਮੌਜੂਦ ਖੰਡ ਨੂੰ ਤਰਲ ਰੂਪ ਵਿੱਚ ਰੱਖਣ ਲਈ ਪਾਣੀ ਘੱਟ ਉਪਲਬੱਧ ਹੁੰਦਾ ਹੈ। ਜਦੋਂ ਕੋਈ ਸ਼ਹਿਦ ਪੁਰਾਣਾ ਹੁੰਦਾ ਜਾਂਦਾ ਹੈ, ਤਾਂ ਉਸ ਵਿੱਚ ਪਾਣੀ ਦੀ ਮਾਤਰਾ ਘੱਟ ਸਕਦੀ ਹੈ, ਜਿਸ ਕਰਕੇ ਉਹ ਜ਼ਿਆਦਾ ਜੰਮਦਾ ਹੈ।

2. ਸ਼ਹਿਦ ਵਿੱਚ ਪਰਾਗ ਅਤੇ ਹੋਰ ਕਣਾਂ ਦੀ ਮੌਜੂਦਗੀ: ਸ਼ਹਿਦ ਵਿੱਚ ਮੌਜੂਦ ਪਰਾਗ, ਪ੍ਰੋਪੋਲਿਸ ਅਤੇ ਮੋਮ ਵਰਗੇ ਕਣ ਸ਼ਹਿਦ ਦੇ ਦਾਣੇਦਾਰ ਹੋਣ ਵੇਲੇ ਇਕ ਨਿਊਕਲਿਸ (ਕੇਂਦਰ ਬਿੰਦੂ) ਦਾ ਕੰਮ ਕਰਦੇ ਹਨ ਅਤੇ ਉਸ ਸ਼ਹਿਦ ਵਿੱਚ ਮੌਜੂਦ ਖੰਡ ਦੇ ਅਣੂ ਇਹਨਾਂ ਕਣਾਂ ਦੇ ਨਾਲ ਜੁੜ ਕੇ ਦਾਣੇਦਾਰ ਹੋਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦੇ ਹਨ। ਪਰ ਨਾਲ ਹੀ ਇਹ ਪਰਾਗ ਦੇ ਕਣ ਸ਼ਹਿਦ ਨੂੰ ਉਸਦੇ ਕਈ ਔਸ਼ਧੀ ਗੁਣ ਵੀ ਪ੍ਰਦਾਨ ਕਰਦੇ ਹਨ। ਇਸ ਲਈ ਜਿਸ ਸ਼ਹਿਦ ਵਿੱਚ ਇਹ ਪਰਾਗ ਆਦਿ ਦੇ ਕਣ ਜ਼ਿਆਦਾ ਹੋਣਗੇ ਉਸ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਤਾਂ ਜ਼ਿਆਦਾ ਹੋਵੇਗੀ ਹੀ, ਬਲਕਿ ਉਹ ਸ਼ਹਿਦ ਸਿਹਤ ਲਈ ਫਾਇਦੇਮੰਦ ਵੀ ਜ਼ਿਆਦਾ ਹੋਵੇਗਾ।

3. ਤਾਪਮਾਨ: ਸ਼ਹਿਦ ਨੂੰ ਸਟੋਰ ਕਰਨ ਦੇ ਤਾਪਮਾਨ ਵਿੱਚ ਬਦਲਾਅ ਨਾਲ ਸ਼ਹਿਦ ਦੇ ਜੰਮਣ ਦੀ ਪ੍ਰਕਿਰਿਆ ਵੱਧ ਜਾਂ ਘੱਟ ਸਕਦੀ ਹੈ। ਘੱਟ ਤਾਪਮਾਨ (14 ਡਿਗਰੀ ਸੈਂਟੀਗ੍ਰੇਡ ਤੋਂ ਘੱਟ) ਨਾਲ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਵਧ ਜਾਂਦੀ ਹੈ, ਜਦਕਿ ਵੱਧ ਤਾਪਮਾਨ ਤੇ ਸ਼ਹਿਦ ਤਰਲ ਰੂਪ ਵਿੱਚ ਹੀ ਰਹਿੰਦਾ ਹੈ। ਇਸ ਲਈ ਜੇਕਰ ਸ਼ਹਿਦ ਨੂੰ ਫੱਰਿਜ ਵਰਗੇ ਠੰਡੇ ਵਾਤਾਵਰਣ ਵਿੱਚ ਸਟੋਰ ਕੀਤਾ ਜਾਂਦਾ ਹੈ ਤਾਂ ਉਹਦਾ ਜੰਮਣਾ ਤੇਜ਼ ਹੋ ਜਾਂਦਾ ਹੈ, ਅਤੇ ਜੇਕਰ ਗਰਮ ਵਾਤਾਵਰਣ ਵਿੱਚ ਸਟੋਰ ਕੀਤਾ ਜਾਵੇ ਤਾਂ ਇਹ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ।

4. ਫੁੱਲ-ਫਲਾਕੇ ਦੀ ਕਿਸਮ: ਸ਼ਹਿਦ ਤਿਆਰ ਕਰਨ ਲਈ ਜਿਹੜੇ ਫੁੱਲਾਂ ਦਾ ਨੈਕਟਰ ਮਧੂ ਮੱਖੀਆਂ ਇਕੱਠਾ ਕਰਕੇ ਲਿਆਉਂਦੀਆਂ ਹਨ, ਉਹਨਾਂ ਦੀ ਪ੍ਰਜਾਤੀ/ਕਿਸਮ ਵੀ ਸ਼ਹਿਦ ਦੇ ਠੋਸ ਹੋਣ ਦੀ ਸੰਭਾਵਨਾ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਕਈ ਫੁੱਲਾਂ ਜਿਵੇਂ ਕਿ ਸਰ੍ਹੋਂ ਜਾਤੀ ਦੇ ਫੁੱਲਾਂ ਦੇ ਰਸ ਵਿੱਚ ਕੁਦਰਤੀ ਤੌਰ ਤੇ ਹੀ ਗੁਲੂਕੋਜ਼ ਵੱਧ ਮਾਤਰਾ ਵਿੱਚ ਹੁੰਦਾ ਹੈ, ਜਿਸ ਕਰਕੇ ਉਹਨਾਂ ਦਾ ਸ਼ਹਿਦ ਜ਼ਿਆਦਾ ਜੰਮਦਾ ਹੈ।

ਇਹਨਾਂ ਤੱਥਾਂ ਤੋਂ ਇਹ ਪਤਾ ਲਗਦਾ ਹੈ ਕਿ ਸ਼ਹਿਦ ਦਾ ਜੰਮਣਾ ਉਸਦਾ ਕੁਦਰਤੀ ਗੁਣ ਹੈ। ਇਹ ਸ਼ਹਿਦ ਦੇ ਖਰਾਬ ਹੋਣ ਜਾਂ ਮਿਲਾਵਟੀ ਹੋਣ ਦੀ ਨਹੀਂ ਸਗੋਂ ਉਸਦੇ ਸ਼ੁੱਧ ਹੋਣ ਦੀ ਨਿਸ਼ਾਨੀ ਹੈ। ਇਸ ਨਾਲ ਸ਼ਹਿਦ ਦੀ ਪੌਸ਼ਟਿਕਤਾ ਤੇ ਕੋਈ ਮਾੜਾ ਅਸਰ ਨਹੀਂ ਪੈਂਦਾ, ਸਗੋਂ ਇਸ ਵਿੱਚ ਪਰਾਗ ਦੇ ਕਣ ਹੋਣ ਕਰਕੇ ਇਹ ਸਿਹਤ ਲਈ ਵਧੇਰੇ ਲਾਭਦਾਇਕ ਹੁੰਦਾ ਹੈ। ਕਈ ਪੱਛਮੀ ਦੇਸ਼ਾਂ ਦੇ ਲੋਕ ਤਾਂ ਸਗੋਂ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ਖਾਣਾ ਹੀ ਪਸੰਦ ਕਰਦੇ ਹਨ, ਕਿਉਂਕਿ ਇਸ ਨੂੰ ਤਰਲ ਸ਼ਹਿਦ ਦੇ ਮੁਕਾਬਲੇ ਸੌਖੇ ਤਰੀਕੇ ਨਾਲ ਟੋਸਟ ਵਗੈਰਾ ਤੇ ਲਗਾਇਆ ਜਾ ਸਕਦਾ ਹੈ ਅਤੇ ਇਸਦੇ ਮਿਲਾਵਟੀ ਹੋਣ ਦੀ ਅਸ਼ੰਕਾ ਵੀ ਬਹੁਤ ਘੱਟ ਹੋ ਜਾਂਦੀ ਹੈ। ਸਾਨੂੰ ਵੀ ਸ਼ਹਿਦ ਦੇ ਇਹਨਾਂ ਵਿਲੱਖਣ ਗੁਣਾਂ ਬਾਰੇ ਜਾਗਰੂਕ ਹੋਕੇ ਇਸ ਨੂੰ ਆਪਣੀ ਰੋਜ਼ਾਨਾ ਖੁਰਾਕ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਉਸਦੇ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਪ੍ਰੋਗਰੈਸਿਵ ਬੀਕੀਪਰਜ਼ ਐਸੋਸੀਏਸ਼ਨ, ਪੰਜਾਬ ਵੀ ਆਪਣੇ ਵੱਲੋਂ ਵੱਖ-ਵੱਖ ਕਿਸਾਨ ਮੇਲਿਆਂ, ਕਿਸਾਨ ਗੋਸ਼ਟੀਆਂ ਆਦਿ ਦੇ ਦੌਰਾਨ ਲੈਕਚਰਾਂ ਰਾਹੀਂ, ਛਪੇ ਹੋਏ ਸਾਹਿਤ ਰਾਹੀਂ ਅਤੇ ਲੋਕਾਂ ਨੂੰ 'ਕ੍ਰੀਮ ਹਨੀ' ਦੀ ਮੁਫਤ ਟੇਸਟਿੰਗ ਕਰਵਾ ਕੇ ਤਮਾਮ ਯਤਨ ਕਰ ਰਹੇ ਹਨ, ਤਾਂਕਿ ਲੋਕਾਂ ਵਿੱਚ ਜੰਮੇ ਹੋਏ ਸ਼ਹਿਦ ਬਾਰੇ ਜਾਗਰੂਕਤਾ ਫੈਲ ਸਕੇ।ਖਪਤਕਾਰ ਵੀ ਇਹਨਾਂ ਉਪਰਾਲਿਆਂ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ ਅਤੇ ਇਹਨਾਂ ਯਤਨਾਂ ਸਦਕਾ 'ਕ੍ਰੀਮ ਹਨੀ' ਦੀ ਵਿਕਰੀ ਵਿੱਚ ਵਾਧਾ ਵੀ ਹੋ ਰਿਹਾ ਹੈ। ਪਰ ਫੇਰ ਵੀ ਜੇਕਰ ਕਿਸੇ ਖਪਤਕਾਰ ਨੂੰ ਤਰਲ ਸ਼ਹਿਦ ਹੀ ਪਸੰਦ ਹੋਵੇ ਤਾਂ ਜੰਮੇ ਹੋਏ ਸ਼ਹਿਦ ਨੂੰ ਗਰਮ ਪਾਣੀ ਵਿੱਚ ਜਾਂ ਧੁੱਪ ਵਿੱਚ ਰੱਖ ਕੇ ਦੁਬਾਰਾ ਤਰਲ ਵੀ ਬਣਾਇਆ ਜਾ ਸਕਦਾ ਹੈ।

ਹਰਦੀਪ ਸਿੰਘ ਸਭਿਖੀ: 81468-60099

ਪਾਪਲਰ ਦੀ ਸਫ਼ਲ ਕਾਸ਼ਤ ਲਈ ਧਿਆਨਯੋਗ ਗੱਲਾਂ

ਅਰਸ਼ਦੀਪ ਕੌਰ ਗਿੱਲ, ਪਰਮਿੰਦਰ ਸਿੰਘ ਅਤੇ ਗੁਰਵਿੰਦਰ ਪਾਲ ਸਿੰਘ ਢਿੱਲੋਂ

ਵਣ ਅਤੇ ਕੁਦਰਤੀ ਸੋਮੇ ਵਿਭਾਗ

ਪੰਜਾਬ, ਜਿਸ ਵਿੱਚ 80% ਤੋਂ ਵੱਧ ਰਕਬਾ ਕਣਕ ਅਤੇ ਝੋਨੇ ਹੇਠ ਅਤੇ ਸਿਰਫ 6.5% ਜੰਗਲਾਂ ਹੇਠ ਹੈ । ਜੰਗਲਾਂ ਹੇਠ ਰਕਬਾ ਨਾਮਾਤਰ ਹੋਣ ਕਰਕੇ ਸਰਕਾਰ ਅਤੇ ਵਾਤਾਵਰਣ ਮਾਹਿਰਾਂ ਵਲੋਂ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਲਈ ਵਣ ਖੇਤੀ ਅਪਨਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ।ਇਸ ਵਣ ਖੇਤੀ ਪ੍ਰਣਾਲੀ ਨੂੰ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਜਲਦੀ ਵਧਣ ਵਾਲੇ ਅਤੇ ਚੋਖੇ ਮੁਨਾਫੇ ਵਾਲੇ ਰੁੱਖ ਵਣ ਖੇਤੀ ਵਿੱਚ ਜਲਦੀ ਅਪਨਾਏ ਜਾਂਦੇ ਹਨ। ਪਾਪਲਰ ਤੇਜ਼ੀ ਨਾਲ ਵਧਣ ਵਾਲਾ ਅਜਿਹਾ ਰੁੱਖ ਹੈ ਜਿਸ ਦੀ ਨਰਮ ਲੱਕੜੀ ਤੋਂ ਕਈ ਵਸਤਾਂ ਜਿਵੇਂ ਮਾਚਸ ਦੀਆਂ ਤੀਲਾਂ, ਡੱਬੀਆਂ, ਪਲਾਈ, ਕਾਗਜ਼ ਆਦਿ ਬਣਦੀਆਂ ਹਨ। ਇਸ ਲੇਖ ਰਾਹੀਂ ਪਾਪਲਰ ਦੀ ਸੁਧਰੀ ਕਾਸ਼ਤ ਦੇ ਢੰਗ ਦੱਸੇ ਗਏ ਹਨ।

ਪੌਣਪਾਣੀ ਅਤੇ ਮਿੱਟੀ: ਪੰਜਾਬ ਦਾ ਪੌਣਪਾਣੀ ਪਾਪਲਰ ਲਈ ਢੁਕਵਾਂ ਹੈ ਪਰ ਮੈਰਾ ਰੇਤਲੀ ਜ਼ਮੀਨਾਂ, ਜਿਥੇ ਪਾਣੀ ਦਾ ਨਿਕਾਸ ਸਹੀ ਹੋਵੇ ਇਸ ਦੇ ਤੇਜ਼ ਵਾਧੇ ਲਈ ਢੁਕਵੀਆਂ ਹਨ। ਜ਼ਿਆਦਾ ਚੀਕਣੀਆਂ ਜਾਂ ਖਾਰੀਆਂ ਜ਼ਮੀਨਾਂ ਵਿੱਚ ਪਾਪਲਰ ਦਾ ਸਹੀ ਵਾਧਾ ਨਹੀਂ ਹੁੰਦਾ।

ਢੁਕਵਾਂ ਸਮਾਂ: ਜਨਵਰੀ-ਫਰਵਰੀ ਮਹੀਨੇ ਤੱਕ ਦਾ ਸਮਾਂ ਪਾਪਲਰ ਲਗਾਉਣ ਲਈ ਢੁਕਵਾਂ ਹੈ।

ਕਿਸਮਾਂ:

ਕੇਂਦਰੀ ਮੈਦਾਨੀ ਹਿੱਸੇ: ਪੀ.ਐਲ.1, ਪੀ.ਐਲ.2, ਪੀ.ਐਲ.3, ਪੀ.ਐਲ.4, ਪੀ.ਐਲ.5, ਐਲ 48/89 ਅਤੇ ਐਲ 47/88.

ਦੱਖਣ ਪੱਛਮੀ ਖੁਸ਼ਕ ਹਿੱਸੇ: ਪੀ.ਐਲ.3, ਪੀ.ਐਲ.6, ਪੀ.ਐਲ.7, ਅਤੇ ਐਲ 48/89.

ਨਰਸਰੀ ਤਿਆਰ ਕਰਨਾ: ਕਲਮਾਂ ਇਕ ਸਾਲ ਪੁਰਾਣੇ ਬੂਟਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹਨਾਂ ਦੀ ਲੰਬਾਈ 20-25 ਸੈ.ਮੀ. ਅਤੇ ਮੋਟਾਈ 2-3 ਸੈ.ਮੀ. ਹੋਣੀ ਚਾਹੀਦੀ ਹੈ।ਕਲਮਾਂ ਲਗਾਉਣ ਲਈ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ 8-12 ਟਨ ਦੇਸੀ ਰੂੜੀ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਆਰੀਆਂ ਵਿੱਚ ਪਾਉ। 50×50 ਸੈ.ਮੀ. ਜਾਂ 60×60 ਸੈ.ਮੀ. ਫਾਸਲੇ ਤੇ ਪਲਾਂਟਿੰਗ ਰਾਡ ਜਾਂ ਕਿਸੇ ਸਰੀਏ ਨਾਲ ਛੇਕ ਕਰਨ ਤੋਂ ਬਾਅਦ ਕਲਮਾਂ ਦੀ ਇੱਕ ਅੱਖ ਜ਼ਮੀਨ ਤੋਂ ਉੱਪਰ ਰੱਖ ਕੇ ਬਾਕੀ ਜ਼ਮੀਨ ਵਿੱਚ ਨੱਪ ਦਿਉ। ਕਲਮਾਂ ਪੁੰਗਰਨ ਤੱਕ ਜ਼ਮੀਨ ਨੂੰ ਗਿੱਲਾ ਰੱਖੋ। 50 ਕਿਲੋ ਯੂਰੀਆਂ ਦੋ ਕਿਸ਼ਤਾਂ ਵਿੱਚ ਜੁਲਾਈ ਅਤੇ ਅਗਸਤ ਦੇ ਪਹਿਲੇ ਹਫਤੇ ਪਾਉ। 70 ਕਿਲੋ ਫਾਸਫੋਰਸ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।ਲੋੜ ਅਨੁਸਾਰ ਗੋਡੀ ਅਤੇ ਪਾਣੀ ਦਿੰਦੇ ਰਹੋ।

ਪਾਪਲਰ ਵਿੱਚ ਡਰੇਕਸਲਰਾ ਪੱਤਿਆਂ ਦੇ ਧੱਬੇ

ਫਾਸਲਾ: ਕਤਾਰਾਂ ਵਿੱਚਲਾ ਫਾਸਲਾ 5 ਮੀ. ਅਤੇ ਬੂਟਿਆਂ ਵਿਚਲਾ 4 ਮੀ. ਰੱਖੋ ਅਤੇ ਕਤਾਰਾਂ ਦੀ ਦਿਸ਼ਾ ਉੱਤਰ ਦੱਖਣ ਰੱਖੋ। ਫਸਲਾਂ ਦਾ ਜ਼ਿਆਦਾ ਝਾੜ ਲੈਣ ਲਈ ਕਤਾਰਾਂ ਵਿੱਚਲਾ ਫਾਸਲਾ 8 ਮੀ. ਅਤੇ ਬੂਟਿਆਂ ਵਿਚਲਾ 2.5 ਮੀ. ਰੱਖੋ।ਬੰਨਿਆਂ ਤੇ ਬੂਟੇ ਲਗਾਉਣ ਲਈ ਫਾਸਲਾ 3 ਮੀਟਰ ਹੋਣਾ ਚਾਹੀਦਾ ਹੈ।

ਖੇਤਾਂ ਵਿੱਚ ਬੂਟੇ ਲਾਉਣਾ: ਅੱਧ ਜਨਵਰੀ ਤੋਂ ਫਰਵਰੀ ਤੱਕ ਨਰਸਰੀ ਵਿੱਚ ਤਿਆਰ ਬੂਟੇ ਖੇਤਾਂ ਵਿੱਚ ਲਗਾਏ ਜਾਂਦੇ ਹਨ। ਪਛੇਤ ਕਰਨ ਨਾਲ ਬੂਟੇ ਨਰਸਰੀ ਵਿੱਚ ਹੀ ਪੁੰਗਰ ਜਾਂਦੇ ਹਨ ਅਤੇ ਖੇਤਾਂ ਵਿੱਚ ਘੱਟ ਚਲਦੇ ਹਨ। ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਫਾਸਲੇ ਮੁਤਾਬਕ ਨਿਸ਼ਾਨ ਲਗਾ ਦਿਉ। ਪਾਪਲਰ ਦੇ ਬੂਟੇ ਲਗਾਉਣ ਲਈ ਪਲਾਂਟਿੰਗ ਔਗਰ ਜਾਂ ਬੋਕੀ ਨਾਲ 15-25 ਸੈ.ਮੀ. ਵਿਆਸ ਅਤੇ 1.0 ਮੀਟਰ ਡੂੰਘੇ ਨਾਪ ਦੇ ਟੋਏ ਤਿਆਰ ਕਰ ਲਵੋ। ਬੂਟੇ ਲਗਾਉਣ ਦਾ ਸਹੀ ਸਮਾਂ ਜਨਵਰੀ-ਫਰਵਰੀ ਦਾ ਮਹੀਨਾ ਹੈ। ਬੂਟੇ ਲਗਾਉਣ ਤੋਂ 48 ਘੰਟੇ ਪਹਿਲਾਂ ਇਹਨਾਂ ਦੀਆਂ ਜੜ੍ਹਾਂ ਨੂੰ ਚਲਦੇ ਪਾਣੀ ਵਿੱਚ ਡੁਬੋ ਕੇ ਰੱਖਣਾ ਚਾਹੀਦਾ ਹੈ। ਟੋਏ ਦੇ ਕੇਂਦਰ ਵਿੱਚ ਬੂਟਾ ਰੱਖਣ ਤੋਂ ਬਾਅਦ ਇਸ ਨੂੰ ਬਰਾਬਰ ਮਾਤਰਾ ਵਿੱਚ ਮਿੱਟੀ ਅਤੇ ਰੂੜੀ ਦੇ ਮਿਸ਼ਰਣ (1:1) ਤੇ 150 ਗ੍ਰਾਮ ਸਿੰਗਲ ਸੁਪਰ ਫਾਸਫੇਟ ਮੈਰਾ ਮਿੱਟੀ ਵਿੱਚ ਅਤੇ 200 ਗ੍ਰਾਮ ਸਿੰਗਲ ਸੁਪਰ ਫਾਸਫੇਟ ਰੇਤਲੀ ਮਿੱਟੀ ਵਿੱਚ ਰਲਾ ਕੇ ਚੰਗੀ ਤਰ੍ਹਾਂ ਦਬਾ ਕੇ ਭਰ ਦਿਓ ਅਤੇ ਤੁਰੰਤ ਬਾਅਦ ਬੂਟਿਆਂ ਦੀ ਸਿੰਚਾਈ ਕਰ ਦਿਓ। ਜੇ ਸੁਪਰ ਫਾਸਫੇਟ ਨਾ ਹੋਵੇ ਤਾਂ ਮੈਰਾ ਮਿੱਟੀ ਵਿੱਚ 50 ਗ੍ਰਾਮ ਡੀ.ਏ.ਪੀ. ਅਤੇ ਰੇਤਲੀ ਮਿੱਟੀ ਵਿੱਚ 70 ਗ੍ਰਾਮ ਡੀ.ਏ.ਪੀ. ਪਾਈ ਜਾ ਸਕਦੀ ਹੈ।

ਕਾਂਟ-ਛਾਂਟ: ਚੰਗੇ ਅਤੇ ਸਿੱਧੇ ਬੂਟੇ ਪੈਦਾ ਕਰਨ ਲਈ ਟਾਹਣੀਆਂ ਦੀ ਕਟਾਈ ਸਰਦੀਆਂ ਵਿੱਚ ਪੱਤੇ ਝਾੜਨ ਤੋਂ ਬਾਅਦ ਕਰੋ, ਅਤੇ ਕੱਟੇ ਹਿੱਸਿਆਂ ਉਤੇ ਬੋਰਡੋ ਮਿਸ਼ਰਨ (2 ਕਿਲੋ ਨੀਲਾ ਥੋਥਾ+2 ਕਿਲੋ ਚੂਨਾ+30 ਲੀਟਰ ਪਾਣੀ) ਲਗਾ ਦੇਵੋ। ਲੋੜ ਤੋਂ ਵੱਧ ਕਾਂਟ ਛਾਂਟ ਕਰਨ ਨਾਲ ਬੂਟਿਆਂ ਦਾ ਵਾਧਾ ਰੁਕਦਾ ਹੈ ਅਤੇ ਜ਼ਿਆਦਾ ਟਾਹਣੀਆਂ ਨਿਕਲਦੀਆਂ ਹਨ।

ਵਣਖੇਤੀ: ਦੋ ਸਾਲ ਤੱਕ ਜਦੋਂ ਦਰਖ਼ਤ ਛੋਟੇ ਹੁੰਦੇ ਹਨ, ਕੋਈ ਵੀ ਫ਼ਸਲ ਖੇਤ ਵਿੱਚ ਉਗਾਈ ਜਾ ਸਕਦੀ ਹੈ। ਪਹਿਲੇ ਦੋ ਸਾਲ ਸਲਾਨਾ ਫ਼ਸਲਾਂ ਜਿਵੇਂ ਕਿ ਗੰਨਾ, ਹਲਦੀ ਆਦਿ ਵੀ ਲਾਈਆਂ ਜਾ ਸਕਦੀਆਂ ਹਨ। ਝੋਨੇ ਦੀ ਸਿਫ਼ਾਰਿਸ਼ ਪਾਪਲਰ ਨਾਲ ਨਹੀਂ ਕੀਤੀ ਜਾਂਦੀ ਕਿਉਂਕਿ ਪਾਣੀ ਖੜਨ ਨਾਲ ਦਰੱਖ਼ਤਾਂ ਦੇ ਡਿੱਗਣ ਦਾ ਖ਼ਤਰਾ ਅਤੇ ਜੜ੍ਹਾਂ ਨੂੰ ਗਲਣ ਰੋਗ ਲੱਗਣ ਦਾ ਡਰ ਹੁੰਦਾ ਹੈ। ਤੀਜੇ ਸਾਲ ਬਾਅਦ

ਹਾੜੀ ਵਿੱਚ ਕਣਕ, ਜੌਂ, ਬਰਸੀਮ, ਆਲੂ, ਤੋਰੀਆ ਆਦਿ ਅਤੇ ਸਾਉਣੀ ਵਿੱਚ ਸਿਰਫ਼ ਚਾਰੇ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਚਰ੍ਹੀ, ਬਾਜਰਾ, ਗੁਆਰਾ ਆਦਿ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਸਿੰਚਾਈ: ਪੌਦੇ ਲਾਉਣ ਤੋਂ ਬਾਅਦ ਛੇਤੀ ਹੀ ਪਾਣੀ ਲਾ ਦਿਓ ਅਤੇ ਪਾਪਲਰ ਦੀਆਂ ਖਾਲੀਆਂ ਨੂੰ ਪਹਿਲੇ ਦੋ ਸਾਲ ਤੱਕ ਗਿੱਲਾ ਰੱਖੋ। ਬਾਅਦ ਵਿੱਚ ਅਕਤੂਬਰ ਤੋਂ ਫ਼ਰਵਰੀ ਤੱਕ ਪੰਦਰਾਂ ਦਿਨਾਂ ਵਿੱਚ ਇੱਕ ਵਾਰ ਸਿੰਚਾਈ ਅਤੇ ਮਾਰਚ ਤੋਂ ਜੂਨ ਦੇ ਮਹੀਨਿਆਂ ਵਿੱਚ 7-10 ਦਿਨਾਂ ਦੇ ਵਕਫੇ ਨਾਲ ਸਿੰਚਾਈ ਕਰੋ।

ਖੁਰਾਕੀ ਤੱਤਾਂ ਦੀ ਲੋੜ: ਹਰ ਸਾਲ 1/3 (ਇੱਕ ਤਿਹਾਈ) ਨਾਈਟਰੋਜਨ ਮਈ ਦੇ ਮਹੀਨੇ ਵਿੱਚ ਹਾੜੀ ਦੀ ਫਸਲ ਦੀ ਕਟਾਈ ਤੋਂ ਬਾਅਦ, ਇੱਕ ਤਿਹਾਈ ਨਾਈਟਰੋਜਨ ਜੁਲਾਈ ਅਤੇ ਬਾਕੀ ਇੱਕ ਤਿਹਾਈ ਨਾਈਟਰੋਜਨ ਸਤੰਬਰ ਵਿੱਚ ਪਾਓ।ਹਰ ਸਾਲ ਨਾਈਟਰੋਜਨ ਦੀ ਮਾਤਰਾ ਵੱਧਦੀ ਹੈ ਪਹਿਲੇ ਸਾਲ 80 ਗ੍ਰਾਮ/ਬੂਟਾ (1 ਮੀਟਰ ਘੇਰੇ ਵਿੱਚ) ਤੋਂ ਛੇਵੇਂ ਸਾਲ 280 ਗ੍ਰਾਮ/ਬੂਟਾ 3 ਮੀਟਰ ਚੌੜੀ ਪੱਟੀ (1.5 ਮੀਟਰ ਲਾਈਨ ਦੇ ਦੋਨੇਂ ਪਾਸੇ)। ਪਾਪਲਰ ਨੂੰ ਹਰ ਸਾਲ ਡੀ.ਏ.ਪੀ. ਜਾਂ ਐਸ.ਐਸ.ਪੀ. (ਫਾਸਫੋਰਸ) ਪਾਉਣ ਦੀ ਲੋੜ ਨਹੀਂ ਹੈ ਕਿਉਂਕਿ ਪਾਪਲਰ ਫਾਸਫੋਰਸ ਦੀ ਪੂਰਤੀ ਹਾੜੀ ਦੀ ਫਸਲ ਨੂੰ ਪਾਈ ਫਾਸਫੋਰਸ ਤੋਂ ਪੂਰੀ ਕਰ ਲੈਂਦਾ ਹੈ ਜੋ ਕਿ ਗਰਮੀ ਦੇ ਮੌਸਮ ਵਿੱਚ ਮਿਲ ਜਾਂਦੀ ਹੈ।ਪਾਪਲਰ ਵਿੱਚ ਜ਼ਿੰਕ ਦੀ ਘਾਟ ਆਉਣ ਤੇ ਪੱਤਿਆਂ ਦੀਆਂ ਨਾੜੀਆਂ ਵਿਚਲਾ ਹਰਾ ਹਿੱਸਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਪੱਤੇ ਸੁੰਗੜ ਜਾਂਦੇ ਹਨ, ਖੁਰਦਰੇ ਹੋ ਜਾਂਦੇ ਹਨ ਅਤੇ ਉਹਨਾਂ ਦੇ ਅਕਾਰ ਵਿੱਚ ਵਾਧਾ ਵੀ ਨਹੀਂ ਹੁੰਦਾ।ਪਾਪਲਰ ਦੀ ਨਰਸਰੀ ਵਿੱਚ, ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ 21% ਜ਼ਿੰਕ ਜਾ 25 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ 33% ਜ਼ਿੰਕ/ਏਕੜ ਦੇ ਹਿਸਾਬ ਨਾਲ ਨਰਸਰੀ ਲਗਾਉਣ ਸਮੇਂ ਪਾਓ। ਇਸ ਖੁਰਾਕ ਨੂੰ 2 ਸਾਲ ਬਾਅਦ ਦੁਬਾਰਾ ਪਾ ਦੇਣਾ ਚਾਹੀਦਾ ਹੈ। ਪਾਪਲਰ ਦੇ ਬੂਟਿਆਂ ਵਿੱਚ, ਪਾਪਲਰ ਦੇ ਪਹਿਲੇ, ਤੀਜੇ ਅਤੇ ਪੰਜਵੇਂ ਸਾਲ 100, 200 ਅਤੇ 300 ਗਰਾਮ ਪ੍ਰਤੀ ਬੂਟਾ ਜ਼ਿੰਕ ਸਲਫੇਟ ਹੈਪਟਾਹਾਈਡਰੇਟ ਬੂਟਿਆਂ ਦੇ ਆਲੇ ਦੁਆਲੇ ਕ੍ਰਮਵਾਰ 1 ਮੀਟਰ ਘੇਰੇ ਵਿੱਚ, 2 ਮੀਟਰ ਘੇਰੇ ਵਿੱਚ ਜਾਂ 3 ਮੀਟਰ ਚੌੜੀ ਪੱਟੀ (1.5 ਮੀਟਰ ਬੂਟਿਆਂ ਦੇ ਦੋਨੇ ਪਾਸੇ) ਵਿੱਚ ਹਾੜੀ ਦੀ ਫ਼ਸਲ ਕੱਟਣ ਤੋਂ ਬਾਅਦ ਮਿੱਟੀ ਵਿੱਚ ਰਲਾ ਦੇਣੀ ਚਾਹੀਦੀ ਹੈ।

ਨਦੀਨਾਂ ਦੀ ਰੋਕਥਾਮ: ਖੇਤਾਂ ਨੂੰ ਨਦੀਨਾਂ ਤੋਂ ਮੁਕਤ ਰੱਖਣ ਲਈ ਸ਼ੁਰੂਆਤੀ ਸਾਲਾਂ ਦੌਰਾਨ ਟਰੈਕਟਰ ਦੁਆਰਾ ਖਿੱਚੇ ਗਏ ਔਜ਼ਾਰਾਂ ਦੀ ਮਦਦ ਨਾਲ, ਕਾਸ਼ਤਕਾਰੀ ਢੰਗਾਂ ਰਾਹੀਂ ਜਾਂ ਗਲਾਈਫੋਸੇਟ ਦਾ ਨਦੀਨਾਂ ਦੇ ਉੱਗਣ ਤੋਂ ਬਾਅਦ ਛਿੜਕਾਅ, ਸਲਾਨਾ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਵਿੱਚ ਕਾਫੀ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ।

ਕੀੜੇ-ਮਕੌੜੇ ਅਤੇ ਇਹਨਾਂ ਦੀ ਰੋਕਥਾਮ: ਭਾਵੇਂ ਪਾਪਲਰ ਤੇ ਹੇਠ ਲਿਖੇ ਕੀੜੇ ਹਮਲਾ ਕਰ ਸਕਦੇ ਹਨ। ਪਰ ਆਮ ਤੌਰ ਤੇ ਬੂਟਿਆਂ ਵਿੱਚ ਇਸ ਤੋਂ ਉਭਰਨ ਦੀ ਸ਼ਕਤੀ ਹੁੰਦੀ ਹੈ।

1. **ਪੱਤੇ ਝਾੜਨ ਵਾਲੀ ਸੁੰਡੀ:** ਇਸ ਸੁੰਡੀ ਦੇ ਹਮਲੇ ਕਾਰਣ ਪੱਤੇ ਜਾਲ ਵਰਗੇ ਬਣ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸੁੰਡੀ ਸਾਰਾ ਪੱਤਾ ਖਾ ਜਾਂਦੀ ਹੈ ਅਤੇ ਸਿਰਫ ਨਾੜੀਆਂ ਰਹਿ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਉਹ ਪੱਤੇ ਜਿਨਾਂ ਤੇ ਸੁੰਡੀ ਜਾਂ ਆਂਡੇ ਹੋਣ, ਉਹਨਾਂ ਨੂੰ ਤੋੜ ਕੇ ਸਾੜ ਦਿਉ। ਸਰਦੀਆਂ (ਦਸੰਬਰ) ਵਿੱਚ ਖੇਤ ਨੂੰ 2-3 ਵਾਰ ਵਾਹ ਦਿਉ।

2. **ਪੱਤੇ ਲਪੇਟ ਸੁੰਡੀ:** ਇਹ ਜਾਲਾ ਬਣਾ ਕੇ ਲਪੇਟੇ ਹੋਏ ਪੱਤੇ ਵਿੱਚੋਂ ਹਰਾ ਪਦਾਰਥ ਖਾਂਦੀ ਹੈ।ਇਸ ਦੀ ਰੋਕਥਾਮ ਲਈ ਉਹ ਸਾਰੀਆਂ ਵਿਧੀਆਂ ਵਰਤੋਂ ਜੋ ਅਸੀਂ ਪੱਤੇ ਖਾਣ ਵਾਲੀਆਂ ਸੁੰਡੀਆਂ ਲਈ ਵਰਤਦੇ ਹਾਂ।

3. **ਤਣੇ ਦਾ ਗੜੂੰਆ:** ਨਰਸਰੀ ਵਿੱਚ ਇਹ ਸੁੰਡੀਆਂ ਤਣੇ ਵਿੱਚੋਂ ਸੁਰੰਗਾਂ ਬਣਾ ਕੇ ਨਿੱਚੇ ਜੜ੍ਹ ਤੱਕ ਪਹੁੰਚ ਜਾਂਦੀਆਂ ਹਨ।ਦਰਖਤਾਂ ਉੱਪਰ ਹਮਲੇ ਦੌਰਾਨ ਸੁੰਡੀਆਂ 10-12 ਸੈਂਟੀਮੀਟਰ ਦੇ ਅੰਤਰਾਲ ਤੇ 8-10 ਗੋਲ ਛੇਕ (ਜੋ ਕਿ ਖਾਦੇ ਹੋਏ ਪਦਾਰਥ ਦੇ ਨਿਕਾਸ ਨੂੰ ਬਾਹਰ ਸੁੱਟਣ ਲਈ) ਮੁੱਖ ਤਣੇ ਉੱਪਰ ਬਣਾਉਂਦੀਆਂ ਹਨ।ਇਸ ਦੀ ਰੋਕਥਾਮ ਲਈ ਹਮਲੇ ਵਾਲੀਆਂ ਟਹਿਣੀਆਂ ਦੀ ਕਾਂਟ ਛਾਂਟ ਅਗਤਸ-ਸਤੰਬਰ ਵਿਚ ਕਰ ਦਿਓ। ਗੋਲ ਛੇਕਾਂ ਨੂੰ ਚੀਕਣੀ ਮਿੱਟੀ ਨਾਲ ਭਰ ਦਿਓ ਤੇ ਕੇਵਲ ਤਣੇ ਤੇ ਸਭ ਤੋਂ ਹੇਠਲੇ ਛੇਕ ਵਿੱਚ ਮਿੱਟੀ ਦਾ ਤੇਲ ਪਾ ਦਿਓ। ਇਸ ਕੀੜੇ ਦੇ ਦੂਸਰੇ ਖੁਰਾਕੀ ਬੂਟੇ ਜਿਵੇਂ ਕਿ ਤੂਤ ਜਾਂ ਸੇਬ ਨੂੰ ਪਾਪਲਰ ਦੇ ਖੇਤ ਦੇ ਆਸਪਾਸ ਨਾ ਲਗਾਓ।

4. **ਸੱਕ ਖਾਣ ਵਾਲੀ ਸੁੰਡੀ:** ਇਸ ਦੇ ਲਾਰਵੇ ਤਣੇ ਅਤੇ ਟਾਹਣੀਆਂ ਵਿੱਚ ਛੇਕ ਕਰਕੇ ਸੱਕ ਨੂੰ ਖਾਂਦੇ ਹਨ ਅਤੇ ਜਾਲਾ ਬਣਾਉਂਦੇ ਹਨ। ਇਹ ਛੇਕ ਖਾਸ ਕਰਕੇ ਉਹਨਾਂ ਥਾਵਾਂ ਤੇ ਹੁੰਦੇ ਹਨ ਜਿਥੇ ਟਾਹਣੀਆਂ ਦੀ ਕਾਂਟ-ਛਾਂਟ ਕੀਤੀ ਗਈ ਹੋਵੇ।ਇਸ ਦੀ ਰੋਕਥਾਮ ਲਈ ਜਾਲਿਆਂ ਨੂੰ ਲਾਹ ਦਿਓ ਅਤੇ ਮਿੱਟੀ ਦਾ ਤੇਲ ਛੇਕਾਂ ਵਿੱਚ ਪਾ ਦਿਓ। ਗਰਮੀਆਂ ਵਿੱਚ ਲੋੜ ਅਨੁਸਾਰ ਪਾਣੀ ਲਗਾਉਂਦੇ ਰਹੋ। ਪਾਪਲਰ ਨੂੰ ਫਲਦਾਰ ਬੂਟਿਆਂ ਦੇ ਬਾਗ ਜਿਵੇਂ ਕਿ ਲੀਚੀ, ਅਮਰੂਦ, ਆਦਿ ਦੇ ਆਸਪਾਸ ਨਾ ਲਗਾਓ।

ਬਿਮਾਰੀਆਂ ਅਤੇ ਇਹਨਾਂ ਦੀ ਰੋਕਥਾਮ:

1. **ਕਲਮਾਂ ਦਾ ਗਲਣਾ:** ਇਸ ਬਿਮਾਰੀ ਦੇ ਹਮਲੇ ਨਾਲ ਨਰਸਰੀ ਵਿੱਚ ਕਲਮਾਂ ਦੇ ਉੱਤੇ ਕਾਲੇ ਰੰਗ ਦੇ ਧੱਬੇ ਬਣ ਜਾਂਦੇ ਹਨ। ਜਿਸ ਕਾਰਨ ਕਲਮਾਂ ਗਲ ਜਾਂਦੀਆ ਹਨ।ਕਲਮਾਂ ਨੂੰ ਬਿਜਾਈ ਤੋਂ 15 ਮਿੰਟ ਪਹਿਲਾਂ ਬਾਵਿਸਟਿਨ 0.5% ਵਾਲੇ ਘੋਲ ਵਿੱਚ ਡੋਬ ਕੇ ਇਸ ਦਾ ਇਲਾਜ ਕਰੋ।ਜੇ ਨਰਸਰੀ ਵਿੱਚ ਪੌਦਿਆਂ ਉੱਤੇ ਬਿਮਾਰੀ ਨਜ਼ਰ ਆਵੇ ਤਾਂ ਕਲਮਾਂ ਦੇ ਦੁਆਲੇ ਮਿੱਟੀ ਨੂੰ ਬੋਰਡੋ ਮਿਸ਼ਰਣ (0.8%) ਨਾਲ ਗੜੁੱਚ ਕਰੋ। ਸਿੱਲੀਆ ਭਾਰੀਆਂ ਜ਼ਮੀਨਾਂ ਵਿੱਚ ਕਲਮਾਂ ਤੋਂ ਪਨੀਰੀ ਤਿਆਰ ਨਾ ਕਰੋ।

2. **ਪੱਤਿਆਂ ਤੇ ਧੱਬਿਆਂ ਦਾ ਰੋਗ:** ਇਸ ਬਿਮਾਰੀ ਦੇ ਹਮਲੇ ਨਾਲ ਪੱਤਿਆ ਤੇ ਗੂੜੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਕਾਰਨ ਪੱਤੇ ਝੜ ਵੀ ਸਕਦੇ ਹਨ। ਇਸ ਬਿਮਾਰੀ ਦੇ ਲੱਛਣ ਜੁਲਾਈ ਮਹੀਨੇ ਬਾਰਸ਼ ਸ਼ੁਰੂ ਹੋਣ ਤੋਂ ਬਾਅਦ ਵੇਖਣ ਨੂੰ ਮਿਲਦੇ ਹਨ।ਪਾਪਲਰ ਦੇ ਧੱਬਿਆਂ ਦੀ ਰੋਕਥਾਮ ਬੋਰਡੋ ਮਿਸ਼ਰਣ (0.8%) ਦੇ ਤਿੰਨ ਤੋਂ ਚਾਰ ਸਪਰੇਅ ਜੁਲਾਈ ਦੇ ਪਹਿਲੇ ਹਫਤੇ ਤੋਂ ਜਾਂ ਮਾਨਸੂਨ ਦੀ ਸ਼ੁਰੂਆਤ ਤੋਂ ਬਾਅਦ ਪੰਦਰਾਂ ਦਿਨਾਂ ਦੇ ਅੰਤਰਾਲ ਤੇ ਕਰੋ।

ਕਟਾਈ ਅਤੇ ਮੰਡੀਕਰਨ: ਜਦੋਂ ਬੂਟਿਆਂ ਦੀ ਲਪੇਟ 80 ਸੈਂ.ਮੀ. ਹੋ ਜਾਵੇ ਤਾਂ ਇਹ ਕੱਟਣ ਯੋਗ ਹੋ ਜਾਂਦੇ ਹਨ। ਆਮ ਤੌਰ ਤੇ ਇਹ ਮੋਟਾਈ 5-6 ਸਾਲਾਂ ਵਿੱਚ ਹੋ ਜਾਂਦੀ ਹੈ। ਪਾਣੀ ਦੇ ਨਿਕਾਸ ਵਾਲੀਆਂ ਉਪਜਾਊ ਜ਼ਮੀਨਾਂ ਅਤੇ ਵਧੀਆਂ ਖੇਤੀ ਪ੍ਰਬੰਧ ਨਾਲ ਪਾਪਲਰ 5 ਸਾਲਾ ਵਿੱਚ ਕੱਟਿਆ ਜਾ ਸਕਦਾ ਹੈ। ਪਰੰਤੂ ਇਸ ਨੂੰ ਕੱਟ ਕੇ ਵੇਚਣ ਦੀ ਬਜਾਏ ਖੜੇ ਰੁੱਖਾਂ ਨੂੰ ਵੇਚਣ ਦੀ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਚੰਗਾ ਭਾਅ ਨਾ ਮਿਲਣ ਦੀ ਸੂਰਤ ਵਿੱਚ ਮੰਡੀਕਰਨ ਨੂੰ ਅੱਗੇ ਪਾਇਆ ਜਾ ਸਕੇ। ਨਾਲ ਹੀ ਕੋਸ਼ਿਸ਼ ਕਰੋ ਕਿ ਗਰੁੱਪ ਬਣਾ ਕੇ ਮੰਡੀਕਰਣ ਕੀਤਾ ਜਾਵੇ ਬੂਟਿਆਂ ਦੀ ਮੋਟਾਈ ਦੇ ਅਧਾਰ ਤੇ ਲੱਕੜ ਦਾ ਘਣਫਲ ਅਤੇ ਭਾਰ ਦਾ ਪਤਾ ਲਾਉਣ ਅਤੇ ਹੋਰ ਵਧੇਰੇ ਤਕਨੀਕੀ ਜਾਣਕਾਰੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਜੰਗਲਾਤ ਤੇ ਕੁਦਰਤੀ ਸੋਮੇ ਵਿਭਾਗ ਨਾਲ ਸੰਪਰਕ ਕਰੋ।

ਅਰਸ਼ਦੀਪ ਕੌਰ ਗਿੱਲ: 98768-11334

ਸਰਦੀਆਂ ਸਮੇਂ ਲਵੇਰਿਆਂ ਦਾ ਖ਼ੁਰਾਕੀ ਪ੍ਰਬੰਧ

ਪ੍ਰਭਜੋਤ ਕੌਰ ਸਿੱਧੂ, ਗੁਰਲਾਲ ਸਿੰਘ ਗਿੱਲ ਅਤੇ ਕਮਲਦੀਪ ਸਿੰਘ ਮਠਾੜੂ
ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ

ਲਵੇਰਿਆਂ ਲਈ ਢੁਕਵਾਂ ਤਾਪਮਾਨ 15 ਤੋਂ 25 ਡਿਗਰੀ ਹੁੰਦਾ ਹੈ ਤੇ ਨਮੀ ਲਗਭਗ 70 % ਚਾਹੀਦੀ ਹੈ । ਪਰ ਸਰਦੀਆਂ ਵਿੱਚ ਤਾਪਮਾਨ 13 ਡਿਗਰੀ ਤੋਂ 24 ਡਿਗਰੀ ਵਿਚਾਲੇ ਚਲਾ ਜਾਂਦਾ ਹੈ ਤੇ ਸਾਲ ਦੇ ਸ਼ੁਰੂ ਵਿੱਚ ਪਾਰਾ ਹੋਰ ਵੀ ਡਿੱਗ ਜਾਂਦਾ ਹੈ। ਘੱਟ ਤਾਪਮਾਨ ਤੇ ਖਾਸ ਕਰਕੇ ਜੇ ਨਮੀ 80 % ਤੋਂ ਵੱਧ ਹੋਵੇ , ਲਵੇਰੇ ਬਹੁਤ ਦਬਾਅ ਮਹਿਸੂਸ ਕਰਦੇ ਹਨ। ਇਸ ਲਈ ਕੁੱਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ:

1. ਪਸ਼ੂ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਆਪਣੀ ਖ਼ੁਰਾਕ ਵਧਾਉਂਦੇ ਹਨ। ਬੈਠਣ ਨੂੰ ਸੁੱਕੀ ਅਤੇ ਨਿੱਘੀ ਜਗ੍ਹਾ ਲੱਭਦੇ ਹਨ ਬਾਹਰ ਜੇ ਧੁੱਪ ਹੈ, ਤਾਂ ਉੱਥੇ ਜਾਣਾ ਚਾਹੁੰਦੇ ਹਨ ਅਤੇ ਪਾਣੀ ਘੱਟ ਪੀਂਦੇ ਹਨ। ਸ਼ੈੱਡ ਦੀ ਲੰਬਾਈ ਹਮੇਸ਼ਾ ਚੜਦੇ ਤੋਂ ਲਹਿੰਦੇ ਪਾਸੇ ਹੋਣੀ ਚਾਹੀਦੀ ਹੈ। ਖੁਰਲੀ ਉਤਰ ਵਾਲੇ ਪਾਸੇ ਬਣਾਓ ਅਤੇ ਦੱਖਣ ਵਾਲਾ ਪਾਸਾ ਖੁੱਲਾ ਰੱਖੋ । ਅਜਿਹਾ ਕਰਨ ਨਾਲ ਪਸ਼ੂ ਸਰਦੀ ਤੋਂ ਬਚੇ ਰਹਿਣਗੇ ਕਿਉਂਕਿ ਦੱਖਣ ਤੋਂ ਸੂਰਜ ਦੀਆਂ ਕਿਰਨਾਂ ਸਿੱਧੀਆਂ ਸ਼ੈਡ ਅੰਦਰ ਜਾ ਕਿ ਇੱਕ ਤਾਂ ਨਿੱਘ ਦੇਣਗੀਆਂ ਤੇ ਫਰਸ਼ ਵੀ ਸੁੱਕਾ ਰਹੇਗਾ । ਖੁਰਲੀ ਉੱਤੇ ਖੜਨ ਲਈ ਇਕ ਪਸ਼ੂ ਨੂੰ 4 ਫੁੱਟ ਜਗ੍ਹਾ ਚਾਹੀਦੀ ਹੈ ਭਾਵ 10 ਪਸ਼ੂਆਂ ਲਈ ਖੁਰਲੀ ਦੀ ਲੰਬਾਈ 40 ਫੁੱਟ ਹੋਣੀ ਚਾਹੀਦੀ ਹੈ ।
2. ਸ਼ੈੱਡ ਅੰਦਰ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਵਿਵਸਥਾ ਸਹੀ ਹੋਣੀ ਚਾਹੀਦੀ ਹੈ ਕਿਉਂਕਿ ਸਰਦੀਆਂ ਵਿੱਚ ਪਾਣੀ ਦੀ ਮਿਕਦਾਰ 50 % ਘੱਟ ਜਾਂਦੀ ਹੈ। ਦੁੱਧ ਦੀ ਚੁਆਈ ਤੋਂ ਅਕਸਰ ਬਾਅਦ ਲਵੇਰੇ ਪਾਣੀ ਪੀਣਾ ਚਾਹੁੰਦੇ ਹਨ ਇਸ ਕਰਕੇ ਪਾਣੀ ਵਾਲੀ ਹੌਦੀ ਤੇ ਜ਼ਿਆਦਾ ਇੱਕਠ ਨਾ ਹੋਣ ਦਿਓ। ਦਸ ਪਸ਼ੂਆ ਲਈ 8 ਫੁੱਟ ਲੰਬੀ ਅਤੇ 3 ਫੁੱਟ ਚੌੜੀ ਪਾਣੀ ਦੀ ਕੁੰਡ ਕਾਫੀ ਹੈ।ਪਾਣੀ ਵਾਲੀ ਮੋਟਰ ਹਰ 2– 3 ਘੰਟਿਆਂ ਬਾਅਦ ਚਲਾਉ ਤਾਂ ਕਿ ਪਾਣੀ ਜਾਂ ਤਾਂ ਨਿੱਘਾ ਮਿਲੇ, ਨਹੀਂ ਤਾਂ ਲਵੇਰਿਆਂ ਨੇ ਰੱਜਵਾਂ ਪਾਣੀ ਨਹੀਂ ਪੀਣਾ । ਜੇ ਪੀ ਵੀ ਲਿਆ ਤਾਂ ਪਾਣੀ ਦੇ ਘੱਟ ਤਾਪਮਾਨ ਕਾਰਨ ਕਈ ਵਾਰ ਲਵੇਰੇ ਨਮੋਨੀਏ ਦੇ ਸ਼ਿਕਾਰ ਹੋ ਸਕਦੇ ਹਨ ।
3. ਜੇ ਸ਼ੈੱਡ ਦੇ ਅੰਦਰ ਦਰਖ਼ਤ ਹਨ ਤਾਂ ਬਹੁਤ ਹੀ ਵਧੀਆ, ਪਰ ਸਰਦੀਆਂ ਵੇਲੇ ਇਨਾਂ ਦੀਆਂ ਫਾਲਤੂ ਟਹਿਣੀਆਂ ਛਾਂਗ ਦਿਉ ਤਾਂ ਕਿ ਧੁੱਪ ਪੂਰੀ ਮਾਤਰਾ ਵਿੱਚ ਆ ਸਕੇ।
4. ਹਰੇ ਚਾਰੇ ਦੀ ਖ਼ੁਰਾਕੀ ਗੁਣਵੱਤਾ ਉਸ ਦੀ ਕਟਾਈ ਤੇ ਨਿਰਭਰ ਕਰਦੀ ਹੈ । ਜੇ ਕਟਾਈ ਪਹਿਲਾਂ ਕੀਤੀ ਜਾਵੇ ਤਾ ਚਾਰਾ ਨਰਮ ਹੋਵੇਗਾ, ਸਰਦੀਆਂ ਵਿੱਚ ਹਰੇ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਮੋਕ ਲੱਗਣ ਦਾ ਖਤਰਾ ਵੱਧ ਜਾਂਦਾ ਹੈ ।ਅੱਜ ਕਲ ਬਰਸੀਮ, ਜਵੀ, ਲੂਸਣ, ਰਾਈਘਾਹ ਆਦਿ ਬੀਜੇ ਜਾਂਦੇ ਹਨ, ਜਿਨ੍ਹਾਂ ਵਿੱਚ ਪ੍ਰੋਟੀਨ ਅਤੇ ਕੈਲਸ਼ੀਅਮ ਦੀ ਮਾਤਰਾ ਸਾਉਣੀ ਦੇ ਚਾਰਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਸ਼ੁਰੂ-ਸ਼ੁਰੂ ਥੋੜਾ ਚਿਰ ਦੁੱਧ ਵੱਧਦਾ ਹੈ ਫਿਰ ਖੂਨ ਵਿਚਲਾ ਯੂਰੀਆ ਵਧਣ ਸਦਕਾ ਕਈ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਵੱਧ ਕੈਲਸ਼ੀਅਮ ਸਦਕਾ ਫਾਸਫੋਰਸ ਦੀ ਕਮੀ ਹੁੰਦੀ ਹੈ ਤੇ ਕਈ ਲਵੇਰੇ ਇੱਕ ਦੂਜੇ ਦਾ ਪਿਸ਼ਾਬ ਪੀਣ ਲੱਗ ਜਾਂਦੇ ਹਨ ਤੇ ਇਸ ਲਈ ਜ਼ਰੂਰੀ ਹੈ ਕਿ ਧਾਤਾਂ ਦੇ ਚੂਰੇ ਦੀ ਸਹੀ ਵਰਤੋਂ ਕੀਤੀ ਜਾਏ। ਇਸ ਕਰਕੇ ਸਰਦੀਆਂ ਵਿੱਚ ਆਪਣੇ ਹਰੇ ਚਾਰੇ ਨੂੰ ਮੁੱਖ ਰੱਖ ਕੇ ਵੰਡ ਵਿੱਚ ਤਬਦੀਲ਼ੀ ਕਰੋ। ਕੁਝ ਖ਼ਲਾਂ ਘਟਾ ਕੇ ਅਨਾਜ ਵਧਾਉ। ਸਰਦੀਆਂ'ਚ ਕੈਲਸ਼ੀਅਮ ਦੀ ਵਰਤੋਂ ਘੱਟ ਕਰੋ। ਜਿਹੜੇ ਡੇਅਰੀ ਪਾਲਕਾਂ ਕੋਲ ਹਰੇ ਦਾ ਆਚਾਰ ਹੈ , ਉਨਾਂ ਨੂੰ ਵੀ ਆਚਾਰ ਦੀ ਮਿਕਦਾਰ ਕੁਝ ਘਟਾ ਕੇ 10-12 ਕਿਲੋ ਅਤੇ ਫਲੀਦਾਰ ਚਾਰੇ ਪ੍ਰਤੀ ਜਾਨਵਰ ਪ੍ਰਤੀ ਦਿਨ ਦੇਣੇ ਚਾਹੀਦੇ ਹਨ ਤਾਂ ਕਿ ਵੰਡ ਸਸਤਾ ਬਣੇ ਤੇ ਲਵੇਰਿਆਂ ਦੀ ਖ਼ੁਰਾਕੀ ਸਮਰੱਥਾ ਬਰਕਰਾਰ ਰਹੇ।
5. ਸਰਦੀਆਂ ਦੇ ਮੌਸਮ ਵਿੱਚ ਵੰਡ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਲਵੇਰੇ ਨੂੰ ਰਜਾਉਣ, ਪੈਦਾਵਾਰ ਵਧਾਉਣ ਲਈ ਕਈ ਕਿਸਮਾਂ ਦੇ ਸੂਖਮ ਪਦਾਰਥਾਂ ਦੀ ਵੀ ਜ਼ਰੂਰਤ ਪੈਂਦੀ ਹੈ। ਹਰ ਇਕ ਪਸ਼ੂ ਪਾਲਕ ਦੀ ਆਪਣੀ ਹੀ ਰਵਾਇਤ ਹੈ। ਕਈ ਬਾਜ਼ਾਰੀ ਫੀਡਾਂ ਪਾਉਂਦੇ ਹਨ। ਫੀਡ ਕੰਪਨੀਆਂ ਜਦੋਂ ਆਪਣੇ ਬਰੈਂਡ ਦੀ ਫੀਡ ਬਣਾਉਂਦੀਆਂ ਹਨ ਤਾਂ ਉਹ ਕਿਸੇ ਖਾਸ ਪਸ਼ੂ ਪਾਲਕ ਨੂੰ ਧਿਆਨ'ਚ ਰੱਖਕੇ ਫੀਡ ਨਹੀਂ ਬਣਾਉਦੇ, ਬਲਕਿ ਸਰਕਾਰ ਦੁਆਰਾ ਲਾਗੂ ਕਾਨੂੰਨ ਨੂੰ ਮੱਦੇ ਨਜ਼ਰ ਰੱਖਕੇ ਫੀਡ ਬਣਾਉਦੇ ਹਨ। ਹੋ ਸਕਦਾ ਹੈ ਕਿਸੇ ਪਸ਼ੂ ਪਾਲਕ ਨੂੰ ਨਤੀਜੇ ਵਧੀਆ ਮਿਲਣ ਤੇ ਕਿਸੇ ਨੂੰ ਨਹੀਂ।ਬਹੁਤੇ ਡੇਅਰੀ ਪਾਲਕ ਬਾਜਾਰੀ ਫੀਡਾਂ ਦੇ ਨਾਲ ਨਾਲ ਘਰ ਦੀ ਕਣਕ, ਦਲੀਏ, ਕਾਹੜੇ, ਵੜੇਵਿਆਂ ਦੀ ਖ਼ਲ ਆਦਿ ਦੀ ਵੀ ਵਰਤੋਂ ਕਰਦੇ ਹਨ। ਕਈ

ਕਿਸਾਨ ਫੀਡ ਮਿਲਾਂ ਤੋਂ ਆਪ ਵੰਡ ਬਣਵਾ ਕੇ ਲਿਆਉਂਦੇ ਹਨ। ਪਰ ਫਾਰਮੂਲਾ ਤੁਹਾਡੀ ਸਹਿਮਤੀ ਵਾਲਾ ਹੋਣਾ ਚਾਹੀਦਾ ਹੈ ਅਤੇ ਉਸ ਵਿਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਜਿਣਸਾਂ ਦੇ ਭਾਅ ਤੁਹਾਨੂੰ ਪਤਾ ਹੋਣੇ ਚਾਹੀਦੇ ਹਨ। ਵੰਡ ਵਿਚ ਪਾਏ ਜਾਣ ਵਾਲੇ ਅਨਾਜ, ਖਲਾਂ, ਪਾਲਿਸ਼ ਆਦਿ ਦੀ ਕੁਆਲਿਟੀ ਵੀ ਤੁਹਾਡੀ ਮਰਜ਼ੀ ਦੀ ਹੋਣੀ ਚਾਹੀਦੀ ਹੈ।

6. ਮੱਕੀ ਦਾ ਦਾਣਾ ਵੱਡਾ, ਸੁੱਸਰੀ ਤੇ ਉੱਲੀ ਰਹਿਤ ਹੋਣਾ ਚਾਹੀਦਾ ਹੈ। ਇਸ ਵਿਚ ਨਮੀ ਦਾ ਪਤਾ ਚੱਬ ਕੇ ਚਲ ਜਾਂਦਾ ਹੈ। ਖਲਾਂ ਗਾਹੜੇ ਭੂਰੇ ਰੰਗ ਦੀਆਂ ਚਾਹੀਦੀਆਂ ਹਨ। ਪਾਪੜੀਆਂ ਖਲ ਦੋਹਾਂ ਉਗਲ੍ਹਾਂ ਵਿਚਾਲੇ ਰੱਖਕੇ ਅੰਗੂਠੇ ਨਾਲ ਆਸਾਨੀ ਨਾਲ ਟੁੱਟਣੀ ਚਾਹੀਦੀ ਹੈ। ਜਿੰਨੀਆਂ ਵੀ ਬਗੈਰ ਤੇਲ ਵਾਲੀਆਂ ਖਲਾਂ ਹੋਣ ਉਨ੍ਹਾਂ ਵਿਚ ਰੇਤੇ ਦੀ, ਛਿੱਲ ਕੇ ਦੀ ਮਿਲਾਵਟ ਨਾ ਹੋਵੇ। ਚੂਰੀਆਂ ਵਿਚ ਵੀ ਛਿਲਕਿਆਂ ਦੀ ਮਿਲਾਵਟ ਨਾ ਹੋਵੇ। ਬਿਨੌਲਾ ਖਲ ਨੂੰ ਤੋੜਨ ਤੇ ਆਸਾਨੀ ਨਾਲ ਟੁੱਟ ਜਾਏ ਤੇ ਟੁੱਟਦਿਆਂ ਵਿਚਾਲੋਂ ਰੇਸ਼ੇ ਦਿਖਦੇ ਹੋਣ। ਪਾਲਿਸ਼ ਵਿੱਚ ਵੀ ਕੋਈ ਕਿਰਕੀ ਨਾ ਹੋਵੇ। ਪਾਲਿਸ਼ ਨੂੰ ਹਥੇਲੀ ਵਿਚ ਦਬਾਉਣ ਤੇ ਉਂਗਲਾਂ ਛੱਪਣ।

7. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੋ ਜਿਣਸਾਂ ਫਾਰਮੂਲੇ ਵਿੱਚ ਲਿਖੀਆਂ ਹਨ, ਉਹ ਫੀਡ ਮਿੱਲ ਤੇ ਉਪਲਬਧ ਹੋਣ। ਫੁਲ ਫੈਟ ਸੋਇਆ, ਬਿਨਾਂ ਰੂੰ ਦੇ ਸਾਬਤ ਵੜੇਵੇਂ, ਡੀ ਡੀ ਜੀ ਐਸ, ਬਾਈਪਾਸ ਪ੍ਰੋਟੀਨ, ਚੂਰੀਆਂ ਆਦਿ ਹਰ ਫੀਡ ਮਿੱਲ'ਚ ਨਹੀਂ ਮਿਲਦੇ। ਇਸੇ ਤਰ੍ਹਾਂ ਕਈ ਸੂਖਮ ਪਦਾਰਥ ਜਿਵੇਂ ਕਿ ਇੰਜ਼ਾਈਮ, ਚੀਲੇਟਡ ਧਾਤਾਂ, ਟਾਕਸਿਨ ਬਾਈਂਡਰ, ਯੀਸਟ, ਮੋਲਡ ਇਨ ਹਿਬਟਰ, ਵਿਟਾਮਿਨ ਆਦਿ ਵੀ ਹਰ ਫੀਡ ਮਿੱਲ ਤੇ ਨਹੀਂ ਮਿਲਦੇ। ਮੌਕੇ ਤੇ ਫਾਰਮੂਲੇ ਵਿਚ ਹੇਰ ਫੇਰ ਕਰਨ ਤੇ ਕੋਈ ਨੁਕਸਾਨ ਹੋ ਸਕਦਾ ਹੈ। ਅੱਜ ਕੱਲ੍ਹ ਬਾਜ਼ਾਰ ਵਿੱਚ ਕਈ ਕਿਸਮ ਦੇ ਧਾਤਾਂ ਤੇ ਚੂਰੇ, ਚੀਲੇਟਡ ਧਾਤਾਂ, ਟ੍ਰੇਸਮਿਨਰਲ, ਬਾਈਪਾਸ ਫੈਟਾਂ ਅਤੇ ਕਈ ਕਿਸਮ ਦੇ ਬਫਰ ਆਦਿ ਮਿਲਦੇ ਹਨ। ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਵਿਚਲੇ ਮਿਆਰ, ਕੁਆਲਿਟੀ, ਮਾਤਰਾ ਆਦਿ ਚੰਗੀ ਤਰ੍ਹਾਂ ਪੜ੍ਹ ਲਉ, ਵਿਚਾਰ ਕਰੋ ਜਾਂ ਸਲਾਹ ਲਵੋ। ਹੋ ਸਕੇ ਤਾਂ ਨਮਕ ਆਇਓਡਾਈਜ਼ਡ ਹੀ ਵਰਤੋਂ ਤਾਂ ਕਿ ਜਾਨਵਰ ਵਕਤ ਸਿਰ ਹੇਹੇ ਵਿਚ ਆਏ ਤੇ ਆਇਓਡੀਨ ਦੇ ਟੀਕੇ ਨਾ ਲਵਾਉਣੇ ਪੈਣ।

8. ਆਮ ਹਲਾਤ ਵਿੱਚ 15 ਲਿਟਰ ਦੁੱਧ ਦੇਣ ਵਾਲੀ ਮੱਝ ਇਕ ਦਿਨ ਦਾ 7 ਕਿਲੋ ਵੰਡ ਖਾ ਸਕਦੀ ਹੈ। ਪਰ ਅੱਜਕਲ ਸਰਦੀਆਂ ਕਾਰਨ ਇਸ ਨੂੰ 8-8.5 ਕਿਲੋ ਵੰਡ ਮਿਲਣਾ ਚਾਹੀਦਾ ਹੈ, ਜਿਹੜਾ ਕਿ ਨਹੀਂ ਮਿਲਦਾ। ਇਸ ਲਈ 7 ਕਿਲੋ ਵਾਲੇ ਤੱਤ ਸਾਨੂੰ ਹੁਣ 8 ਕਿਲੋ ਤੋਂ ਪੂਰੇ ਕਰਨੇ ਚਾਹੀਦੇ ਹਨ। ਵੰਡ ਵਿਚਲੀ ਪ੍ਰੋਟੀਨ ਘਟਾਈ ਜਾ ਸਕਦੀ ਹੈ, ਜਿਸ ਕਰਕੇ ਸਰਦੀਆਂ ਵਿੱਚ ਖ਼ਲਾਂ ਦੀ ਮਾਤਰਾ ਘਟਾਓ। ਇਸ ਲਈ ਸਰਦੀਆਂ ਵਿੱਚ ਵੰਡ ਹਮੇਸ਼ਾਂ ਸਸਤਾ ਬਣਦਾ ਹੈ ਪਰ ਲਵੇਰਿਆਂ ਨੂੰ ਜ਼ਿਆਦਾ ਚਾਹੀਦਾ ਹੈ। ਡੇਅਰੀ ਪਾਲਕ ਉਹੀ ਮਿਕਦਾਰ ਪਾਈ ਜਾਂਦੇ ਹਨ, ਨਤੀਜਾ ਦੁੱਧ ਘਟਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਲਵੇਰੇ ਨੇ ਬਹੁਤੀ ਉਰਜਾ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰਖਣ ਲਈ ਵਰਤਣੀ ਹੈ ਤੇ ਵੱਧ ਪ੍ਰੋਟੀਨ ਸਦਕਾ ਅੰਦਰੂਨੀ ਯੂਰੀਆ ਵੱਧ ਜਾਂਦਾ ਹੈ। ਯਾਦ ਰੱਖੋ ਕਿ ਖੁਰਾਕੀ ਤੱਤ ਜ਼ਰੂਰੀ ਹਨ ਨਾ ਕਿ ਜਿਣਸਾਂ। ਅੱਜਕਲ ਮੱਕੀ ਬਹੁਤ ਮਹਿੰਗੀ ਹੋ ਗਈ ਹੈ, ਜੇ ਕੁਆਲਿਟੀ ਵਾਲੀ ਮਿਲਦੀ ਹੈ ਤਾਂ ਇਸਤੇਮਾਲ ਕਰੋ। ਬਾਜਰਾ ਵੀ ਉਪਲੱਬਧ ਹੈ, ਇਸ ਦਾ ਉਪਯੋਗ ਕਰਕੇ ਵੰਡ ਸਸਤਾ ਬਣਾਇਆ ਜਾ ਸਕਦਾ ਹੈ। ਟੋਟਾ ਚਾਵਲ/ਕਣੀ ਜੇ ਮਿਲੇ ਤਾਂ ਇਹ ਵੀ ਗੁਣਕਾਰੀ ਸਿੱਧ ਹੋਏਗੀ। ਸ਼ੀਰਾ ਸਸਤਾ ਹੈ, ਇਸ ਵਿਚਲੇ ਪੋਟਾਸ਼ੀਅਮ ਸਦਕਾ ਦੁੱਧ ਵਿੱਚ ਵਾਧਾ ਹੁੰਦਾ ਹੈ। ਸਰੋਂ ਦੀ ਖ਼ਲ ਦੋ ਤਰ੍ਹਾਂ ਦੀ ਉਪਲਬਧ ਹੈ; ਪਾਪੜੀ ਜਾਂ ਬਿਨਾ ਤੇਲ ਵਾਲੀ। ਪਰ ਬਹੁਤੇ ਪਸ਼ੂ ਪਾਲਕ ਸਰੋਂ ਦੀ ਖ਼ਲ ਨੂੰ ਕੌੜੀ ਖ਼ਲ ਕਹਿ ਕੇ ਇਸ ਦੀ ਵਰਤੋ ਤੋਂ ਗੁਰੇਜ਼ ਕਰਦੇ ਹਨ। ਸਰੋਂ ਦੀ ਖ਼ਲ ਬਹੁਤ ਉਪਯੋਗੀ ਹੈ, ਇਸ ਦੀ ਵਧੇਰੇ ਵਰਤੋਂ (ਪਸ਼ੂ ਨੂੰ ਗਿਝਾ ਕੇ) ਨਾਲ ਦੁੱਧ ਬਣਿਆ ਰਹਿੰਦਾ ਹੈ। ਵੜੇਵੇਂ ਜਾਂ ਵੜੇਵਿਆਂ ਦੀ ਖ਼ਲ ਦੀ ਵਰਤੋਂ ਲੋੜ ਨਾਲੋਂ ਵੱਧ ਹੀ ਹੈ, ਫੈਟ ਦੀ ਪ੍ਰਾਪਤੀ ਲਈ। ਇਸ ਵਿਚਲੇ ਰੇਸ਼ੇ ਕਰਕੇ ਦੁੱਧ ਦੀ ਫੈਟ ਵੱਧਦੀ ਹੈ ਪਰ ਮਹਿੰਗੀ ਹੋਣ ਨਾਲ-ਨਾਲ ਮਿਲਾਵਟ ਵੀ ਪਾਈ ਜਾਂਦੀ ਹੈ, ਉੱਲੀ ਲੱਗੀ, ਬਾਰਦਾਨਾ, ਕੰਬਲ ਦੇ ਰੇਸ਼ੇ ਅਕਸਰ ਇਸ ਵਿਚ ਰਲੇ ਹੰਦੇ ਹਨ। ਜੇ ਕਿਧਰੇ ਸੂਰਜਮੁਖੀ ਦੀ ਖ਼ਲ ਮਿਲ ਜਾਏ ਤਾਂ ਬਹੁਤ ਵਧੀਆ। ਜੇਕਰ ਆਪਣੇ ਲਵੇਰੇ ਗੁਆਰ ਕੋਰਮੇ ਤੇ ਗਿਝਾਏ ਹੋਏ ਹਨ ਤਾਂ ਇਹ ਇਕ ਬਹੁਤ ਸਸਤਾ ਬਾਈਪਾਸ ਪ੍ਰੋਟੀਨ ਦਾ ਸੋਮਾ ਹੈ।

9. ਜਦ ਵੀ ਕੋਈ ਚੀਜ਼ ਸਵਾਦ ਬਣਾਉਣੀ ਹੋਏ ਤਾਂ ਅਕਸਰ ਘਿਓ ਦਾ ਇਸਤੇਮਾਲ ਹੰਦਾ ਹੈ। ਰਾਈਸ ਪਾਲਿਸ਼ ਅਜਕਲ ਵਧੀਆ ਮਿਲ ਰਹੀ ਹੈ ਇਸ ਲਈ ਇਸ ਨੂੰ 6-8 ਕਿਲੋ ਪ੍ਰਤੀ ਕੁਇੰਟਲ ਵਰਤਿਆ ਜਾ ਸਕਦਾ ਹੈ। ਤੇਲ ਦੀ ਪੂਰਤੀ ਲਈ ਫੁਲ ਫੈਟ ਸੋਇਆ, ਸਰ੍ਹੋਂ ਦੀ ਖ਼ਲ ਅਤੇ ਬਾਈਪਾਸ ਫੈਟ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪਰ ਬਾਈਪਾਸ ਫੈਟ ਦੀ ਕੁਆਲਿਟੀ ਚੈਕ ਕਰਨ ਦੀ ਜ਼ਿੰਮੇਦਾਰੀ ਕਿਸਾਨ ਦੀ ਆਪਣੀ ਹੈ। ਬਾਈਪਾਸ ਫੈਟ ਅੱਧਾ ਕਿਲੋ ਤੋਂ ਲੈ ਕੇ ਦੋ ਕਿਲੋ ਪ੍ਰਤੀ ਕੁਇੰਟਲ ਵਰਤੀ ਜਾ ਸਕਦੀ ਹੈ। ਇਸ ਨੂੰ ਗਿੱਲਾ ਨਾ ਕਰੋ ਨਹੀਂ ਤਾਂ ਲਵੇਰੇ ਨਹੀਂ ਖਾਣਗੇ। ਸਰਦੀਆਂ ਵਿਚ ਵੱਧ ਖਾਣ ਨਾਲ ਇਕ ਲਵੇਰੀ ਤੇਜ਼ਾਬੀਪਨ ਦਾ ਸ਼ਿਕਾਰ ਹੋ ਸਕਦੀ ਹੈ। ਜੁਗਾਲੀ' ਚ ਕਮੀ ਹੋਏਗੀ ਜਿਸ ਕਰਕੇ ਥੁੱਕ ਵੀ ਘੱਟ ਬਣੇਗਾ। ਸਰਦੀਆਂ ਵਿਚ ਯੀਸਟ(ਖ਼ਮੀਰ) ਦੀ ਵਰਤੋਂ ਨਾਲ ਜਿੱਥੇ ਪਸ਼ੂ ਦੀ ਭੁੱਖ ਵਧਦੀ ਹੈ ਉੱਥੇ ਦੁੱਧ ਦੀ ਫੈਟ'ਚ ਵਾਧਾ ਹੰਦਾ ਹੈ, ਦੁੱਧ ਵੀ ਵਧਦਾ ਹੈ। ਯੀਸਿਟ ਵੀ ਕਈ ਕਿਸਮ ਦੇ ਉਪਲਬਧ ਹਨ; ਲਾਈਵ, ਮੈਟਾਬੁਲਾਇਟ, ਇੰਜ਼ਾਇਮ ਆਦਿ। ਇਹ ਤਾਂ ਇੱਕ ਪਸ਼ੂ ਪਾਲਕ ਨੇ ਦੇਖਣਾ ਹੈ ਕਿ ਕਿੰਨੀ ਮਾਤਰਾ ਅਤੇ ਕਿਹੜੇ ਭਾਅ ਦੀ ਯੀਸਿਟ ਮਿਲਦੀ ਹੈ। ਸਰਦੀਆਂ ਵਿੱਚ ਹਰਾ ਤਾਂ ਵੱਧ ਹੁੰਦਾ ਹੈ, ਪਰ ਬਹੁਤਾ ਸਮਾਂ ਧੁੰਦ ਸਦਕਾ/ ਸੂਰਜ ਦੇ ਨਾ ਚੜਨ ਕਰਕੇ, ਵਿਟਾਮਿਨ ਦੀ ਘਾਟ ਹੋ ਸਕਦੀ ਹੈ ਇਸ ਕਰਕੇ ਜੇ ਵਿਟਾਮਿਨ ਦਾ ਇਸਤੇਮਾਲ ਕੀਤਾ ਜਾਏ ਤਾਂ ਜਾਨਵਰ ਬਿਮਾਰ ਘੱਟ ਹੁੰਦੇ ਹਨ, ਪ੍ਰਜਣਨ ਸੰਬਧੀ ਮੁਸ਼ਕਲਾਂ ਘਟਦੀਆਂ ਹਨ।

10. ਸਰਦੀਆਂ ਵਿੱਚ ਹਰਾ ਅਕਸਰ ਜ਼ਰੂਰਤ ਨਾਲੋਂ ਜ਼ਿਆਦਾ ਗਿੱਲਾ ਹੁੰਦਾ ਹੈ ਜਿਸ ਕਰਕੇ ਗੋਹਾ ਪਤਲਾ ਆਉਂਦਾ ਹੈ, ਇਸ ਲਈ ਸੁੱਕੀ ਤੂੜੀ ਵੱਧ ਪਾਉਣੀ ਪੈ ਜਾਂਦੀ ਹੈ। ਪਰ ਵਧੇਰੇ ਤੂੜੀ/ਪਰਾਲੀ ਸਦਕਾ ਉੱਲੀ ਲੱਗਣ ਦਾ ਖਤਰਾ ਵੀ ਵੱਧ ਹੁੰਦਾ ਹੈ ਇਸ ਕਰਕੇ ਖ਼ੁਰਾਕ ਵਿੱਚ ਟਾਕਸਿਨ ਬਾਂਈਡਰ ਦਾ ਇਸਤੇਮਾਲ ਜ਼ਰੂਰ ਕੀਤਾ ਜਾਏ। ਜੇਕਰ ਲਵੇਰਿਆਂ ਦੀ ਸੁੱਕਾ ਮਾਦਾ ਖਾਣ ਦੀ ਪੂਰਤੀ ਹੋ ਰਹੀ ਹੈ ਤਾਂ ਉਸ ਤੇ ਸਰਦੀ ਦਾ ਅਸਰ ਘੱਟ ਹੋਏਗਾ। ਕੋਸ਼ਿਸ਼ ਕਰੋ ਕਿ ਜਿਹੜਾ ਵੀ ਹਰਾ ਚਾਰਾ ਹੈ ਉਸ ਦੇ ਕੁਤਰੇ ਦਾ ਆਕਾਰ ਛੋਟਾ ਹੋਏ ਤਾਂ ਕਿ ਪਸ਼ੂ ਵੱਧ ਖਾਏ।

ਪ੍ਰਭਜੋਤ ਕੌਰ ਸਿੱਧੂ : 98720-02240

ਵਧੇਰੇ ਝਾੜ ਲਈ ਸਰ੍ਹੋਂ ਦੀਆਂ ਬਿਮਾਰੀਆਂ ਅਤੇ ਕੀੜਿਆਂ ਦੀ ਸੁਚੱਜੀ ਰੋਕਥਾਮ

ਪ੍ਰਭਜੋਧ ਸਿੰਘ ਸੰਧੂ ਅਤੇ ਸਰਵਣ ਕੁਮਾਰ
ਪੌਦਾ ਰੋਗ ਵਿਗਿਆਨ

ਸਰ੍ਹੋਂ ਦਾ ਚੇਪਾ

ਬੰਦਗੋਭੀ ਦੀ ਸੁੰਡੀ

ਸਰ੍ਹੋਂ ਹਾੜ੍ਹੀ ਦੀ ਪ੍ਰਮੁੱਖ ਤੇਲਬੀਜ ਫ਼ਸਲ ਹੈ। ਸਰ੍ਹੋਂ ਦਾ ਤੇਲ ਸਾਡੀ ਰਸੋਈ ਦਾ ਇੱਕ ਅਭਿੰਨ ਅੰਗ ਹੈ। ਪੰਜਾਬ ਦੇ ਦੱਖਣੀ-ਪੱਛਮੀ ਜ਼ਿਲਿਆਂ ਵਿੱਚ ਰਾਇਆ ਅਤੇ ਬਾਕੀ ਜਿਲ਼ਿਆ ਵਿੱਚ ਗੋਭੀ ਸਰ੍ਹੋਂ ਦੀ ਜ਼ਿਆਦਾ ਕਾਸ਼ਤ ਹੁੰਦੀ ਹੈ।

ਬਿਮਾਰੀਆਂ ਅਤੇ ਕੀਟਾਂ ਦੀ ਸਹੀ ਪਛਾਣ ਕਰਕੇ ਅਤੇ ਸਹੀ ਸਮੇਂ ਤੇ ਸਹੀ ਰੋਕਥਾਮ ਕਰਕੇ ਸਰ੍ਹੋਂ ਦੀ ਬੰਪਰ ਪੈਦਾਵਾਰ ਲਈ ਜਾ ਸਕਦੀ ਹੈ।

ਕਾਲੇ ਧੱਬੇ (ਝੁਲਸ ਰੋਗ)

ਇਹ ਸਰ੍ਹੋਂ ਦਾ ਸਭ ਤੋਂ ਆਮ ਰੋਗ ਹੈ ਜੋ ਕਿ ਦੇ ਦਸੰਬਰ ਦੇ ਅਖ਼ੀਰ ਜਾਂ ਜਨਵਰੀ ਵਿੱਚ ਹੇਠਲੇ ਪੱਤਿਆਂ ਤੇ ਛੋਟੇ ਭੂਰੇ ਜਾਂ ਕਾਲੇ ਗੋਲ ਧੱਬਿਆਂ ਨਾਲ ਸ਼ੁਰੂ ਹੁੰਦਾ ਹੈ। ਬਾਅਦ ਵਿੱਚ ਇਹ ਦਾਗ ਵੱਡੇ ਹੋ ਕੇ ਗੋਲ਼-ਗੋਲ਼ ਛੱਲਿਆਂ ਵਾਂਗ ਬਣ ਜਾਂਦੇ ਹਨ। ਫ਼ਰਵਰੀ ਤੱਕ ਸਾਰੇ ਪੱਤੇ ਪ੍ਰਭਾਵਿਤ ਹੋ ਜਾਂਦੇ ਹਨ ਜੋ ਕਿ ਪੀਲੇ ਹੋ ਕੇ ਸੜਨ ਲੱਗ ਪੈਂਦੇ ਹਨ ਅਤੇ ਸਾਰੇ ਦਾ ਸਾਰਾ ਬੂਟਾ ਹੀ ਬਿਮਾਰੀ ਦੀ ਲਪੇਟ ਵਿੱਚ ਆ ਜਾਂਦਾ ਹੈ। ਜਦੋਂ ਇਹ ਰੋਗ ਫ਼ਲੀਆਂ ਤੱਕ ਪਹੁੰਚਦਾ ਹੈ ਤਾਂ ਫਲੀਆਂ ਸੁੱਕੜ ਜਾਂਦੀਆਂ ਹਨ, ਉਹਨਾਂ ਵਿਚਲੇ ਦਾਣੇ ਛੋਟੇ ਰਹਿ ਜਾਂਦੇ ਹਨ ਅਤੇ ਤੇਲ ਦੀ ਮਾਤਰਾ ਘਟ ਜਾਂਦੀ ਹੈ। ਇਹ ਰੋਗ ਮੁੱਖ ਤੌਰ ਤੇ ਪਿਛਲੇ ਸਾਲ ਦੀ ਰਹਿੰਦ-ਖੂੰਹਦ ਅਤੇ ਖੇਤਾਂ ਦੁਆਲੇ ਜੰਗਲੀ ਬੂਟਿਆਂ 'ਤੇ ਜਿਉਂਦਾ ਰਹਿੰਦਾ ਹੈ। ਖੇਤ ਵਿੱਚ ਅਤੇ ਆਲੇ-ਦੁਆਲੇ ਸਾਫ਼-ਸਫਾਈ ਰੱਖਣਾ, ਸਮੇਂ ਸਿਰ ਬਿਜਾਈ, ਬੂਟਿਆਂ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰਨਾ, ਲੋੜ ਤੋਂ ਵੱਧ ਯੂਰੀਆ (ਨਾਈਟ੍ਰੋਜਨ) ਨਾ ਪਾਉਣਾ ਅਤੇ ਬੂਟਿਆਂ ਨੂੰ ਬਿਜਾਈ ਤੋਂ 25 ਦਿਨਾਂ ਬਾਅਦ ਵਿਰਲਾ ਕਰਨਾ ਤਾਂ ਜੋ ਉਨ੍ਹਾਂ ਵਿੱਚ ਹਵਾ ਦਾ ਵਹਾਅ ਬਣਿਆ ਰਹੇ ਅਤੇ ਫ਼ਸਲ ਹੇਠਾਂ ਨਮੀ ਨਾ ਬਣੇ, ਇਸ ਰੋਗ ਨੂੰ ਘਟਾਉਣ ਵਿੱਚ ਸਹਾਈ ਹੁੰਦੇ ਹਨ।

ਚਿੱਟੀ ਕੁੰਗੀ

ਇਹ ਬਿਮਾਰੀ ਸਿਰਫ ਰਾਇਆ ਤੇ ਹੀ ਹਮਲਾ ਕਰਦੀ ਹੈ, ਅਤੇ ਤੋਰੀਆ, ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਦੀ ਫ਼ਸਲ ਇਸ ਬਿਮਾਰੀ ਤੋਂ ਮੁਕਤ ਰਹਿੰਦੀ ਹੈ। ਅੱਧ ਦਸੰਬਰ ਜਾਂ ਜਨਵਰੀ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਰੰਗ ਦੇ ਉਭਰੇ ਹੋਏ ਛਾਲੇ ਵਰਗੇ ਨਿਸ਼ਾਨ ਨਜ਼ਰ ਆਉਣ ਲੱਗਦੇ ਹਨ, ਜੋ ਕਿ ਪੱਤਿਆਂ ਦੇ ਉੱਪਰਲੇ ਪਾਸੇ ਹਲਕੇ ਪੀਲੇ-ਹਰੇ ਰੰਗ ਦੇ ਧੱਬਿਆਂ ਵਾਂਗ ਨਜ਼ਰ ਆਉਂਦੇ ਹਨ। ਜਨਵਰੀ ਦੇ ਅਖ਼ੀਰ ਜਾਂ ਫ਼ਰਵਰੀ ਤੱਕ ਜਦੋਂ ਇਹ ਬਿਮਾਰੀ ਕਿਸਾਨਾਂ ਦੀ ਨਜ਼ਰ ਵਿੱਚ ਆਉਂਦੀ ਹੈ, ਬਹੁਤਾ ਨੁਕਸਾਨ ਹੋ ਚੁੱਕਾ ਹੁੰਦਾ ਹੈ। ਜ਼ਿਆਦਾ ਗੰਭੀਰ ਹਾਲਤਾਂ ਵਿੱਚ ਇਹ ਨਿਸ਼ਾਨੀਆਂ ਤਣੇ ਅਤੇ ਫ਼ਲੀਆਂ ਉੱਪਰ ਵੀ ਨਜ਼ਰ ਆਉਂਦੀਆਂ ਹਨ। ਕਈ ਵਾਰੀ ਟਾਹਣੀਆਂ ਦੀਆਂ ਕਰੂੰਬਲਾਂ ਮੁੜੀਆਂ (ਬਾਂਦਰ ਸਿੰਙੀਆਂ) ਅਤੇ ਫੁੱਲੀਆਂ ਨਜ਼ਰ ਆਉਂਦੀਆਂ ਹਨ ਅਤੇ ਇਹਨਾਂ ਉੱਤੇ ਕੋਈ ਫ਼ਲੀਆਂ ਨਹੀਂ ਬਣਦੀਆਂ। ਇਹ ਬਿਮਾਰੀ ਠੰਡੇ ਅਤੇ ਨਮੀ ਵਾਲੇ ਮੌਸਮ ਵਿੱਚ ਵਧਦੀ ਹੈ।

ਇਸ ਬਿਮਾਰੀ ਦੀ ਰੋਕਥਾਮ ਲਈ ਫ਼ਸਲ ਦੀ ਬਿਜਾਈ ਤੋਂ 60 ਦਿਨਾਂ ਬਾਦ 250 ਗ੍ਰਾਮ ਰਿਡੋਮਿਲ ਗੋਲਡ ਪ੍ਰਤੀ ਏਕੜ ਦਾ 100 ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ। ਦੂਜਾ ਛਿੜਕਾਅ ਪਹਿਲੇ ਛਿੜਕਾਅ ਤੋਂ 20 ਦਿਨਾਂ ਬਾਦ ਕਰਨਾ ਚਾਹੀਦਾ ਹੈ। ਇਸ ਛਿੜਕਾਅ ਕਾਰਣ ਝੁਲਸ ਰੋਗ ਦੀ ਰੋਕਥਾਮ ਵੀ ਕੁੱਝ ਹੱਦ ਤੱਕ ਹੋ ਜਾਂਦੀ ਹੈ। ਰਾਇਆ ਦੀ ਕਿਸਮ ਆਰ ਐਲ ਸੀ 3 ਇਸ ਬਿਮਾਰੀ ਨੂੰ ਪ੍ਰਤੀਰੋਧਕ ਹੈ।

ਤਣੇ ਦਾ ਗਲ਼ਣਾ

ਇਸ ਬਿਮਾਰੀ ਦਾ ਨੁਕਸਾਨ ਸਰ੍ਹੋਂ ਤੇ ਸਾਲ-ਦਰ-ਸਾਲ ਵਧਦਾ ਜਾ ਰਿਹਾ ਹੈ। ਸਰ੍ਹੋਂ ਦੀ ਫ਼ਸਲ ਤੇ ਇਹ ਆਮ ਕਰਕੇ ਜਨਵਰੀ ਦੇ ਅਖੀਰ ਅਤੇ ਫ਼ਰਵਰੀ ਦੇ ਪਹਿਲੇ ਪੰਦਰਵਾੜੇ ਨਜ਼ਰ ਆਉਂਦੀ ਹੈ। ਸ਼ੁਰੂ ਵਿੱਚ ਤਣੇ ਤੇ ਪਾਣੀ-ਭਿੱਜੇ ਲੰਬੂਤਰੇ ਧੱਬੇ ਨਜ਼ਰ ਆਉਂਦੇ ਹਨ, ਬਾਅਦ ਵਿੱਚ ਇਨ੍ਹਾਂ ਧੱਬਿਆਂ ਤੇ ਚਿੱਟੀ ਉੱਲੀ ਨਜ਼ਰ ਆਉਣ ਲੱਗ ਪੈਂਦੀ ਹੈ। ਬਿਮਾਰੀ ਵਾਲੇ ਬੂਟੇ ਦੂਰੋਂ ਹੀ ਕੁਮਲਾਏ ਹੋਏ ਅਤੇ ਸਫੇਦ ਭਾਹ ਮਾਰਦੇ ਸਿੱਧੇ ਖੜੇ ਦਿਸਦੇ ਹਨ, ਕਿਉਂਕਿ ਅਜਿਹੇ ਬੂਟਿਆਂ ਦੀਆਂ ਫ਼ਲੀਆਂ ਵਿੱਚ ਦਾਣੇ ਨਹੀਂ ਬਣਦੇ। ਅਜਿਹੇ ਬੂਟੇ ਅੰਦਰੋਂ ਕਮਜ਼ੋਰ ਹੁੰਦੇ ਹਨ ਅਤੇ ਮੀਂਹ-ਹਨੇਰੀ ਵਿੱਚ ਟੁੱਟ ਕੇ ਡਿੱਗ ਜਾਂਦੇ ਹਨ। ਕਈ ਵਾਰ ਚਿੱਟੇ ਰੰਗ ਦੀ ਉੱਲੀ ਵਿੱਚ ਕਾਲੇ ਬਿਮਾਰੀ ਵਾਲੇ ਕਣ ਵੀ ਨਜ਼ਰ ਆਉਂਦੇ ਹਨ। ਜੇਕਰ ਬਿਮਾਰੀ ਵਾਲੇ ਬੂਟਿਆਂ ਦੇ ਤਣੇ ਨੂੰ ਲੰਮੇ ਰੁਖ਼ ਚੀਰ ਕੇ ਵੇਖਿਆ ਜਾਵੇ ਤਾਂ ਇਸ ਅੰਦਰ ਵੀ ਕਾਲੇ ਸਖਤ ਕਣ (ਸਕਲੋਰੋਸ਼ੀਆ) ਮਿਲਦੇ ਹਨ। ਫ਼ਸਲ ਨੂੰ ਵੱਢਣ ਤੋਂ ਬਾਦ ਇਹ ਬਿਮਾਰੀ ਵਾਲੇ ਕਣ ਮਿੱਟੀ ਵਿੱਚ ਰਲ਼ ਜਾਂਦੇ ਹਨ ਅਤੇ ਸਾਲਾਂ ਤੱਕ ਜੀਉਂਦੇ ਰਹਿ ਸਕਦੇ ਹਨ। ਅਜਿਹੇ ਖੇਤਾਂ ਵਿੱਚ ਜਦ ਮੁੜ ਤੋਂ ਸਰ੍ਹੋਂ ਦੀ ਫ਼ਸਲ ਬੀਜੀ ਜਾਂਦੀ ਹੈ ਤਾਂ ਇਹ ਕਣ ਬਿਮਾਰੀ ਦਾ ਕਾਰਨ ਬਣਦੇ ਹਨ। ਦਸੰਬਰ-ਜਨਵਰੀ ਵਿੱਚ ਜਦੋਂ ਫ਼ਸਲ ਨੂੰ ਪਾਣੀ ਲਾਇਆ ਜਾਂਦਾ ਹੈ ਤਾਂ ਜ਼ਮੀਨ ਦੀ ਸਿੱਲ੍ਹ ਅਤੇ ਠੰਡ ਕਰਕੇ ਇਹ ਕਣ ਜੰਮ ਪੈਂਦੇ ਹਨ ਅਤੇ ਫਸਲ ਤੇ ਬਿਮਾਰੀ ਵਧਣੀ ਸ਼ੁਰੂ ਹੋ ਜਾਂਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ 25 ਦਸੰਬਰ ਤੋਂ 15 ਜਨਵਰੀ ਤੱਕ ਖੇਤ ਨੂੰ ਪਾਣੀ ਨਾ ਲਾਓ। ਜਿਨ੍ਹਾਂ ਖੇਤਾਂ ਵਿੱਚ ਬਿਮਾਰੀ ਬਹੁਤ ਜ਼ਿਆਦਾ ਹੋਵੇ, ਉਨ੍ਹਾਂ ਨੂੰ ਕਣਕ, ਜੌਂ, ਮੱਕੀ ਅਤੇ ਝੋਨੇ ਦੀ ਕਾਸ਼ਤ ਹੇਠ ਲੈ ਕੇ ਆਓ।

ਸਰ੍ਹੋਂ ਦਾ ਚੇਪਾ

ਇਹ ਸਰ੍ਹੋਂ ਦਾ ਪ੍ਰਮੁੱਖ ਕੀੜਾ ਹੈ ਜੋ ਕਿ ਫਸਲ ਤੇ 6 ਤੋਂ 96 ਪ੍ਰਤੀਸ਼ਤ ਤੱਕ ਨੁਕਸਾਨ ਕਰਦਾ ਹੈ। ਇਸ ਕੀੜੇ ਦਾ ਹਮਲਾ ਆਮ ਕਰਕੇ ਜਨਵਰੀ ਦੇ ਮਹੀਨੇ ਸ਼ੁਰੂ ਹੁੰਦਾ ਹੈ ਅਤੇ ਫਰਵਰੀ-ਮਾਰਚ ਵਿੱਚ ਠੰਡ ਘਟਣ ਨਾਲ ਇਸ ਦਾ ਨੁਕਸਾਨ ਵਧਦਾ ਜਾਂਦਾ ਹੈ। ਚੇਪਾ, ਜੋ ਕਿ ਆਕਾਰ ਵਿੱਚ ਛੋਟਾ ਹੁੰਦਾ ਹੈ, ਵੱਡੀ ਗਿਣਤੀ ਵਿੱਚ ਬੂਟੇ ਦੇ ਉੱਪਰਲੇ ਭਾਗਾਂ ਜਿਵੇਂ ਕਿ ਤਣੇ ਦਾ ਉੱਪਰਲਾ ਨਰਮ ਭਾਗ, ਫੁੱਲ,

ਡੋਡੀਆਂ, ਪੱਤਿਆਂ ਅਤੇ ਫ਼ਲੀਆਂ ਤੇ ਇਕੱਠਾ ਹੋ ਕੇ ਰਸ ਚੂਸਦਾ ਹੈ। ਸਿੱਟੇ ਵਜੋਂ ਪੱਤੇ ਪੀਲੇ ਪੈ ਜਾਂਦੇ ਹਨ, ਫੁੱਲ ਮੁਰਝਾਅ ਜਾਂਦੇ ਹਨ, ਫਲੀਆਂ ਸੁੱਕੜ ਜਾਂਦੀਆਂ ਹਨ ਅਤੇ ਉਹਨਾਂ ਵਿੱਚ ਦਾਣੇ ਵੀ ਪੂਰੀ ਤਰਾਂ ਨਹੀਂ ਬਣਦੇ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਪੂਰੇ ਦਾ ਪੂਰਾ ਬੂਟਾ ਪੀਲਾ ਪੈ ਕੇ ਮੁਰਝਾਅ ਜਾਂਦਾ ਹੈ।

ਇਸ ਕੀੜੇ ਦਾ ਹਮਲਾ ਆਮ ਕਰਕੇ ਜਨਵਰੀ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋ ਜਾਂਦਾ ਹੈ। ਇਸ ਲਈ ਜਨਵਰੀ ਤੋਂ ਜੀ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਖੇਤ ਦਾ ਸਰਵੇਖਣ ਕਰੋ। ਜੇਕਰ ਇਸ ਦੀ ਸੰਖਿਆ ਆਰਥਿਕ ਨੁਕਸਾਨ ਪੱਧਰ ਤੇ ਪਹੁੰਚ ਜਾਵੇ ਤਾਂ ਹੀ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਵੇਖਾਵੇਖੀ ਛਿੜਕਾਅ ਤੋਂ ਸੰਕੋਚ ਕਰਨਾ ਚਾਹੀਦਾ ਹੈ। ਆਰਥਿਕ ਨੁਕਸਾਨ ਪੱਧਰ ਦਾ ਨਿਰਧਾਰਣ ਕਰਣ ਲਈ ਖੇਤ ਨੂੰ ਚਾਰ ਭਾਗਾਂ ਵਿੱਚ ਵੰਡੋ ਅਤੇ ਹਰੇਕ ਭਾਗ ਵਿੱਚ ਕੋਈ 3-4 ਬੂਟੇ (12-16 ਬੂਟੇ ਪ੍ਰਤੀ ਏਕੜ) ਚੁਣੋ। ਇਨ੍ਹਾਂ ਬੂਟਿਆਂ ਦੀ ਵਿਚਕਾਰਲੀ ਸ਼ਾਖ਼ ਦੇ ਉੱਪਰਲੇ 10 ਸੈਂਟੀਮੀਟਰ ਹਿੱਸੇ ਤੇ ਚੇਪੇ ਦੀ ਗਿਣਤੀ ਕਰੋ ਅਤੇ ਇਨ੍ਹਾਂ ਬੂਟਿਆਂ ਦੀ ਔਸਤ ਕੱਢ ਲਵੋ। ਜੇਕਰ ਇਹ ਔਸਤ 50-60 ਚੇਪੇ ਪ੍ਰਤੀ ਬੂਟਾ ਜਾਂ ਉਸ ਤੋਂ ਵੱਧ ਹੋਵੇ ਤਾਂ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਕਿਉਂਕਿ ਚੇਪਾ ਆਕਾਰ ਵਿੱਚ ਛੋਟਾ ਹੁੰਦਾ ਹੈ ਅਤੇ ਕਈ ਵਾਰ ਗਿਣਤੀ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ, ਅਜਿਹੀਆਂ ਹਾਲਤਾਂ ਵਿੱਚ ਜੇਕਰ ਬੂਟੇ ਦਾ ਉੱਪਰਲਾ 0.5-1.0 ਸੈਂਟੀਮੀਟਰ ਹਿੱਸਾ ਪੂਰੇ ਦਾ ਪੂਰਾ ਚੇਪੇ ਨਾਲ ਢਕਿਆ ਹੋਵੇ ਤਾਂ ਰੋਕਥਾਮ ਦੇ ਉਪਰਾਲੇ ਕਰਨੇ ਚਾਹੀਦੇ ਹਨ। ਜਾਂ ਜੇਕਰ 40-50 ਪ੍ਰਤੀਸ਼ਤ ਬੂਟਿਆਂ ਤੇ ਚੇਪਾ ਨਜ਼ਰ ਆਵੇ ਤਾਂ ਵੀ ਰੋਕਥਾਮ ਦੇ ਉਪਰਾਲੇ ਕੀਤੇ ਜਾ ਸਕਦੇ ਹਨ। ਜੇਕਰ ਛਿਕਕਾਅ ਦੀ ਲੋੜ ਪਵੇ ਤਾਂ ਫ਼ਸਲ ਤੇ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) ਜਾਂ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ (ਕਲੋਰਪਾਈਰੀਫਾਸ) ਦਾ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ ਲੋੜ ਪਵੇ ਤਾਂ 15 ਦਿਨਾਂ ਬਾਦ ਮੁੜ ਤੋਂ ਛਿੜਕਾਅ ਕਰੋ। ਦੁਬਾਰਾ ਛਿੜਕਾਅ ਦੀ ਸੂਰਤ ਵਿੱਚ, ਜੇਕਰ ਹੋ ਸਕੇ ਤਾਂ ਦਵਾਈ ਬਦਲ ਕੇ ਛਿੜਕਾਅ ਕਰੋ ਅਤੇ ਬਾਰ ਬਾਰ ਇੱਕ ਹੀ ਦਵਾਈ ਦੇ ਛਿੜਕਾਅ ਤੋਂ ਸੰਕੋਚ ਕਰੋ। ਅਜਿਹਾ ਕਰਨ ਨਾਲ ਕੀੜਿਆਂ ਵਿੱਚ ਕੀਟਨਾਸ਼ਕਾਂ ਪ੍ਰਤੀ ਸਹਿਣਸ਼ੀਲਤਾ ਪੈਦਾ ਨਹੀਂ ਹੁੰਦੀ। ਛਿੜਕਾਅ ਹਮੇਸ਼ਾ ਦੁਪਹਿਰ ਬਾਅਦ ਹੀ ਕਰਨਾ ਚਾਹੀਦਾ ਹੈ ਜਦੋਂ ਮਧੂ ਮੱਖੀਆਂ ਅਤੇ ਹੋਰ ਪਰ-ਪ੍ਰਾਗਣ ਵਾਲੇ ਕੀੜੇ ਘੱਟ ਹਰਕਤ ਵਿੱਚ ਹੁੰਦੇ ਹਨ।

ਬੰਦਗੋਭੀ ਦੀ ਸੁੰਡੀ

ਇਹ ਸੁੰਡੀ ਵੀ ਜਨਵਰੀ ਅਖੀਰ ਜਾਂ ਫ਼ਰਵਰੀ ਵਿੱਚ ਹਮਲਾ ਕਰਦੀ ਹੈ। ਸੁੰਡੀਆਂ ਹਲਕੇ ਪੀਲੇ ਤੋਂ ਹਲਕੇ ਹਰੇ ਰੰਗ ਦੀਆਂ ਹੁੰਦੀਆਂ ਹਨ ਜਿਨ੍ਹਾਂ ਤੇ ਕਾਲੇ ਰੰਗ ਦੇ ਧੱਬੇ ਹੁੰਦੇ ਹਨ। ਇਹ ਸੁੰਡੀਆਂ ਬੂਟੇ ਦੇ ਉੱਪਰਲੇ ਭਾਗਾਂ ਜਿਵੇਂ ਕਿ ਪੱਤੇ, ਹਰੀਆਂ ਸ਼ਾਖਾਵਾਂ ਅਤੇ ਫ਼ਲੀਆਂ ਨੂੰ ਖਾ ਕੇ ਨੁਕਸਾਨ ਕਰਦੀਆਂ ਹਨ। ਬਾਲਗ ਇੱਕ ਚਿੱਟੇ ਰੰਗ ਦੀ ਤਿੱਤਲੀ ਹੁੰਦੀ ਹੈ ਜਿਸ ਦੇ ਅਗਲੇ ਖੰਭਾਂ ਤੇ ਕਾਲੇ ਧੱਬੇ ਹੁੰਦੇ ਹਨ। ਮਾਦਾ ਤਿੱਤਲੀਆਂ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਰੰਗ ਦੇ ਆਂਡੇ ਗੁੱਛੇ ਦੀ ਸ਼ਕਲ ਵਿੱਚ ਦਿੰਦੀਆਂ ਹਨ ਜਿਨ੍ਹਾਂ ਵਿੱਚੋਂ ਕੁਝ ਦਿਨਾਂ ਬਾਦ ਸੁੰਡੀਆਂ ਨਿਕਲ ਆਉਂਦੀਆਂ ਹਨ। ਛੋਟੀਆਂ ਸੁੰਡੀਆਂ ਝੁੰਡਾਂ ਦੀ ਸ਼ਕਲ ਵਿੱਚ ਪੱਤੇ ਖਾਂਦੀਆਂ ਹਨ, ਜਦ ਕਿ ਵੱਡੀਆਂ ਸੁੰਡੀਆਂ ਪੂਰੇ ਖੇਤ ਵਿੱਚ ਫੈਲ ਜਾਂਦੀਆਂ ਹਨ। ਜੇਕਰ ਵੇਲੇ ਸਿਰ ਇਸ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਸਾਰੇ ਪੱਤੇ ਅਤੇ ਫ਼ਲੀਆਂ ਖਾ ਜਾਂਦੀਆਂ ਹਨ ਅਤੇ ਸਿਰਫ ਡੰਡੀਆਂ ਹੀ ਰਹਿ ਜਾਂਦੀਆਂ ਹਨ।

ਕਿਉਂਕਿ ਤਿੱਤਲੀਆਂ ਆਂਡੇ ਗੁੱਛੇ ਦੀ ਸ਼ਕਲ ਵਿੱਚ ਦਿੰਦੀਆਂ ਹਨ ਅਤੇ ਛੋਟੀਆਂ ਸੁੰਡੀਆਂ ਵੀ ਝੁੰਡਾਂ ਦੀ ਸ਼ਕਲ ਵਿੱਚ ਨੁਕਸਾਨ ਕਰਦੀਆਂ ਹਨ, ਅਜਿਹੇ ਆਂਡਿਆਂ ਦੇ ਗੁੱਛਿਆਂ ਅਤੇ ਸੁੰਡੀਆਂ ਦੇ ਝੁੰਡਾਂ ਨੂੰ ਹੱਥ ਨਾਲ ਇਕੱਠੇ ਕਰਕੇ ਮਿੱਟੀ ਦੇ ਤੇਲ ਰਲੇ ਪਾਣੀ/ਕੀਟਨਾਸ਼ਕ ਦੇ ਘੋਲ ਵਿੱਚ ਪਾ ਕੇ ਜਾਂ ਮਿੱਟੀ ਹੇਠਾ ਦੱਬ ਕੇ ਨਸ਼ਟ ਕੀਤਾ ਜਾ ਸਕਦਾ ਹੈ। ਇਸ ਵਿਧੀ ਰਾਹੀਂ ਘੱਟ ਖਰਚੇ ਅਤੇ ਬਿਨਾਂ ਕਿਸੇ ਕੀਟਨਾਸ਼ਕ ਦੇ ਛਿੜਕਾਅ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਪਰ ਇਸ ਲਈ ਖੇਤ ਦਾ ਸਰਵੇਖਣ ਕਰਨਾ ਬੜਾ ਹੀ ਜ਼ਰੂਰੀ ਹੈ।

ਮੁੱਕਦੀ ਗੱਲ ਇਹ ਹੈ ਕਿ ਜਨਵਰੀ ਵਾਲੀ ਸਾਵਧਾਨੀ, ਫ਼ਰਵਰੀ ਅਤੇ ਮਾਰਚ ਦੇ ਵੱਡੇ ਨੁਕਸਾਨ ਤੋਂ ਬਚਾਉਂਦੀ ਹੈ। ਫ਼ਸਲ ਨੂੰ ਬਚਾਉਣ ਲਈ ਛਿੜਕਾਓ ਦੀ ਗਿਣਤੀ ਨਹੀਂ, ਸਹੀ ਸਮੇਂ ਅਤੇ ਸਹੀ ਕਾਰਨ ਨਾਲ ਕੀਤਾ ਗਿਆ ਛਿੜਕਾਓ ਹੀ ਸਭ ਤੋਂ ਵੱਧ ਫ਼ਾਇਦੇਮੰਦ ਹੁੰਦਾ ਹੈ। ਜਿਹੜਾ ਕਿਸਾਨ ਜਨਵਰੀ ਵਿੱਚ ਜਾਗਦਾ ਹੈ, ਉਹ ਅਪ੍ਰੈਲ ਵਿੱਚ ਵਧੀਆ ਮੁਨਾਫਾ ਲੈਂਦਾ ਹੈ।

ਪ੍ਰਭਜੋਧ ਸਿੰਘ ਸੰਧੂ 9855-19676

ਪੀਏਯੂ ਦੇ ਮਾਸਿਕ ਰਸਾਲੇ
'ਚੰਗੀ ਖੇਤੀ' (ਪੰਜਾਬੀ)/Progressive Farming (ਅੰਗਰੇਜ਼ੀ)
ਦੇ ਮੈਂਬਰ ਬਣਨ ਲਈ
ਸਲਾਨਾ ਚੰਦਾ 300/- ਰੁਪਏ
ਪੰਜ ਸਾਲ ਲਈ 1200/- ਰੁਪਏ
ਉਮਰ ਭਰ ਲਈ:
ਵਿਅਕਤੀਗਤ 5000/- ਰੁਪਏ
ਸੰਸਥਾਵਾਂ ਲਈ 7000/- ਰੁਪਏ



□ ਆਨਲਾਈਨ ਪੈਸੇ ਜਮ੍ਹਾ ਕਰਾਉਣ ਦਾ ਵੇਰਵਾ
ਬੈਂਕ ਦਾ ਨਾਮ: ਬੈਂਕ ਆਫ ਬੜੌਦਾ
ਅਕਾਊਂਟ ਹੋਲਡਰ ਦਾ ਨਾਮ: COMPTROLLER PAU
ਅਕਾਊਂਟ ਨੰਬਰ: 29380200000002
ਆਈ ਐੱਫ ਐੱਸ ਕੋਡ: BARB0PAULUD (ਬੀ ਏ ਆਰ ਬੀ ਜ਼ੀਰੋ ਪੀ ਏ ਯੂ ਐੱਲ ਯੂ ਡੀ)
ਆਨਲਾਈਨ ਪੈਸੇ ਜਮ੍ਹਾ ਕਰਾਉਣ ਕਰਾਉਣ ਤੋਂ ਬਾਅਦ ਰਸੀਦ
86993-04711 ਨੰਬਰ ਤੇ ਵਟਸਐੱਪ ਕਰੋ ਜਾਂ businessmanager@pau.edu ਤੇ ਈਮੇਲ ਕਰੋ।
ਰਸਾਲਾ ਭੇਜਣ ਲਈ ਨਾਮ, ਪਤਾ, ਪਿੰਡ ਦਾ ਨਾਮ, ਡਾਕਖਾਨਾ, ਤਹਿਸੀਲ,
ਜ਼ਿਲ੍ਹਾ, ਪਿੰਨ ਕੋਡ, ਫੋਨ ਨੰਬਰ, ਈਮੇਲ ਨੂੰ ਵੀ businessmanager@pau.edu
ਤੇ ਈਮੇਲ ਜਾਂ 86993-04711 ਨੰਬਰ ਤੇ ਜ਼ਰੂਰ ਭੇਜੋ।
ਪੀ.ਏ.ਯੂ. ਦੀਆਂ ਹੋਰ ਪ੍ਰਕਾਸ਼ਨਾਵਾਂ ਖਰੀਦਣ ਲਈ ਵੀ ਇਹੀ ਵਿਧੀ ਅਪਣਾਓ।

ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ

ਕਣਕ: ਦਸੰਬਰ ਵਿੱਚ ਬੀਜੀ ਗਈ ਕਣਕ ਨੂੰ ਦੂਸਰਾ ਪਾਣੀ ਦੇ ਦਿਉ।ਖੇਤ ਵਿੱਚੋਂ ਪੱਤੇ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਬੂਟੇ ਪੁੱਟ ਦਿਉ ਅਤੇ ਨਸ਼ਟ ਕਰ ਦਿਉ ਤਾਂ ਜੋ ਆਉਂਦੇ ਸਾਲਾਂ ਵਿੱਚ ਇਸਦਾ ਪ੍ਰਭਾਵ ਖ਼ਤਮ ਹੋ ਜਾਵੇ। ਰੋਪੜ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕਿਸਾਨ ਇਨ੍ਹਾਂ ਬੀਮਾਰੀਆਂ ਵੱਲ ਖਾਸ ਧਿਆਨ ਦੇਣ। ਜਦੋਂ ਹੀ ਖੇਤ ਵਿੱਚ ਪੀਲੀ ਕੁੰਗੀ ਦਾ ਹਮਲਾ ਹੋਵੇ ਤਾਂ ਤਾਕਤ 300 ਗ੍ਰਾਮ ਜਾਂ ਕੈਵੀਅਟ 200 ਗ੍ਰਾਮ ਜਾਂ ਨਟੀਵੋ 120 ਗ੍ਰਾਮ ਜਾਂ ਅੰਮਪੈਕਟ ਐਕਸਟਰਾ ਜਾਂ ਕਸਟੋਡੀਆ ਜਾਂ ਉਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਸਟਿਲਟ ਜਾਂ ਕੰਮਪਾਸ ਜਾਂ ਮਾਰਕਜ਼ੋਲ 200 ਮਿ.ਲਿ. 200 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ। ਜੇਕਰ ਚੇਪੇ ਦਾ ਹਮਲਾ ਨੁਕਸਾਨ ਕਰਨ ਦੀ ਸਮਰੱਥਾ (5 ਚੇਪੇ ਪ੍ਰਤੀ ਸਿੱਟਾ) ਤੱਕ ਪਹੁੰਚ ਜਾਵੇ ਤਾਂ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ. ਜੀ. (ਥਾਇਆਮੈਥੋਕਸਮ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

ਬਹਾਰ ਰੁੱਤ ਦੀ ਮੱਕੀ: ਮੱਕੀ ਦੀਆਂ ਪੀ 1844, ਪੀ ਐਮ ਐਚ-10, ਡੀ ਕੇ ਸੀ-9108, ਪੀ ਐਮ ਐਚ-8, ਪੀ ਐਮ ਐਚ-7 ਅਤੇ ਪੀ ਐਮ ਐਚ-1 ਕਿਸਮਾਂ ਦੀ ਬਿਜਾਈ ਪੂਰਬ-ਪੱਛਮ ਦਿਸ਼ਾ ਵਿੱਚ 60 ਸੈ.ਮੀ. ਦੀ ਵਿੱਥ ਤੇ ਵੱਟਾਂ ਬਣਾ ਕੇ ਜਾਂ 67.5 ਸੈ.ਮੀ. ਦੀ ਵਿੱਥ ਤੇ ਬੈਡ ਬਣਾ ਕੇ 15 ਫਰਵਰੀ ਤੱਕ ਕੀਤੀ ਜਾ ਸਕਦੀ ਹੈ। ਵੱਟਾਂ ਤੇ ਬੂਟੇ ਤੋ ਬੂਟੇ ਦਾ ਫਾਸਲਾ 20 ਸੈ.ਮੀ. ਅਤੇ ਬੈਡਾਂ ਉੱਪਰ ਬੂਟੇ ਤੋ ਬੂਟੇ ਦਾ ਫਾਸਲਾ 20 ਸੈ.ਮੀ. ਰੱਖਣਾ ਚਾਹੀਦਾ ਹੈ। ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿੱਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮੀਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ। ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿੱਲੋ ਫਿਊਰਾਡਾਨ 3 ਜੀ (ਕਾਰਬੋਫਿਊਰਾਨ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਸਿਆੜਾਂ ਵਿੱਚ ਪਾਉ। ਨਦੀਨਾਂ ਦਾ ਖਾਤਮਾ ਕਰਨ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜੀਨ), 500 ਗ੍ਰਾਮ/ਏਕੜ ਹਲਕੀਆਂ ਜ਼ਮੀਨਾਂ ਲਈ ਅਤੇ 800 ਗ੍ਰਾਮ/ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਛਿੜਕਾਅ ਦੋ ਦਿਨਾਂ ਦੇ ਵਿੱਚ-ਵਿੱਚ 200 ਲਿਟਰ ਪਾਣੀ ਪਾ ਕੇ ਕਰ ਦਿਓ।

ਤੇਲ ਬੀਜ ਫ਼ਸਲਾਂ: ਤੇਲ ਬੀਜ ਫ਼ਸਲਾਂ ਨੂੰ ਕੋਰੇ ਦੇ ਨੁਕਸਾਨ ਤੋਂ ਬਚਾਉਣ ਲਈ, ਫੁੱਲਾਂ ਤੇ ਆਈ ਫ਼ਸਲ ਨੂੰ ਹਲਕਾ ਪਾਣੀ ਦਿਉ। ਜੇਕਰ ਸਰ੍ਹੋਂ ਤੇ ਚੇਪੇ ਦਾ ਹਮਲਾ ਹੋਵੇ ਤਾਂ 40 ਗ੍ਰਾਮ ਐਕਟਾਰਾ/ਦੋਤਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 125 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ। ਛਿੜਕਾਅ ਦੁਪਹਿਰ ਬਾਅਦ ਕਰਨਾ ਚਾਹੀਦਾ ਹੈ।

ਦਾਲਾਂ: ਮਸਰ ਦੀ ਫ਼ਸਲ ਦਾ ਪੂਰਾ ਝਾੜ ਲੈਣ ਲਈ ਪਾਣੀ ਦਿਓ। ਛੋਲਿਆਂ ਦੀ ਸੁੰਡੀ, ਪੱਤੇ, ਫੁੱਲ ਡੱਡੇ ਅਤੇ ਦਾਨਿਆਂ ਨੂੰ ਖਾਂਦੀ ਹੈ। ਜੇਕਰ 10 ਥਾਂਵਾਂ ਤੋਂ (100 ਬੂਟੇ) ਤੋਂ 16 ਜਾਂ ਵੱਧ ਸੁੰਡੀਆਂ ਮਿਲਣ ਤਾਂ ਇਸ ਦੀ ਰੋਕਥਾਮ ਲਈ 800 ਗ੍ਰਾਮ ਬੈਸੀਲਸ ਥੁਰੀਨਜੈਨਸਿਸ 0.5 ਡਬਲਯੂ ਪੀ (ਡੀ ਓ ਆਰ ਬੀ ਟੀ -1) ਜਾਂ 200 ਮਿਲੀਲਿਟਰ ਹੈਲੀਕੌਪ 2 ਏ ਐਸ ਜਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਸੀ ਜਾਂ 160 ਮਿਲੀਲਿਟਰ ਰਿਮੋਨ 10 ਈ ਸੀ ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ ਲੋੜ ਪਵੇ ਤਾਂ 2 ਹਫਤਿਆਂ ਪਿੱਛੋਂ ਕੀਟਨਾਸ਼ਕ ਦੀ ਵਰਤੋ ਫਿਰ ਦੁਹਰਾਓ।

ਸੂਰਜਮੁਖੀ: ਸੂਰਜਮੁਖੀ ਦੀ ਬਿਜਾਈ ਜਿੰਨੀ ਜਲਦੀ ਹੋ ਸਕੇ ਕਰ ਲਉ। ਸੂਰਜਮੁੱਖੀ ਦੀ ਬਿਜਾਈ ਪਛੇਤੀ ਹੁੰਦੀ ਜਾਪੇ ਤਾਂ ਇਸ ਦੀ ਕਾਸ਼ਤ ਪਨੀਰੀ ਰਾਹੀਂ ਵੀ ਕੀਤੀ ਜਾ ਸਕਦੀ ਹੈ। ਜਲਦੀ ਪੱਕਣ ਵਾਲੀਆਂ ਦੋਗਲੀਆਂ ਕਿਸਮਾਂ ਨੂੰ ਪਹਿਲ ਦਿਉ ਜਿਵੇਂ ਕਿ ਪੀ ਐਸ ਐਚ 2080, ਪੀ ਐਸ ਐਚ 1962, ਪੀ ਐਸ ਐਚ 996 ਅਤੇ ਪੀ ਐਸ ਐਚ 569 । ਫਰਵਰੀ ਦੇ ਪਹਿਲੇ ਹਫਤੇ ਵਿੱਚ ਹੀ ਬਿਜਾਈ ਖਤਮ ਕਰ ਲਓ। ਫ਼ਸਲ ਨੂੰ 60 ਸੈਂ. ਮੀ. ਚੌੜੀਆਂ ਕਤਾਰਾਂ ਵਿੱਚ ਬੀਜੋ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 30 ਸੈ.ਮੀ. ਰੱਖੋ। ਵੱਟਾਂ ਪੂਰਬ ਤੋਂ ਪੱਛਮ ਵੱਲ ਅਤੇ ਬਿਜਾਈ ਦੱਖਣ ਵੱਲ ਕਰੋ। ਬੀਜ ਨੂੰ ਵੱਟਾਂ ਦੀ ਢਲਾਣ ਦੇ 6-8 ਸੈ. ਮੀ. ਹੇਠਾਂ ਵੱਲ ਬੀਜੋ। ਵੱਟਾਂ ਤੇ ਬੀਜੀ ਫ਼ਸਲ ਨੂੰ ਬਿਜਾਈ ਦੇ 2-3 ਦਿਨਾਂ ਬਾਅਦ ਪਾਣੀ ਦਿਉ ਅਤੇ ਪਾਣੀ ਦਿੰਦੇ ਸਮੇਂ ਇਹ ਧਿਆਨ ਰੱਖੋ ਕਿ ਪਾਣੀ ਬੀਜ ਦੀ ਸਤਹਿ ਤੋ ਹੇਠਾਂ ਹੀ ਰਹੇ। ਦੋ ਕਿਲੋ ਬੀਜ ਹੀ ਇਕ ਏਕੜ ਲਈ ਕਾਫ਼ੀ ਹੈ। ਬੀਜ ਨੂੰ ਬੀਜਣ ਤੋਂ ਪਹਿਲਾ, ਟੈਗ੍ਰਾਨ 6 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ, ਸੋਧ ਲਉ। ਬਿਜਾਈ ਸਮੇਂ 50 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਹਲਕੀਆਂ ਜ਼ਮੀਨਾਂ ਵਿੱਚ 50 ਕਿਲੋ ਯੂਰੀਆਂ ਪ੍ਰਤੀ ਏਕੜ ਦੋ ਕਿਸ਼ਤਾਂ ਵਿੱਚ ਇੱਕ ਬਿਜਾਈ ਵੇਲੇ ਤੇ ਦੂਸਰੀ ਇੱਕ ਮਹੀਨਾ ਬਾਅਦ ਪਾਓ। ਜੇਕਰ ਸੂਰਜਮੁਖੀ ਆਲੂਆਂ ਤੋਂ ਬਾਅਦ ਬੀਜਣਾ ਹੋਵੇ, ਜਿਹਨਾਂ ਨੂੰ 20 ਟਨ ਰੂੜੀ ਪ੍ਰਤੀ ਏਕੜ ਪਾਈ ਹੋਵੇ, ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਜੇਕਰ ਮਿੱਟੀ ਪਰਖ਼ ਅਨੁਸਾਰ ਜ਼ਮੀਨ ਵਿੱਚ ਪੋਟਾਸ਼ੀਅਮ ਦੀ ਘਾਟ ਹੋਵੇ ਤਾਂ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉ। ਸ਼ਹੀਦ ਭਗਤ ਸਿੰਘ ਨਗਰ ਤੇ ਹੁਸ਼ਿਆਰਪੁਰ ਜਿਲ੍ਹਿਆਂ ਵਿੱਚ 40 ਕਿਲੋ ਮਿਊਰੇਟ ਆਫ ਪੋਟਾਸ਼ ਪਾਓ।

ਕਮਾਦ: ਇਸ ਮਹੀਨੇ ਦੇ ਅੱਧ ਤੋਂ ਕਮਾਦ ਦੀ ਬਿਜਾਈ ਸ਼ੁਰੂ ਕਰ ਦਿਉ। ਸਿਫ਼ਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ 118, ਸੀ ਓ ਜੇ 85, ਸੀ ਓ ਜੇ 64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ 98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ 88 (ਦਰਮਿਆਨੀਆਂ, ਪਿਛੇਤੀ ਪੱਕਣ ਵਾਲੀਆਂ) ਕਿਸਮਾਂ ਵਰਤੋ। ਬੀਜ ਰੱਤਾ ਰੋਗ, ਸੋਕੜਾ, ਕਾਂਗਿਆਰੀ, ਮਧਰੇਪਣ ਅਤੇ ਘਾਹ ਵਰਗੀਆਂ ਸ਼ਾਖਾਂ ਦੇ ਰੋਗ ਤੋਂ ਮੁਕਤ ਵਰਤਣਾ ਚਾਹੀਦਾ ਹੈ।ਸਿਉਂਕ ਦੇ ਹਮਲੇ ਤੋਂ ਬਚਣ ਲਈ ਰੂੜੀ ਦੀ ਗਲੀ-ਸੜੀ ਖਾਦ ਵਰਤੋ। ਸਿਉਂਕ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 400 ਲਿਟਰ ਪਾਣੀ ਵਿੱਚ ਘੋਲ ਕੇ ਫੁਹਾਰੇ ਨਾਲ ਸਿਆੜਾ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ ਜਾਂ ਫਸਲ ਦੇ ਜੰਮ ਪੂਰਾ ਹੋਣ ਤੇ (ਬਿਜਾਈ ਤੋਂ 45 ਦਿਨਾਂ ਬਾਅਦ) 45 ਮਿ.ਲਿ. ਈਮੀਡਾਗੋਲਡ 17.8 ਐਸ ਐਲ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਗੰਨੇ

ਦੀਆਂ ਕਤਾਰਾਂ ਦੇ ਨਾਲ ਪਾਓ। ਅਗੇਤੀ ਫੋਟ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਦਾਣੇਦਾਰ ਨੂੰ 20 ਕਿਲੋ ਗਿੱਲੀ ਮਿੱਟੀ ਵਿੱਚ ਮਿਲਾ ਕੇ ਗੁੱਲੀਆਂ ਉੱਪਰ ਪਾ ਕੇ ਸੁਹਾਗੇ ਨਾਲ ਗੁੱਲੀਆਂ ਢੱਕ ਦਿਉ ਜਾਂ ਫਿਰ ਫ਼ਸਲ ਉੱਗਣ (ਤਕਰੀਬਨ ਗੁੱਲੀਆਂ ਲਾਉਣ ਤੋਂ 45 ਕੁ ਦਿਨਾਂ ਬਾਅਦ) ਤੇ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ ਨੂੰ 20 ਕਿਲੋ ਰੇਤ ਵਿੱਚ ਮਿਲਾ ਕੇ ਜਾਂ 150 ਗ੍ਰਾਮ ਟਕੂਮੀ 20 ਡਬਲਯੂ ਜੀ ਜਾਂ 150 ਮਿ.ਲਿ. ਕੋਰਾਜਨ/ਸਿਟੀਜਨ 18.5 ਤਾਕਤ ਜਾਂ 2 ਲਿਟਰ ਡਰਮਟ/ਕਲਾਸਿਕ/ਡਰਸਬਾਨ/ ਮਾਰਕਪਾਈਰੀਫਾਸ 20 ਤਾਕਤ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਸਿਆੜਾਂ ਦੇ ਨਾਲ-ਨਾਲ ਫ਼ੁਹਾਰੇ ਨਾਲ ਪਾ ਕੇ ਹਲਕੀ ਜਿਹੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਤਲਾ ਜਿਹਾ ਪਾਣੀ ਲਾ ਦਿਉ। ਮੌਸਮੀ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ ਐਟਰਾਟਾਫ 50 ਡਬਲਯੂ ਪੀ ਜਾਂ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਜਾਂ ਅਥਾਰਟੀ ਨੈਕਸਟ 58 ਡਬਲਯੂ ਪੀ ਨੂੰ ਕਮਾਦ ਦੀ ਫ਼ਸਲ ਬੀਜਣ ਤੋਂ 2-3 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਗੰਨੇ ਦੀ ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਚੰਗੀ ਤਰ੍ਹਾਂ ਮਿਲਾ ਦਿਉ। ਜੇਕਰ ਰੂੜੀ ਜਾਂ ਪ੍ਰੈਸ ਮੱਡ ਪਾਈ ਹੋਵੇ ਤਾਂ ਨਾਈਟਰੋਜ਼ਨ ਦੀ ਮਾਤਰਾ 60 ਕਿਲੋ ਪ੍ਰਤੀ ਏਕੜ ਤੋਂ ਘਟਾ ਕੇ 40 ਕਿਲੋ ਪ੍ਰਤੀ ਏਕੜ ਕਰ ਦਿਉ ਪਰੰਤੂ ਹਲਕੀਆਂ ਜ਼ਮੀਨਾਂ ਵਿੱਚ ਖਾਦ ਦੀ ਮਿਕਦਾਰ ਨਾ ਘਟਾਓ। ਫਾਸਫੋਰਸ ਤੱਤ ਮਿੱਟੀ ਪਰਖ ਅਨੁਸਾਰ ਵਰਤੋ । ਆਮ ਹਾਲਤਾਂ ਵਿਚ ਗੰਨੇ ਦੀ ਬਿਜਾਈ ਸਮੇਂ 65 ਕਿਲੋ ਯੂਰੀਆ ਪ੍ਰਤੀ ਏਕੜ ਵਰਤੋ। ਇਸ ਤੋ ਇਲਾਵਾ ਬਿਜਾਈ ਸਮੇਂ 4 ਕਿਲੋ ਅਜੋਟੋਬੈਕਟਰ (ਜੀਵਾਣੂ ਖਾਦ) ਪ੍ਰਤੀ ਏਕੜ ਪਾਓ।

ਹਰੇ ਚਾਰੇ: ਜ਼ਮੀਨ ਦੀ ਕਿਸਮ ਅਤੇ ਮੌਸਮ ਨੂੰ ਦੇਖਦੇ ਹੋਏ 15-20 ਦਿਨਾਂ ਦੇ ਫ਼ਰਕ ਤੇ ਬਰਸੀਮ ਅਤੇ ਲੂਸਣ ਦੀ ਫ਼ਸਲ ਨੂੰ ਪਾਣੀ ਦਿੰਦੇ ਰਹੋ। ਜੇਕਰ ਹਰਾ ਚਾਰਾ ਜ਼ਿਆਦਾ ਹੋਵੇ ਤਾਂ ਇਸ ਮਹੀਨੇ ਦੇ ਅਖ਼ੀਰ 'ਚ ਜਾਂ ਮਾਰਚ ਦੇ ਸ਼ੁਰੂ ਵਿੱਚ ਜਵੀਂ ਦੀ ਫ਼ਸਲ ਜਦੋਂ ਦੋਧੀ ਹੋਵੇ ਤਾਂ ਅਚਾਰ ਬਣਾ ਲਵੋ।

ਸਬਜ਼ੀਆਂ

ਕੱਦੂ ਜਾਤੀ ਦੀਆਂ ਸਬਜ਼ੀਆਂ: ਜਦੋਂ ਹੀ ਕੋਰੇ ਦਾ ਖ਼ਤਰਾ ਖ਼ਤਮ ਹੋ ਜਾਵੇ ਤਾਂ ਨਵੰਬਰ-ਦਸੰਬਰ ਵਿੱਚ ਬੀਜੀਆਂ ਗਈਆਂ ਸਬਜ਼ੀਆਂ ਤੋਂ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਉਤਾਰ ਦਿਉ ਅਤੇ ਪਾਣੀ ਦੇ ਦਿਉ। ਨਾਈਟ੍ਰੋਜਨ ਦੀ ਰਹਿੰਦੀ ਅੱਧੀ ਖ਼ੁਰਾਕ ਖਾਲੀਆਂ ਵਿੱਚ ਪਾ ਕੇ ਮਿੱਟੀ ਚੜ੍ਹਾ ਦਿਉ ਅਤੇ ਫਿਰ ਬੂਟਿਆਂ ਨੂੰ ਕਿਆਰੀਆਂ ਵਿੱਚ ਕਰ ਦਿਉ। ਫਿਰ ਹਫ਼ਤੇ ਵਿੱਚ ਇੱਕ ਵਾਰ ਰੇਤਲੀਆਂ ਜ਼ਮੀਨਾਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਦਸ ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ। 35 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ (ਸਿੰਗਲ) ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਨੂੰ ਉੱਤਰੀ ਪਾਸੇ ਵੱਲ ਪਾ ਕੇ ਖ਼ਾਲੀਆਂ ਤਿਆਰ ਕਰੋ। ਬੀਜ ਨਮੀ ਵਾਲੀ ਵੇਰੀ ਦੇ ਦੱਖਣੀ ਦਿਸ਼ਾ ਵੱਲ ਬੀਜੋ।ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿੱਚ ਲਗਾਉਣਾ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫ਼ਾਫ਼ੇ ਉਤਾਰ ਲਉ। ਘੀਆਂ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦੂ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ ਐਚ-51, ਪੰਜਾਬ ਅਮ੍ਰਿਤ, ਪੰਜਾਬ ਸਰਦਾ ਅਤੇ ਹਰਾ ਮਧੂ, ਹਦਵਾਣੇ ਦੀ ਪੰਜਾਬ ਮਿਠਾਸ, ਟੀਂਡੇ ਦੀ ਪੰਜਾਬ ਟੀਂਡਾ -1, ਕਰੇਲੇ ਦੀ ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲਾ-15 ਅਤੇ ਪੰਜਾਬ ਕਰੇਲੀ ਨੰ.1, ਕਾਲੀ ਤੋਰੀ ਦੀ ਪੰਜਾਬ ਨਿਖਾਰ ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਗਜ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ।

ਸਾਵਧਾਨੀਆਂ: ਜਿੰਨ੍ਹਾਂ ਖੇਤਾਂ ਵਿੱਚ ਆਲੂਆਂ ਦੀ ਫ਼ਸਲ ਲਈ ਐਟਰਾਜ਼ੀਨ ਨਦੀਨ ਨਾਸ਼ਕ ਵਰਤੀ ਗਈ ਹੈ ਉਥੇ ਕੱਦੂ ਜਾਤੀ ਦੀਆਂ ਫ਼ਸਲਾਂ ਨਾ ਬੀਜੋ।

ਮਿਰਚਾਂ ਅਤੇ ਸ਼ਿਮਲਾ ਮਿਰਚ : ਜਦ ਹੀ ਕੋਰੇ ਦਾ ਖਤਰਾ ਨਾ ਜਾਪੇ ਤਾਂ ਮਿਰਚ ਅਤੇ ਸ਼ਿਮਲਾ ਮਿਰਚ ਦੇ ਖੇਤਾਂ ਵਿਚੋਂ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਹਟਾ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ। ਇੱਕ ਹਫ਼ਤੇ ਬਾਅਦ 90 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾ ਕੇ ਬੂਟਿਆਂ ਦੇ ਮੁੱਢਾਂ ਨਾਲ ਮਿੱਟੀ ਚੜ੍ਹਾ ਦਿਉ। ਮਿਰਚ ਅਤੇ ਸ਼ਿਮਲਾ ਮਿਰਚ ਦੀ ਜਿਹੜੀ ਪਨੀਰੀ ਤਿਆਰ ਕੀਤੀ ਗਈ ਹੈ ਉਹ ਸਿਫ਼ਾਰਸ਼ ਕੀਤੇ ਫ਼ਾਸਲੇ ਤੇ ਖੇਤ ਵਿੱਚ ਲਗਾ ਦਿਉ। ਸ਼ਿਮਲਾ ਮਿਰਚ ਨੂੰ 35 ਕਿਲੋ ਯੂਰੀਆ, 175 ਕਿਲੋ ਸੁਪਰਫਾਸਫੇਟ (ਸਿੰਗਲ) ਅਤੇ 20 ਕਿਲੋ ਮਿਊਰੇਟ ਆਫ਼ ਪੋਟਾਸ਼ ਨੂੰ ਪ੍ਰਤੀ ਏਕੜ ਦੇ ਹਿਸਾਬ ਪਾਉ ਅਤੇ ਮਿਰਚ ਦੀ ਫ਼ਸਲ ਨੂੰ 30 ਕਿਲੋ ਯੂਰੀਆ, 75 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਓ। ਦੋਗਲੀਆਂ ਕਿਸਮਾਂ ਵਾਸਤੇ ਨਾਈਟਰੋਜਨ ਖਾਦ ਵਧਾਈ ਜਾ ਸਕਦੀ ਹੈ। ਪਨੀਰੀ ਲਾਉਣ ਤੋਂ ਫੌਰਨ ਬਾਅਦ ਪਹਿਲਾ ਪਾਣੀ ਦੇ ਦਿਉ ਅਤੇ ਇੱਕ ਪਾਣੀ ਹਫ਼ਤੇ ਤੋਂ ਬਾਅਦ ਫਿਰ ਦਿਉ। 7-10 ਦਿਨਾਂ ਬਾਅਦ ਖੇਤ ਵਿੱਚ ਖਾਲੀ ਥਾਂ ਦੇਖ ਕੇ ਫਿਰ ਬੂਟੇ ਲਗਾ ਦਿਉ ਤਾਂ ਜੋ ਖੇਤ ਵਿੱਚ ਬੂਟੇ ਪੂਰੇ ਹੋ ਜਾਣ।

ਬੈਂਗਣ: ਜਦ ਕੋਰੇ ਦਾ ਮੌਸਮ ਖ਼ਤਮ ਹੋ ਜਾਵੇ ਤਾਂ ਦੁਪਹਿਰ ਤੋਂ ਬਾਅਦ ਸਰਕੰਡਾ ਜਾਂ ਪਲਾਸਟਿਕ ਦੀ ਚਾਦਰ ਉਤਾਰ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ। ਇੱਕ ਹਫ਼ਤੇ ਬਾਅਦ 55 ਕਿਲੋ ਯੂਰੀਆ ਖਾਦ ਪਾਉ ਅਤੇ ਬੂਟਿਆਂ ਦੇ ਮੁੱਢਾਂ ਤੇ ਮਿੱਟੀ ਵੀ ਚੜ੍ਹਾ ਦਿਉ। ਬੀ ਐਚ-2, ਪੀ ਬੀ ਐਚ-3, ਪੀ ਬੀ ਐਚ-4, ਪੀ ਵੀ ਐਚ-5, ਪੀ ਵੀ ਐਚ-6, ਪੀ ਵੀ ਐਚ ਆਰ-41, ਪੀ ਵੀ ਐਚ ਆਰ-42, ਪੰਜਾਬ ਭਰਪੂਰ, ਪੰਜਾਬ ਹਿਮੰਤ ਅਤੇ ਪੰਜਾਬ ਰੌਣਕ ਕਿਸਮ ਦੀ ਪਨੀਰੀ ਖੇਤ ਵਿੱਚ ਲਗਾ ਦਿਉ। ਖੇਤ ਵਿੱਚ 10 ਟਨ ਰੂੜੀ ਪਾਉ ਅਤੇ 55 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਛੱਟੇ ਨਾਲ ਪਾ ਦਿਉ। ਹਫ਼ਤੇ ਬਾਅਦ ਖਾਲੀ ਥਾਂ ਭਰ ਦਿਉ ਅਤੇ ਪਾਣੀ ਦੇ ਦਿਉ ।

ਭਿੰਡੀ : ਖੇਤ ਤਿਆਰ ਕਰਕੇ 40 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ। ਵੱਟਾਂ ਬਣਾ ਲਉ ਅਤੇ ਪਾਣੀ ਦੇ ਦਿਉ। ਇਹ ਬੀਜ 45 ਸੈਟੀਂਮੀਟਰ ਵੱਟਾਂ ਦੇ ਫ਼ਾਸਲੇ ਤੇ 15 ਸੈਟੀਂਮੀਟਰ ਦੀ ਦੂਰੀ ਤੇ ਬੀਜ ਦਿਉ। ਵੱਟਾਂ ਤੇ ਬੀਜ ਜਲਦੀ ਉੱਗਣਗੇ ਅਤੇ ਵਧੀਆ ਫ਼ਸਲ ਹੋਵੇਗੀ। ਇਸ ਸਮੇਂ ਬੀਜਣ ਲਈ ਪੰਜਾਬ ਲਾਲਿਮਾ ਅਤੇ ਪੰਜਾਬ ਸੁਹਾਵਨੀ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਟਮਾਟਰ : ਕੋਰੇ ਦਾ ਮੌਸਮ ਖ਼ਤਮ ਹੋਣ ਤੇ ਦੁਪਹਿਰ ਤੋਂ ਬਾਅਦ ਸਰਕੰਡਾ ਅਤੇ ਪਲਾਸਟਿਕ ਉਤਾਰ ਦਿਉ ਅਤੇ ਖੇਤ ਨੂੰ ਪਾਣੀ ਦੇ ਦਿਉ। ਇੱਕ ਹਫ਼ਤੇ ਬਾਅਦ ਇਕ ਕਿਲੋ ਕਿਸਾਨ ਖਾਦ ਪ੍ਰਤੀ ਏਕੜ ਦੇ ਹਿਸਾਬ ਪਾਉ। ਗੋਡੀ ਨਾਲ ਨਦੀਨ ਖ਼ਤਮ ਕਰ ਦਿਉ ਅਤੇ ਬੂਟਿਆਂ ਦੇ ਮੁੱਢਾਂ ਤੇ 7 ਤੋਂ 10 ਦਿਨਾਂ ਬਾਅਦ ਪਾਣੀ ਦਿੰਦੇ ਰਹੋ।ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਫ਼ਸਲ ਤੇ 600 ਗ੍ਰਾਮ ਇੰਡੋਫ਼ਿਲ ਐਮ-45 ਨੂੰ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਪਾ ਕੇ 7 ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ।

ਗੰਢੇ: ਜਾਮਨੀ ਧੱਬਿਆਂ ਦੀ ਬੀਮਾਰੀ ਨਜ਼ਰ ਆਉਣ ਤੇ ਗੰਢਿਆਂ ਦੀ ਫ਼ਸਲ ਤੇ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫ਼ਿਲ ਐਮ-45 ਅਤੇ 200 ਮਿਲੀਲਿਟਰ ਟਰਾਈਟੋਨ ਨਾਲ ਜਾਂ ਅਲਸੀ ਦੇ ਤੇਲ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਦਸ ਦਿਨਾਂ ਦੇ ਵਕਫ਼ੇ ਤੇ ਤਿੰਨ ਛਿੜਕਾਅ ਕਰੋ।

ਬਾਗਬਾਨੀ

1. ਸਦਾ ਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ ਦੇ ਬੂਟੇ ਅੰਬ, ਅਮਰੂਦ, ਲੁਕਾਠ ਅਤੇ ਬੇਰ ਆਦਿ ਨੂੰ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਲਗਾਇਆ ਜਾ ਸਕਦਾ ਹੈ। ਪਰ ਇਨ੍ਹਾਂ ਦੀ ਲੁਆਈ ਲਈ ਜੁਲਾਈ-ਸਤੰਬਰ ਦਾ ਸਮਾਂ ਜਿਆਦਾ ਢੁੱਕਵਾਂ ਰਹਿੰਦਾ ਹੈ।
2. ਇਹ ਸਮਾਂ ਰਸਾਇਣਿਕ ਖਾਦਾਂ ਪਾਉਣ ਲਈ ਢੁੱਕਵਾਂ ਹੈ। ਸਿਫਾਰਿਸ਼ਾਂ ਮੁਤਾਬਿਕ ਫਲਦਾਰ ਬੂਟਿਆਂ ਨੂੰ ਰਸਾਇਣਿਕ ਖਾਦਾਂ ਪਾਓ। ਖਾਦ ਪਾਉਂਦੇ ਸਮੇਂ ਧਿਆਨ ਰੱਖੋ ਕਿ ਬੂਟੇ ਦੇ ਹੇਠਾਂ ਖਾਦ ਇਕਸਾਰ ਪਵੇ ਅਤੇ ਫਿਰ ਖਾਦਾਂ ਨੂੰ ਹਲਕੀ ਗੋਡੀ ਕਰਕੇ ਮਿੱਟੀ ਵਿੱਚ ਰਲਾ ਦਿਉ।
3. ਠੰਡ ਤੋਂ ਬਚਾਉਣ ਲਈ ਛੋਟੇ ਫਲਦਾਰ ਬੂਟਿਆਂ ਉੱਪਰ ਕੀਤਾ ਛੌਰਾ ਅਜੇ ਬਰਕਰਾਰ ਰੱਖੋ ਅਤੇ ਗਰਮੀ ਦੇ ਵੱਧਣ ਨਾਲ ਹੌਲੀ-ਹੌਲੀ ਫਰਵਰੀ ਦੇ ਅਖੀਰ ਤੱਕ ਉਤਾਰ ਦਿਉ।
4. ਨਿੰਬੂ ਜਾਤੀ ਦੇ ਬੂਟਿਆਂ ਦੀ ਸਿੰਚਾਈ ਵੱਲ ਧਿਆਨ ਦਿਓ ਕਿਉਂਕਿ ਫਰਵਰੀ ਮਹੀਨੇ ਹੀ ਫੁਟਾਰਾਹੋਵੇਗਾ। ਲੁਕਾਠ ਦੇ ਬੂਟਿਆਂ ਨੂੰ ਇੱਕ-ਦੋ ਪਾਣੀ ਦਿਓ ਕਿਉਂਕਿ ਫਲ ਪੈ ਚੁੱਕਾ ਹੈ। ਬੇਰ ਦੇ ਬੂਟਿਆਂ ਨੂੰ ਵੀ ਪਾਣੀ ਦਿਓ ਤਾਂ ਜੋ ਫਲ ਦਾ ਆਕਾਰ ਵਧੇ। ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਅੰਗੂਰਾਂ ਦੀ ਕਾਂਟ-ਛਾਂਟ ਤੋਂ ਬਾਅਦ ਇੱਕ ਪਾਣੀ ਲਾਓ।

5. ਨਿੰਬੂ ਜਾਤੀ ਦੇ ਬੂਟਿਆਂ ਦਾ ਸਿਟਰਸ ਸਿੱਲਾ ਮਾਰਨ ਲਈ 200 ਮਿ.ਲਿ. ਕਰੋਕੋਡਾਇਲ/ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ/ਦੋਤਾਰਾ (ਥਾਇਆਮਿਥਕਸਮ) ਜਾਂ 6.25 ਲਿਟਰ ਮੈਕ ਐਚ ਐਮ ਓ (ਹਾਰਟੀਕਲਰਚਮਿਨਰਲ ਆਇਲ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਫੁੱਲਾਂ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।
6. ਸਿਟਰਸ ਕੈਂਕਰ ਰੋਕਣ ਲਈ ਸਟਰੈਪਟੋਸਾਈਕਲੀਨ 50 ਗ੍ਰਾਮ + 25 ਗ੍ਰਾਮ ਨੀਲਾ ਥੋਥਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਬੋਰਡੋ ਮਿਸ਼ਰਣ 2:2:250 ਜਾਂ 0.3% ਕੌਪਰ ਆਕਸੀਕਲੋਰਾਈਡ ਵੀ ਛਿੜਕਿਆ ਜਾ ਸਕਦਾ ਹੈ।
7. ਨਿੰਬੂ ਜਾਤੀ ਵਿੱਚ ਗੂੰਦੀਆ (ਪੈਰ ਗਲਣਾ/ ਹੇਠਾਂ ਤੋਂ ਪੈਰ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜ਼ੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ।ਇਸ ਤੋਂ ਇਲਾਵਾ ਇਸ ਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਜ਼ਮੀਨ ਉੱਪਰ ਛਿੜਕਿਆ ਜਾ ਸਕਦਾ ਹੈ।
8. ਅੰਬਾਂ ਵਿੱਚ ਛੜੱਪਾ ਮਾਰ ਤੇਲੇ ਦੀ ਰੋਕਥਾਮ ਲਈ 800 ਮਿ.ਲਿ. ਮੈਲਾਥਿਆਨ 50 ਈ ਸੀ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਛਿੜਕਾਅ ਫਰਵਰੀ ਦੇ ਅੰਤ ਵਿੱਚ ਅਤੇ ਦੂਜਾ ਛਿੜਕਾਅ ਮਾਰਚ ਦੇ ਅੰਤ ਵਿੱਚ ਕਰੋ।
9. ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ.ਲਿ. ਕੰਟਾਫ ਦਾ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਫੁੱਲ ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

ਸਜਾਵਟੀ ਬੂਟੇ

1. ਪਤਝੜ ਰੁੱਤ ਦੇ ਸਜਾਵਟੀ ਬੂਟੇ (ਸਾਵਣੀ,ਨਿਰਗੁੰਡੀ, ਮਹਿੰਦੀ ਅਤੇ ਜਟਰੋਫਾ ਆਦਿ) ਫੁਟਾਰਾ ਪੈਣ ਤੋਂ ਪਹਿਲਾਂ ਵਿਉਂਤ ਕੀਤੀ ਗਈ ਜਗ੍ਹਾ ਉੱਪਰ ਟੋਏ ਪੁੱਟ ਕੇ ਲਗਾਏ ਜਾ ਸਕਦੇ ਹਨ।
2. ਬੀਜ ਉਤਪਾਦਨ ਲਈ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੇ ਖੇਤ ਅਤੇ ਫੁੱਲਾਂ ਦੀਆਂ ਕਿਆਰੀਆਂ ਵਿੱਚੋਂ ਨਦੀਨ ਜਾਂ ਅਣਚਾਹੇ ਬੂਟੇ ਕੱਢ ਦਿਓ।
3. ਗਰਮੀਆਂ ਵਿੱਚ ਫੁੱਲ ਦੇਣ ਵਾਲੇ ਗੰਢਿਆਂ ਵਾਲੇ ਬੂਟੇ (ਜਿਵੇਂ ਰਜਨੀਗੰਧਾ) ਬੀਜਣ ਦਾ ਇਹ ਢੁੱਕਵਾਂ ਸਮਾਂ ਹੈ।
4. ਇਸ ਮਹੀਨੇ ਦੇ ਅਖੀਰ ਵਿੱਚ ਗਰਮੀਆਂ ਵਾਲੇ ਮੌਸਮੀ ਫੁੱਲ (ਕੋਚੀਆ, ਜੀਨੀਆ,ਦੁਪਹਿਰਖਿੜੀ ਅਤੇ ਕੌਸਮੌਸ ਆਦਿ) ਦੇ ਬੀਜ ਤੋਂ ਪਨੀਰੀ ਤਿਆਰ ਕਰਨ ਲਈ ਨਰਸਰੀ ਬੈਡਾਂ ਉਪਰ ਲਗਾਓ। ਨਰਸਰੀ ਬੈਡ ਉੱਪਰ ਤਿਆਰ ਹੋ ਰਹੀ ਪਨੀਰੀ ਨੂੰ ਬਾਅਦ ਦੁਪਹਿਰ ਦੀ ਧੁੱਪ ਲੱਗਣ ਤੋਂ ਪ੍ਰਹੇਜ਼ ਕਰੋ।
5. ਰੁੱਖਾਂ ਅਤੇ ਝਾੜੀਆਂ ਦੀ ਨਵੀਂ ਪੋਦ ਲਗਾਉਣ ਲਈ ਜਗ੍ਹਾ ਦਾ ਸਰਵੇਖਣ ਅਤੇ ਵਿਉਂਤ ਕਰੋ।
6. ਗੁਲਦਾਉਦੀ ਦੇ ਜੜ੍ਹੂੰਆਂ ਨੂੰ ਨਿਖੇੜ ਕੇ ਜ਼ਮੀਨ ਵਿੱਚ ਬੈਡਾਂ ਉੱਪਰ ਲਗਾਉਣ ਲਈ ਢੁੱਕਵਾਂ ਸਮਾਂ ਹੈ।
7. ਘਾਹ ਲਗਾਉਣ ਲਈ ਵਿਉਂਤਬੰਦੀ ਕਰਕੇ ਜ਼ਮੀਨ ਦੀ ਤਿਆਰੀ ਕਰੋ।
8. ਪੁਰਾਣੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ ਵੱਡੇ ਗਮਲਿਆਂ ਵਿੱਚ ਦੁਬਾਰਾ ਮਿੱਟੀ ਤੇ ਗਲੀ-ਸੜੀ ਰੂੜੀ ਦੀ ਖਾਦ ਦਾ ਮਿਸ਼ਰਣ ਬਣਾ ਕੇ ਲਗਾਉ।

ਵਣ ਖੇਤੀ

ਪਾਪਲਰ: ਨਰਸਰੀ ਉਗਾਉਣ ਲਈ ਫ਼ਰਵਰੀ ਦੇ ਪਹਿਲੇ ਪੰਦਰਵਾੜੇ ਦੌਰਾਨ 50 ਸੈ.ਮੀ.×50 ਸੈ.ਮੀ. ਜਾਂ 60 ਸੈ.ਮੀ.×60 ਸੈਂ.ਮੀ. ਦੇ ਫਾਸਲੇ ਤੇ ਪਾਪਲਰ ਦੀਆਂ ਕਲਮਾਂ ਲਗਾਉ। ਇੱਕ ਸਾਲ ਦੇ ਬੂਟੇ ਤੋਂ 2-3 ਸੈਂ.ਮੀ. ਮੋਟੀਆਂ ਅਤੇ 20-25 ਸੈਂ.ਮੀ. ਲੰਬਾਈ ਦੀਆਂ ਕਲਮਾਂ ਤਿਆਰ ਕਰੋ। ਲਗਾਉਣ ਤੋਂ ਪਹਿਲਾਂ ਕਲਮਾਂ ਨੂੰ 24 ਘੰਟੇ ਵਾਸਤੇ ਤਾਜ਼ੇ ਪਾਣੀ ਵਿੱਚ ਭਿਉਂ ਦਿਉ। ਜ਼ਮੀਨ ਦੀ ਕਿਸਮ ਦੇ ਆਧਾਰ ਤੇ 8-12 ਟਨ ਗੋਹੇ ਦੀ ਖਾਦ, ਸਿੰਗਲ ਸੁਪਰਫਾਸਫੇਟ (40-80 ਕਿਲੋ) ਅਤੇ ਮਿਊਰੇਟ ਆਫ ਪੋਟਾਸ਼ (20-40 ਕਿਲੋਗ੍ਰਾਮ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਵਧੀਆ ਹੁੰਦੀ ਹੈ।

ਖੇਤ ਵਿੱਚ ਲੁਆਈ : ਅੱਧ ਜਨਵਰੀ ਤੋਂ ਫ਼ਰਵਰੀ ਤੱਕ ਨੰਗੀ ਜੜ੍ਹ ਵਾਲੇ ਪਾਪਲਰ ਦੇ ਬੂਟਿਆਂ ਨੂੰ ਖਾਲ਼ੀਆਂ ਵਿੱਚ ਲਗਾਉ। ਖੇਤ ਵਿੱਚ ਬੂਟੇ 5 ਮੀਟਰ ×4 ਮੀਟਰ ਜਾਂ 8 ਮੀਟਰ ×2.5 ਮੀਟਰ ਦੇ ਫ਼ਾਸਲੇ ਤੇ ਅਤੇ ਕਤਾਰਾਂ ਉੱਤਰ-ਦੱਖਣ ਦੀ ਦਿਸ਼ਾ ਵਿੱਚ ਲਗਾਉ ਅਤੇ ਇਕਹਿਰੀ ਕਤਾਰ ਵਿੱਚ 3 ਮੀਟਰ ਦੇ ਫ਼ਾਸਲੇ ਤੇ ਬੂਟੇ ਤੋਂ ਬੂਟਾ ਲਗਾਉ। ਕੇਂਦਰੀ ਮੈਦਾਨੀ ਇਲਾਕਿਆਂ ਵਿੱਚ ਪੀ ਐਲ-1, ਪੀ ਐੱਲ-2, ਪੀ ਐੱਲ-3, ਪੀ ਐਲ-4, ਪੀ ਐਲ-5, ਐਲ-47/88 ਅਤੇ ਐਲ 48/89 ਕਿਸਮਾਂ ਢੁਕਵੀਆਂ ਹਨ, ਜਦਕਿ ਪੰਜਾਬ ਦੇ ਦੱਖਣੀ-ਪੱਛਮੀ ਭਾਗ ਵਿੱਚ ਪੀ ਐਲ-3, ਪੀ ਐੱਲ-6, ਪੀ ਐੱਲ-7 ਅਤੇ ਐਲ-48/89 ਕਿਸਮਾਂ ਵਧੀਆ ਹਨ। ਔਗਰ ਦੀ ਮਦਦ ਨਾਲ 15-20 ਸੈਂਟੀਮੀਟਰ ਵਿਆਸ ਦੇ ਟੋਏ ਬਣਾਉ। ਇਨ੍ਹਾਂ ਟੋਇਆਂ ਦੀ ਡੂੰਘਾਈ ਭਾਰੀਆਂ ਜ਼ਮੀਨਾਂ ਵਿੱਚ 75 ਸੈਂਟੀਮੀਟਰ ਅਤੇ ਹਲਕੀਆਂ ਜ਼ਮੀਨਾਂ ਵਿੱਚ 100 ਸੈਂਟੀਮੀਟਰ ਹੋਣੀ ਚਾਹੀਦੀ ਹੈ। ਬੂਟੇ ਲਗਾਉਣ ਤੋਂ ਪਹਿਲਾਂ 48 ਘੰਟੇ ਲਈ ਚੱਲਦੇ ਪਾਣੀ ਵਿੱਚ ਰੱਖ ਦਿਉ। ਟੋਏ ਵਿੱਚ ਬੂਟੇ ਰੱਖਣ ਤੋਂ ਬਾਅਦ ਟੋਏ ਨੂੰ ਉੱਪਰਲੀ ਮਿੱਟੀ ਅਤੇ ਰੂੜੀ ਦੀ ਖਾਦ (1:1), 110 ਗ੍ਰਾਮ ਯੂਰੀਆ ਅਤੇ 315 ਗ੍ਰਾਮ ਸਿੰਗਲ ਸੁਪਰਫਾਸਫੇਟ ਦੀ ਖਾਦ ਦੇ ਮਿਸ਼ਰਣ ਨਾਲ ਭਰ ਦਿਉ। ਪਾਪਲਰ ਦੀਆਂ ਤਿੰਨ ਸਾਲ ਤੋਂ ਘੱਟ ਉਮਰ ਦੀਆਂ ਪਲਾਂਟੇਸ਼ਨਾਂ ਵਿੱਚ ਗੰਨੇ ਦੀ ਬੀਜਾਈ ਅੱਧ ਫ਼ਰਵਰੀ ਵਿੱਚ ਕਰ ਦੇਣੀ ਚਾਹੀਦੀ ਹੈ।

ਸਫੈਦਾ: ਸਫੈਦੇ ਦੇ ਬੀਜ ਨੂੰ ਧਰਤੀ ਤੋਂ ਉੱਚੀਆਂ ਕਿਆਰੀਆਂ ਤੇ ਕਤਾਰਾਂ ਵਿਚਕਾਰ 10 ਸੈਂਟੀਮੀਟਰ ਦੀ ਦੂਰੀ ਰੱਖ ਕੇ ਬੀਜ ਦਿਓ। ਇੱਕ ਵਰਗ ਮੀਟਰ ਲਈ 20 ਗਰਾਮ ਬੀਜ ਦੀ ਵਰਤੋਂ ਕਰੋ। ਘਾਹ ਦੇ ਬਣੇ ਹੋਏ ਛੱਪਰ ਨਾਲ ਢੱਕ ਦਿਓ ਅਤੇ ਲੋੜ ਅਨੁਸਾਰ ਪਾਣੀ ਦਾ ਛਿੜਕਾਅ ਕਰਦੇ ਰਹੋ ਤਾਂ ਜੋ ਮਿੱਟੀ ਦੀ ਉੱਪਰਲੀ ਸਤਹਿ ਗਿੱਲੀ ਰਹੇ। ਜਦੋਂ ਪੌਦੇ ਤਿੰਨ ਜਾ ਚਾਰ ਪੱਤੇ ਕੱਢ ਲੈਣ ਤਾਂ ਇਨ੍ਹਾਂ ਨੂੰ ਪੋਲੀਥੀਨ ਦੀਆਂ ਥੈਲੀਆਂ ਵਿੱਚ (9"ਣ 6") ਜਿਨ੍ਹਾਂ ਨੂੰ ਮਿੱਟੀ ਅਤੇ ਰੂੜੀ ਦੀ ਖਾਦ (1:1) ਨਾਲ ਭਰਿਆ ਹੋਵੇ ਉਨ੍ਹਾਂ ਥੈਲੀਆਂ ਵਿੱਚ ਲਗਾ ਦਿਓ।

ਸ਼ਹਿਦ ਦੀਆਂ ਮੱਖੀਆਂ ਪਾਲਣਾ : ਅੱਧ ਫ਼ਰਵਰੀ ਤੱਕ ਸਰਦੀ ਕਾਫੀ ਘੱਟ ਜਾਂਦੀ ਹੈ। ਇਸ ਮਹੀਨੇ ਸਰ੍ਹੋਂ ਜਾਤੀ ਅਤੇ ਸਫ਼ੈਦੇ ਦਾ ਫੁੱਲ-ਫੁਲਾਕਾ ਕਾਫ਼ੀ ਮਿਲਦਾ ਹੈ। ਆੜੂ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਰੁੱਖ ਵੀ ਫੁੱਲਾਂ ਤੇ ਹੁੰਦੇ ਹਨ। ਇਹ ਮਹੀਨਾ ਸ਼ਹਿਦ ਮੱਖੀ ਕਟੁੰਬਾਂ ਦੇ ਵਧਾਰੇ ਲਈ, ਅਤੇ ਸ਼ਹਿਦ ਮੱਖੀ ਪਾਲਣ ਦਾ ਕਿੱਤਾ ਸ਼ੁਰੂ ਕਰਨ ਲਈ ਵੀ ਬਹੁਤ ਹੀ ਸੁਖਾਵਾਂ ਅਤੇ ਢੁਕਵਾਂ ਹੈ। ਅੱਧ ਫ਼ਰਵਰੀ ਤੋਂ ਬਾਅਦ ਜੇਕਰ ਸਰਦੀ ਘੱਟ ਗਈ ਹੋਵੇ ਤਾਂ ਕਟੁੰਬ ਅੰਦਰੋਂ ਸਰਦੀ ਦੀ ਪੈਕਿੰਗ ਕੱਢ ਦਿਉ। ਹਾਈਵ ਦੀ ਸਫ਼ਾਈ ਕਰੋ। ਕਿਸੇ ਨਿੱਘੇ ਹਵਾ-ਬੰਦ ਵਾਲੇ ਦਿਨ ਦੁਪਹਿਰ ਵੇਲੇ ਕਟੁੰਬਾਂ ਦਾ ਖ਼ੁਰਾਕ, ਬਰੂਡ ਦੀ ਹੋਂਦ ਅਤੇ ਸਮੱਸਿਆ ਅਤੇ ਰਾਣੀ ਮੱਖੀ ਦੀ ਕਾਰ-ਗੁਜ਼ਾਰੀ ਸਬੰਧੀ ਨਿਰੀਖਣ ਕਰੋ। ਕਮਜ਼ੋਰ ਕਟੁੰਬਾਂ ਨੂੰ ਆਪਸ ਵਿੱਚ ਅਤੇ ਰਾਣੀ ਰਹਿਤ ਕਟੁੰਬਾਂ ਨੂੰ ਰਾਣੀ ਵਾਲੇ ਕਟੁੰਬਾਂ ਨਾਲ ਜੋੜ ਦਿਉ। ਲੋੜ ਹੋਵੇ ਤਾਂ ਖੰਡ ਦੇ ਘੋਲ ਦੀ ਉਤਸ਼ਾਹਕ ਖ਼ੁਰਾਕ (ਖੰਡ : ਪਾਣੀ = 1 : 2) ਦਿਉ। ਤਰਜੀਹ ਦੇ ਆਧਾਰ ਤੇ ਇਹ ਖ਼ੁਰਾਕ ਬਣੇ ਹੋਏ ਛੱਤਿਆਂ ਵਿੱਚ ਦਿਉ, ਵਰਨਾ ਇਹ ਖ਼ੁਰਾਕ ਡਵੀਜ਼ਨ-ਬੋਰਡ ਫੀਡਰ ਵਿੱਚ ਦਿਓ। ਰਾਣੀ ਮੱਖੀ ਦੀ ਅੰਡੇ ਦੇਣ ਅਤੇ ਕਾਮਾ ਮੱਖੀਆਂ ਦੇ ਕੰਮ ਦੀ ਰਫ਼ਤਾਰ ਮੁਤਾਬਿਕ ਹੋਰ ਬਣੇ-ਬਣਾਏ ਛੱਤੇ ਜਾਂ ਕਾਮਾ ਬਰੂਡ ਸੈਲਾਂ ਦੇ ਪ੍ਰਿੰਟ ਵਾਲੀਆਂ ਮੋਮੀ ਸ਼ੀਟਾਂ ਲਗਾ ਕੇ ਫ਼ਰੇਮਾਂ ਦਿਉ। ਲੋੜ ਅਨੁਸਾਰ ਕਟੁੰਬਾਂ ਨੂੰ ਸੁਪਰ ਚੈਂਬਰ ਦਿਉ ਜਿਸ ਵਿੱਚ ਨਵੀਆਂ ਫਰੇਮਾਂ ਤੇ ਸ਼ਹਿਦ ਮੱਖੀਆਂ ਦੀ ਕਾਰਗੁਜ਼ਾਰੀ ਨੂੰ ਉਤਸ਼ਾਹਿਤ ਕਰਨ ਲਈ ਸ਼ਹਿਦ ਵਾਲੇ ਛੱਤੇ ਵੀ ਨਾਲ ਦਿਉ। ਸ਼ਹਿਦ ਮੱਖੀ ਫਾਰਮਾਂ ਦੇ ਸਾਰੇ ਕਟੁੰਬਾਂ ਨੂੰ ਪਰਾਗ ਅਤੇ ਸ਼ਹਿਦ, ਬਰੂਡ ਅਤੇ ਬਲਤਾ ਦੇ ਆਧਾਰ ਤੇ ਢੁਕਵੀਆਂ ਵਿਗਿਆਨਕ ਵਿਧੀਆਂ ਦੁਆਰਾ ਆਪਸ ਵਿੱਚ ਬਰਾਬਰ ਕਰੋ। ਬਰੂਡ ਨੂੰ ਬਾਹਰੀ ਪਰਜੀਵੀ ਚਿਚੜੀ (ਟਰੋਪੀਲੀਲੈਪਸ ਕਲੇਰੀ) ਦੇ ਹਮਲੇ ਤੋਂ ਬਚਾਉਣ ਲਈ ਛੱਤਿਆਂ ਦੇ ਉੱਪਰਲੇ ਡੰਡਿਆਂ ਉੱਪਰ ਸਲਫ਼ਰ ਦਾ ਧੂੜਾ ਇਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਇਸ ਉਪਰਾਲੇ ਦੌਰਾਨ ਅੰਦਰਲਾ ਢੱਕਣ ਲਗਾਉਣਾ ਯਕੀਨੀ ਬਣਾਉ। ਢੁਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫ਼ਤੇ ਵਰਤੋ। ਫਾਰਮਿਕ ਐਸਿਡ ਵਰੋਆ ਚਿਚੜੀ ਦੀ

ਰੋਕਥਾਮ ਲਈ ਵੀ ਫ਼ਾਇਦੇਮੰਦ ਹੈ ਪਰ ਇਸ ਨੂੰ ਨੈਕਟਰ ਦੀ ਆਮਦ ਸਮੇਂ ਨਾ ਵਰਤੋ। ਵਰੋਆ ਚਿੱਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਨੂੰ ਕੱਟ ਕੇ ਨਸ਼ਟ ਕਰਨਾ, ਚਿੱਚੜੀ ਨੂੰ ਡਰੋਨ ਬਰੂਡ ਵਾਲੇ ਛੱਤਿਆਂ ਵਿਚ ਫਸਾ ਕੇ ਇਨ੍ਹਾਂ ਨੂੰ ਨਸ਼ਟ ਕਰਨਾ, ਮਹੀਨ ਪੀਸੀ ਖੰਡ ਮੱਖੀਆਂ ਉੱਪਰ ਦੇਰ ਸ਼ਾਮ ਨੂੰ ਧੂੜਨਾ, ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ, ਜਾਲੀਦਾਰ ਬੌਟਮ ਬੋਰਡ ਵਰਤਣਾ, ਆਦਿ ਗੈਰ ਰਸਾਇਣਕ ਤਰੀਕੇ ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਔਗਜੈਲਿਕ ਤੇਜਾਬ (60 ਪ੍ਰਤੀਸ਼ਤ ਖੰਡ ਅਤੇ ਪਾਣੀ ਦੇ ਘੋਲ ਵਿੱਚ 4.2 ਪ੍ਰਤੀਸ਼ਤ ਔਗਜੈਲਿਕ ਤੇਜਾਬ ਦਾ ਘੋਲ) ਦਾ 5 ਮਿ.ਲਿ. ਪ੍ਰਤੀ ਛੱਤੇ ਦੇ ਹਿਸਾਬ ਨਾਲ ਛੱਤਿਆਂ ਉੱਪਰ ਛਿੜਕਾਅ ਜਾਂ ਇਹੀ ਮਾਤਰਾ ਦੋ ਛੱਤਿਆਂ ਵਿਚਕਾਰ ਸਰਿੰਜ ਨਾਲ ਦੇਰ ਸ਼ਾਮ ਨੂੰ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਪਾਉਣਾ ਇਸ ਚਿੱਚੜੀ ਤੋਂ ਰੋਕਥਾਮ ਲਈ ਸਹਾਈ ਹੁੰਦਾ ਹੈ। ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਉਪਰਾਲੇ ਕਰੋ। ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਐਂਟੀਬਾਇਟਿਕਾਂ ਦੀ ਵਰਤੋਂ ਤੋਂ ਪ੍ਰਹੇਜ਼ ਕਰੋ। ਫ਼ਰਵਰੀ ਅੰਤ ਵਿੱਚ, ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਜਾਂ ਕਟੁੰਬਾਂ ਦੀ ਵੰਡ ਲਈ (ਗਿਣਤੀ ਵਧਾਉਣ ਲਈ) ਜਾਂ ਕਟੁੰਬਾਂ ਨੂੰ ਵੇਚਣ ਲਈ ਲੋੜੀਂਦੀਆਂ ਜ਼ਿਆਦਾ ਰਾਣੀ ਮੱਖੀਆਂ ਤਿਆਰ ਕਰਨ ਵਾਸਤੇ ਤਿਆਰੀ ਸ਼ੁਰੂ ਕੀਤੀ ਜਾ ਸਕਦੀ ਹੈ। ਰਾਣੀ ਮੱਖੀਆਂ ਤਿਆਰ ਕਰਨ ਲਈ ਤਰਜ਼ੀਹ ਦੇ ਤੋਰ ਤੇ ਵਧੇਰੇ ਸਮਕਾਲੀ ਰਾਣੀ ਮਖੀਂਆਂ ਤਿਆਰ ਕਰਨ ਦੀ ਡੂਲਿਟਲ ਤਕਨੀਕ ਅਪਣਾਓ ਅਤੇ ਗ੍ਰਾਫਿਟਿੰਗ ਲਈ ਕਾਮਾਂ ਸੁੰਡੀਆਂ ਚੌਣਵੇਂ ਮਿਆਰੀ ਬਰੀਡਰ ਕਟੁੰਬਾਂ ਤੋਂ ਹੀ ਲਵੋ। ਬਦਲ ਦੇ ਤੌਰ ਤੇ, ਇਸ ਮੰਤਵ ਲਈ, ਕੱਪ-ਕਿੱਟ ਸਿਸਟਮ ਵਰਤ ਸਕਦੇ ਹੋ ਜਿਸ ਵਿੱਚ ਹੱਥੀਂ ਸੁੰਡੀ ਗ੍ਰਾਫਟ ਕਰਨ ਦੀ ਲੋੜ ਨਹੀਂ ਹੁੰਦੀ। ਕਟੁੰਬਾਂ ਦੇ ਸਵਾਰਮ ਤੋਂ ਰੋਕਥਾਮ ਲਈ ਯੋਗ ਉਪਰਾਲੇ ਕਰੋ। ਜਿਨ੍ਹਾਂ ਪ੍ਰਵਾਸੀ ਸ਼ਹਿਦ-ਮੱਖੀ ਪਾਲਕਾਂ ਨੇ ਆਪਣੇ ਮੱਖੀ ਫਾਰਮ ਸਰ੍ਹੋਂ/ਰਾਇਆ ਤੇ ਲਾਏ ਹੋਣ, ਉਹ ਪੱਕਿਆ ਸ਼ਹਿਦ ਕੱਢ ਸਕਦੇ ਹਨ। ਇਸ ਤੋਂ ਬਾਅਦ ਸ਼ਹਿਦ ਮੱਖੀ ਕਟੁੰਬਾਂ ਦੀ ਸਫ਼ੈਦੇ ਤੋਂ ਸ਼ਹਿਦ ਲੈਣ ਲਈ ਹਿਜ਼ਰਤ ਦੀ ਤਿਆਰੀ ਕਰੋ।

ਪਸ਼ੂ ਪਾਲਣ

1. ਰਾਤ ਨੂੰ ਪਸ਼ੂਆਂ ਨੂੰ ਅੰਦਰ ਰੱਖੋ ਅਤੇ ਦਿਨੇ ਧੁੱਪ ਵਿੱਚ ਬੰਨੋ। ਜੇ ਲੋੜ ਪਵੇ ਤਾਂ ਸ਼ੈੱਡ ਦੇ ਪਾਸਿਆਂ ਉਤੇ ਪੱਲੀ ਵੀ ਲਾਈ ਜਾ ਸਕਦੀ ਹੈ। ਜ਼ਿਆਦਾ ਠੰਡ ਵਿੱਚ ਪਸ਼ੂਆਂ ਉਪਰ ਝੁੱਲ ਵੀ ਪਾਏ ਜਾ ਸਕਦੇ ਹਨ।
2. ਪਸ਼ੂਆਂ ਦਾ ਦੁੱਧ ਚੋਣ ਤੋਂ ਬਾਅਦ ਥਣਾਂ ਉਪਰ ਦੁੱਧ ਨਾ ਲਗਾਉ। ਫਟੇ ਹੋਏ ਜਾਂ ਜ਼ਖਮੀ ਥਣਾਂ ਨੂੰ ਗਲਿਸਰੀਨ ਅਤੇ ਪੋਵੀਡੀਨ/ਬੀਟਾਡੀਨ (1:3) ਦੇ ਘੋਲ ਵਿੱਚ ਜਾਂ ਫਿਲਮਾਡੀਨ ਦਾ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ।
3. ਨਵਜੰਮੇ ਕੱਟੜੂ/ਵੱਛੜੂ ਠੰਡ ਵਿੱਚ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਇਸ ਕਾਰਨ ਹੀ ਹੁੰਦੀਆਂ ਹਨ।ਉਹਨਾ ਹੇਠਾਂ ਸੁੱਕ ਵਿਛਾ ਕੇ ਨਿਘੇ ਰੱਖੋ।
4. ਕੱਟੜੂ/ਵਛੜੂਆਂ ਨੂੰ 6 ਮਹੀਨੇ ਦੀ ਉਮਰ ਤੱਕ ਹਰ ਮਹੀਨੇ ਦਵਾਈ ਬਦਲ-ਬਦਲ ਕੇ ਮਲੱਪ-ਰਹਿਤ ਕਰਦੇ ਰਹੋ ਅਤੇ ਉਹਨਾ ਨੂੰ ਸਾਫ਼ ਸੁਥਰੀ ਸੁੱਕੀ ਜਗ੍ਹਾ ਉਤੇ ਬੰਨੋ। ਬੱਚਿਆਂ ਨੂੰ ਇਕੱਲੇ ਦੁੱਧ ਦੀ ਬਜਾਏ ਘੱਟੋ-ਘੱਟ 2 ਮਹੀਨੇ ਕਾਫ ਸਟਾਰਟਰ ਫੀਡ ਨਾਲ ਪਾਲੋ। ਉਸ ਤੋਂ ਬਾਅਦ ਫੀਡ ਨਾਲ ਥੋੜੇ-ਥੋੜੇ ਹਰੇ ਪੱਠੇ ਪਾਏ ਜਾ ਸਕਦੇ ਹਨ।
5. ਪਸ਼ੂਆਂ ਨੂੰ ਆਸ ਕਰਵਾਉਣ ਤੋਂ ਤਿੰਨ ਮਹੀਨੇ ਬਾਅਦ ਗਰਭ ਵਾਸਤੇ ਚੈੱਕ ਕਰਵਾਉ।
6. ਡੇਅਰੀ ਪਸ਼ੂਆਂ ਨੂੰ ਹਰੇ, ਪੁੰਗਰੇ ਹੋਏ, ਮਿੱਟੀ ਲੱਗੇ ਜਾਂ ਗਲੇ-ਸੜੇ ਆਲੂ ਨਾ ਪਾਉ। ਇਹ ਪਸ਼ੂਆਂ ਲਈ ਘਾਤਕ ਸਿੱਧ ਹੋ ਸਕਦੇ ਹਨ ।
7. ਫਲੀਦਾਰ ਚਾਰਿਆਂ ਵਿੱਚ ਪ੍ਰੋਟੀਨ ਜ਼ਿਆਦਾ ਹੋਣ ਕਾਰਨ ਖੁਰਾਕ ਵਿੱਚ 40% ਤੱਕ ਅਨਾਜ ਦੀ ਵਰਤੋਂ ਕਰੋ ਅਤੇ ਖਲਾਂ ਦੀ ਮਾਤਰਾ ਘਟਾਈ ਜਾ ਸਕਦੀ ਹੈ।
8. ਫਾਲਤੂ ਫਲੀਦਾਰ ਚਾਰਿਆਂ ਨੂੰ ਸੁਕਾਅ ਕੇ ਹੇਅ ਬਣਾਓ ਜੋ ਕੱਟੜੂ/ਵੱਛੜੂਆਂ ਨੂੰ ਪਾਲਣ ਵਿੱਚ ਬਹੁਤ ਸਹਾਈ ਹੁੰਦੀ ਹੈ। ਪ੍ਰੋਟੀਨ ਦੀ ਮਾਤਰਾ ਵੱਧ ਹੋਣ ਹੇਅ ਦੀ ਵਰਤੋਂ ਖਲਾਂ ਦੀ ਜਗ੍ਹਾ ਕਿਸੇ ਹਦ ਤੱਕ ਕੀਤੀ ਜਾ ਸਕਦੀ ਹੈ।
9. ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇਲਾਕੇ ਦੇ ਵੈਟਨਰੀ ਡਾਕਟਰ ਦੀ ਸਲਾਹ ਅਨੁਸਾਰ ਟੀਕਾਕਰਨ ਕਰਵਾਓ।
10. ਬੰਨ੍ਹੇ ਹੋਏ ਪਸ਼ੂਆਂ ਵਿੱਚ ਖੁਰਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਮੈਟ ਦੀ ਵਰਤੋਂ ਕਰੋ।

ਮੁਰਗੀ ਪਾਲਣ

1. ਮੀਟ ਵਾਲੇ ਚੂਚੇ ਪਾਲਣ ਲਈ ਇਹ ਸਮਾਂ ਬਹੁਤ ਢੁਕਵਾਂ ਹੈ। ਆਂਡਿਆਂ ਵਾਲੇ ਚੂਚੇ ਪਾਉਣ ਲਈ ਪਹਿਲਾਂ ਹੀ ਵਿਉਂਤ ਬਣਾ ਲੈਣੀ ਚਾਹੀਦੀ ਹੈ ਅਤੇ ਚੂਚੇ ਕਿਸੇ ਭਰੋਸੇਯੋਗ ਹੈਚਰੀ ਤੋਂ ਲੈਣੇ ਚਾਹੀਦੇ ਹਨ।
2. ਚੂਚੇ ਖਰੀਦਣ ਸਮੇਂ ਉਨ੍ਹਾਂ ਨੂੰ ਮੈਰਕਸ ਬਿਮਾਰੀ ਦੇ ਟੀਕੇ ਲੱਗਣੇ ਚਾਹੀਦੇ ਹਨ ਅਤੇ ਚੂਚੇ ਪਾਉਣ ਤੋਂ ਪਹਿਲਾਂ ਸ਼ੈੱਡ ਨੂੰ ਕੀਟਾਣੂ ਰਹਿਤ ਕਰ ਲੈਣਾ ਚਾਹੀਦਾ ਹੈ। ਚੂਚੇ ਪਹੁੰਚਣ ਉਪਰੰਤ ਪਹਿਲੇ 3 ਦਿਨ 5% ਗੁੜ ਜਾਂ ਖੰਡ ਦਾ ਕੋਸਾ ਗਰਮ ਘੋਲ ਦਿਓ।
3. ਸਰਦੀਆਂ ਵਿੱਚ ਫੱਕ ਦੀ ਤਹਿ ਮੋਟੀ ਕਰ ਦਿਓ ਜੋ ਇੱਕ ਫੁੱਟ ਤੱਕ ਵਧਾਈ ਜਾ ਸਕਦੀ ਹੈ।
4. ਚੂਚਿਆਂ ਨੂੰ ਸ਼ੁਰੂ ਤੋਂ ਹੀ ਲੋੜੀਂਦਾ ਤਾਪਮਾਨ ਦੇਵੋ। ਪਹਿਲੇ ਹਫ਼ਤੇ ਇਹ ਤਾਪਮਾਨ 95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫ਼ਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ ਜਦੋਂ ਤੱਕ ਇਹ 70 ਡਿਗਰੀ ਨਹੀਂ ਹੋ ਜਾਂਦਾ। ਚੂਚੇ ਆਉਣ ਤੋਂ 24 ਘੰਟੇ ਪਹਿਲਾ ਬਰੂਡਰ ਚਾਲੂ ਕਰ ਦੇਣਾ ਚਾਹੀਦਾ ਹੈ।
5. ਚੂਚੇ ਆਉਣ ਤੋਂ ਪਹਿਲਾ ਵਿਛਾਈ ਹੋਈ ਸੁੱਕ ਉੱਪਰ ਅਖਬਾਰਾਂ ਵਿਛਾਓ ਅਤੇ ਉਹਨਾ ਉੱਪਰ ਮੱਕੀ ਦਾ ਦਲੀਆ ਪਾਓ ਕਿਉਂਕਿ ਇੱਕ ਦਿਨ ਉਮਰ ਦੇ ਚੂਚੇ ਫੀਡਰਾਂ ਵਿੱਚੋਂ ਫੀਡ ਨਹੀ ਲੱਭ ਸਕਦੇ।
6. ਪੰਛੀਆਂ ਨੂੰ ਲੋੜ ਮੁਤਾਬਕ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ।
7. ਚੂਚਿਆਂ ਨੂੰ ਸਮੇਂ ਸਿਰ ਮਲੱਪ ਰਹਿਤ ਕਰਨਾ ਚਾਹੀਦਾ ਹੈ।
8. ਸਮੇਂ ਸਮੇਂ ਸਿਰ ਬੀਮਾਰ ਅਤੇ ਘੱਟ ਪੈਦਾਵਾਰ ਵਾਲੀਆਂ ਮੁਰਗੀਆਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ।
9. ਪੋਲਟਰੀ ਫਾਰਮ ਅੰਦਰ ਫਜ਼ੂਲ ਦੀ ਆਵਾਜਾਈ ਬੰਦ ਰੱਖੋ। ਫਾਰਮ ਅੰਦਰ ਜਾਣ ਵੇਲੇ ਸ਼ੂ ਕਵਰ ਪਾਓ।
10. ਪੰਛੀਆਂ ਨੂੰ ਬਾਰ-ਬਾਰ ਨਾ ਛੇੜੋ ਕਿਉਂਕਿ ਇਸ ਨਾਲ ਵਾਧਾ ਅਤੇ ਉਤਪਾਦਨ ਘੱਟ ਜਾਂਦਾ ਹੈ।

ਖੁੰਬਾਂ ਦੀ ਕਾਸ਼ਤ

1. ਇਸ ਮਹੀਨੇ ਦੌਰਾਨ ਬਟਨ ਖੁੰਬ ਦੀ ਫ਼ਸਲ ਦੀ ਤੁੜਾਈ ਜਾਰੀ ਰਹਿੰਦੀ ਹੈ।
2. ਬਟਨ ਖੁੰਬਾਂ ਨੂੰ ਖੁੱਲਣ ਤੋਂ ਪਹਿਲਾਂ ਉਸਦੇ ਉੱਪਰਲੇ ਸਿਰੇ (ਟੋਪੀ) ਨੂੰ ਪੋਲਾ ਜਿਹਾ ਘੁਮਾ ਕੇ ਤੁੜਾਈ ਕਰੋ।
3. ਖੁੰਬਾਂ ਦੇ ਬੈਗਾਂ ਵਿੱਚ ਨਮੀ ਬਰਕਰਾਰ ਰੱਖਣ ਲਈ (80-85 ਪ੍ਰਤੀਸ਼ਤ) ਲੋੜ ਅਨੁਸਾਰ ਦਿਨ ਵਿੱਚ ਇੱਕ ਜਾਂ ਦੋ ਵਾਰ ਪਾਣੀ ਦਾ ਛਿੜਕਾਅ ਕਰੋ।ਖੁੰਬ ਘਰ ਨੂੰ ਹਵਾਦਾਰ ਰੱਖਣ ਲਈ ਦਿਨ ਵਿਚ 4-6 ਘੰਟੇ ਲਈ ਖੁੱਲਾ ਰਖੋ।
4. ਢੀਂਗਰੀ ਖੁੰਬ ਦੇ ਕਿਨਾਰੇ ਜਦੋਂ ਅੰਦਰ ਨੂੰ ਮੁੜ੍ਹਨੇ ਸ਼ੁਰੂ ਹੋ ਜਾਂਦੇ ਹਨ ਤਾਂ ਉਸ ਸਮੇਂ ਉਸ ਦੀ ਤੁੜਾਈ ਵੀ ਕਰ ਲੈਣੀ ਚਾਹੀਦੀ ਹੈ।

ਸੰਯੋਜਕ: ਅਮਰਜੀਤ ਸਿੰਘ

ਸੰਗ੍ਰਹਿ ਕਰਤਾ: ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਫਰਵਰੀ 2026 ਦੇ ਸਿਖਲਾਈਨਾਮੇ

ਨਿਰਦੇਸ਼ਕ ਪਸਾਰ ਸਿੱਖਿਆ,ਪੰਜਾਬ ਐਗਰੀਕਲਚਰਲ ਯੂਨੀਵਰਸਿਟੀ,ਲੁਧਿਆਣਾ ਵੱਲੋਂ ਫਰਵਰੀ 2026 ਵਿੱਚ ਲੱਗਣ ਵਾਲੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਗਈ ਹੈ ਅਤੇ ਹੋਰ ਜਾਣਕਾਰੀ ਲਈ ਸੰਬੰਧਿਤ ਪੀ.ਏ.ਯੂ. ਦੇ ਸਿਖਲਾਈ ਕੇਂਦਰਾਂ ਨਾਲ ਸੰਪਰਕ ਕਰੋ।

ਕੇ. ਵੀ. ਕੇ. ਅੰਮ੍ਰਿਤਸਰ (98723-54170)

ਫਰਵਰੀ 03-11 : ਮਧੂ-ਮੱਖੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ
ਫਰਵਰੀ 09-17 : ਸੂਰ ਪਾਲਣ
ਫਰਵਰੀ 10 : ਸਬਜ਼ੀਆਂ ਦੀਆਂ ਨਵੀਆਂ ਕਾਸ਼ਤ ਤਕਨੀਕਾਂ
ਫਰਵਰੀ 11 : ਗਰਮੀ ਦੀਆਂ ਦਾਲਾਂ ਨਾਲ ਮੁਨਾਫ਼ੇ ਵਿੱਚ ਵਾਧਾ
ਫਰਵਰੀ 12 : ਸ਼ਹਿਰੀ ਅਤੇ ਅਰਧ ਸ਼ਹਿਰੀ ਇਲਾਕਿਆਂ ਵਿੱਚ ਪੌਸ਼ਟਿਕ ਬਗੀਚੀ ਦੀ ਸਥਾਪਨਾ
ਫਰਵਰੀ 13 : ਪੱਤਝੜ ਰੁੱਤ ਦੇ ਬੂਟਿਆਂ ਵਿੱਚ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ
ਫਰਵਰੀ 17 : ਗੰਡੋਇਆਂ ਦੀ ਖਾਦ ਤਿਆਰ ਕਰਨਾ
ਫਰਵਰੀ 16-20 : ਦੁਧਾਰੂ ਪਸ਼ੂਆਂ ਲਈ ਕਿੱਲਤ ਵੇਲ੍ਹੇ ਲਈ ਚਾਰੇ ਤੋਂ ਅਚਾਰ ਬਣਾਉਣਾ
ਫਰਵਰੀ 20 : ਸਬਜ਼ੀਆਂ ਅਤੇ ਫ਼ਲਾਂ ਦੀ ਡੱਬਾਬੰਦੀ

ਕੇ. ਵੀ. ਕੇ. ਬਠਿੰਡਾ (0164-2215619)

ਫਰਵਰੀ 02-03 : ਰੇਸ਼ਮੀ ਅਤੇ ਉਨੀ ਕੱਪੜਿਆਂ ਦੀ ਸਾਂਭ-ਸੰਭਾਲ
ਫਰਵਰੀ 03-07 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 04 : ਗੰਡੋਇਆਂ ਦੀ ਖਾਦ ਤਿਆਰ ਕਰਨਾ ਅਤੇ ਜੈਵਿਕ ਖੇਤੀ
ਫਰਵਰੀ 09 : ਕਿਸਾਨ ਉਤਪਾਦਕ ਸੰਗਠਨ ਬਣਾਉਣਾ
ਫਰਵਰੀ 11 : ਛੱਤ ਤੇ ਘਰ-ਬਗੀਚੀ ਲਈ ਭੂਮੀ-ਰਹਿਤ ਮਾਡਲ
ਫਰਵਰੀ 16-20 : ਖੁੰਬਾਂ ਦੀ ਕਾਸ਼ਤ ਅਤੇ ਡੱਬਾਬੰਦੀ
ਫਰਵਰੀ 23 : ਸਬਜ਼ੀਆਂ ਦੀਆਂ ਨਵੀਆਂ ਕਾਸ਼ਤ ਤਕਨੀਕਾਂ
ਫਰਵਰੀ 24-25 : ਭੋਜਨ ਸੁਰੱਖਿਆ ਲਈ ਭੋਜਨ ਵਿੱਚ ਮਿਲਾਵਟ ਪਰਖਣ ਦੇ ਢੰਗ

ਕੇ. ਵੀ. ਕੇ. ਫਰੀਦਕੋਟ (01639-253142)

ਫਰਵਰੀ 02 : ਸੂਰਾਂ ਦੇ ਵੱਖ-ਵੱਖ ਵਰਗਾਂ ਲਈ ਖੁਰਾਕ ਬਣਾਉਣਾ
ਫਰਵਰੀ 03 : ਗੰਨ੍ਹੇ ਦੀ ਕਾਸ਼ਤ
ਫਰਵਰੀ 04 : ਬਾਗਾਂ ਵਿੱਚ ਤੁਪਕਾ ਸਿੰਚਾਈ ਅਤੇ ਖਾਦ ਤੇ ਨਦੀਨ ਪ੍ਰਬੰਧ
ਫਰਵਰੀ 05 : ਫ਼ਸਲ ਦੀ ਵਾਢੀ ਤੋਂ ਬਾਅਦ ਗੁਲਾਬੀ ਸੁੰਡੀ ਦੀ ਰੋਕਥਾਮ ਦੇ ਉਪਰਾਲੇ
ਫਰਵਰੀ 06 : ਜੈਵਿਕ ਖਾਦ ਅਤੇ ਗੰਡੋਇਆ ਖਾਦ ਕਿਵੇਂ ਤਿਆਰ ਕਰੀਏ
ਫਰਵਰੀ 09-20 : ਪਸ਼ੂ ਪਾਲਣ
ਫਰਵਰੀ 10-16 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 20 : ਕਿਸ਼ੋਰ ਅਵਸਥਾ ਦੀਆਂ ਲੜਕੀਆਂ ਲਈ ਸੰਤੁਲਿਤ ਖੁਰਾਕ ਅਤੇ ਨਿੱਜੀ ਸਫ਼ਾਈ ਦੇ ਪ੍ਰਬੰਧ
ਫਰਵਰੀ 23 : ਸ਼ਹਿਦ ਦੀਆਂ ਮੱਖੀਆਂ ਦਾ ਮੌਸਮੀ ਪ੍ਰਬੰਧਨ
ਫਰਵਰੀ 25 : ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕਤਾ

ਕੇ. ਵੀ. ਕੇ. ਫਤਿਹਗੜ੍ਹ ਸਾਹਿਬ (01763-221217)

ਫਰਵਰੀ 03 : ਹਾੜ੍ਹੀ ਦੀਆਂ ਫ਼ਸਲਾਂ ਵਿੱਚ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ
ਫਰਵਰੀ 04 : ਫੁੱਲਾਂ ਦੀਆਂ ਉਤਪਾਦਨ ਤਕਨੀਕਾਂ
ਫਰਵਰੀ 05 : ਫਲਾਂ ਦੀਆਂ ਫਸਲਾਂ ਦੀ ਸਫ਼ਲ ਕਾਸਤ ਤਕਨੀਕਾਂ
ਫਰਵਰੀ 13 : ਸੰਗਠਿਤ ਪੌਸ਼ਟਿਕ ਬਗੀਚੀ ਤੇ ਭੋਜਨ ਸੁਰੱਖਿਆ
ਫਰਵਰੀ 16-20 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 18 : ਮੱਛੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ
ਫਰਵਰੀ 19 : ਕੱਪੜਿਆਂ ਦੀ ਆਧੁਨਿਕ ਤਕਨੀਕਾਂ
ਫਰਵਰੀ 20 : ਪਿਛੇਤੀ ਬੀਜੀ ਕਣਕ ਵਿੱਚ ਖਾਦ ਪ੍ਰਬੰਧਨ
ਫਰਵਰੀ 26 : ਫਸਲੀ ਵਿਭਿੰਨਤਾ ਲਈ ਦਾਲਾਂ ਅਤੇ ਤੇਲਬੀਜ ਫ਼ਸਲਾਂ ਦੀ ਕਾਸ਼ਤ
ਫਰਵਰੀ 27 : ਬਾਗ਼ਬਾਨੀ ਫ਼ਸਲਾਂ ਵਿੱਚ ਸੂਖਮ ਸਿੰਚਾਈ ਪ੍ਰਣਾਲੀ ਨਾਲ ਪਾਣੀ ਦੀ ਕੁਸ਼ਲ ਵਰਤੋਂ

ਕੇ. ਵੀ. ਕੇ. ਫਿਰੋਜ਼ਪੁਰ (ਮੱਲਵਾਲ) (01632-279517)

ਫਰਵਰੀ 03 : ਰੇਸ਼ਮੀ ਅਤੇ ਉਨੀ ਕੱਪੜਿਆਂ ਦੀ ਸਾਂਭ-ਸੰਭਾਲ
ਫਰਵਰੀ 06 : ਦਾਲਾਂ ਅਤੇ ਤੇਲਬੀਜ ਫ਼ਸਲਾਂ ਵਿੱਚ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ
ਫਰਵਰੀ 12 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 16 : ਮੁਰਗੀਆਂ ਲਈ ਖੁਰਾਕ ਪ੍ਰਬੰਧਨ
ਫਰਵਰੀ 17 : ਸ਼ੂਗਰ ਪ੍ਰਬੰਧਨ ਲਈ ਖੁਰਾਕ ਸੰਬੰਧੀ ਅਭਿਆਸ
ਫਰਵਰੀ 23-27 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ

ਕੇ. ਵੀ. ਕੇ. ਗੁਰਦਾਸਪੁਰ (01874-220743)

ਫਰਵਰੀ 02-06 : ਦਾਲਾਂ ਅਤੇ ਤੇਲਬੀਜ ਫ਼ਸਲਾਂ ਦਾ ਮੁੱਲ ਵਧਾਉਣਾ
ਫਰਵਰੀ 06 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 09-13 : ਮੁਰਗੀ ਪਾਲਣ
ਫਰਵਰੀ 11 : ਬਾਗ਼ਬਾਨੀ ਫ਼ਸਲਾਂ ਵਿੱਚ ਸੂਖਮ ਸਿੰਚਾਈ ਪ੍ਰਣਾਲੀ ਨਾਲ ਪਾਣੀ ਦੀ ਕੁਸ਼ਲ ਵਰਤੋਂ
ਫਰਵਰੀ 16 : ਸ਼ਹਿਦ ਦੀਆਂ ਮੱਖੀਆਂ ਦਾ ਮੌਸਮੀ ਪ੍ਰਬੰਧਨ
ਫਰਵਰੀ 19 : ਵੱਛੇ ਪਾਲਣ ਸੰਬੰਧੀ
ਫਰਵਰੀ 23-27 : ਮਧੂ-ਮੱਖੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ

ਕੇ. ਵੀ. ਕੇ. ਹੁਸ਼ਿਆਰਪੁਰ (ਬਾਹੋਵਾਲ) (98157-51900)

ਫਰਵਰੀ 12 : ਊਰਜਾ ਦੇ ਇੱਕ ਨਵਿਆਉਣਯੋਗ ਸਰੋਤ ਵਜੋਂ ਸੂਰਜੀ ਯੰਤਰ
ਫਰਵਰੀ 09-13 : ਬਿਸਕੁਟ ਅਤੇ ਕੇਕ ਬਣਾਉਣਾ
ਫਰਵਰੀ 16-20 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 19 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 23-27 : ਬੱਕਰੀ ਪਾਲਣ

ਕੇ. ਵੀ. ਕੇ. ਜਲੰਧਰ (ਨੂਰਮਹਿਲ) (01826-243288)

ਫਰਵਰੀ 02-06 : ਮੱਛੀ ਅਤੇ ਪਸ਼ੂ ਪਾਲਣ ਦੀ ਏਕੀਕ੍ਰਿਤ ਖੇਤੀ
ਫਰਵਰੀ 03 : ਦੁਧਾਰੂ ਪਸ਼ੂਆਂ ਲਈ ਸੰਤੁਲਿਤ ਖੁਰਾਕ ਬਣਾਉਣਾ
ਫਰਵਰੀ 04 : ਘਰੇਲੂ ਪੱਧਰ ਤੇ ਦੁੱਧ ਦੀ ਪ੍ਰੋਸੈਸਿੰਗ
ਫਰਵਰੀ 06 : ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਔਰਤਾਂ ਲਈ ਪੌਸ਼ਟਿਕ ਖੁਰਾਕ
ਫਰਵਰੀ 09-13 : ਨਿੱਜੀ ਸ਼ਿੰਗਾਰ ਅਤੇ ਸ਼ਖਸੀਅਤ ਵਿਕਾਸ
ਫਰਵਰੀ 10 : ਫ਼ਸਲੀ ਵਿਭਿੰਨਤਾ ਲਈ ਗਰਮੀ ਰੁੱਤ ਦੀਆਂ ਦਾਲਾਂ ਦੀ ਕਾਸ਼ਤ
ਫਰਵਰੀ 11 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 13 : ਬਰਸੀਮ ਦਾ ਬੀਜ ਉਤਪਾਦਨ
ਫਰਵਰੀ 16-20 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 18 : ਜੀਵਾਣੂ ਅਤੇ ਜੈਵਿਕ ਖਾਦਾਂ
ਫਰਵਰੀ 23-27 : ਬੀਜ ਉਤਪਾਦਨ ਅਤੇ ਸਟੋਰੇਜ ਇੱਕ ਉਦੱਮਤਾ
ਫਰਵਰੀ 24 : ਬਰਾਇਲਰ ਦੀ ਪਾਲਣਾ ਅਤੇ ਮੰਡੀਕਰਨ
ਫਰਵਰੀ 25 : ਸਬਜ਼ੀਆਂ ਦੀ ਜੈਵਿਕ ਖੇਤੀ

ਕੇ. ਵੀ. ਕੇ. ਕਪੂਰਥਲਾ (01822-233056)

ਫਰਵਰੀ 05-07 : ਗੁੜ ਤੋਂ ਉਤਪਾਦ ਬਣਾ ਕੇ ਕੀਮਤ ਵਧਾਉਣਾ
ਫਰਵਰੀ 06 : ਸ਼ਹਿਰੀ ਅਤੇ ਨੇੜਲੇ ਇਲਾਕਿਆਂ ਵਿੱਚ ਘਰ ਬਗੀਚੀ ਦੀ ਸਥਾਪਨਾ
ਫਰਵਰੀ 11 : ਦਾਲਾਂ ਅਤੇ ਤੇਲਬੀਜ ਫ਼ਸਲਾਂ ਦਾ ਮੁੱਲ ਵਧਾਉਣਾ
ਫਰਵਰੀ 12 : ਫ਼ਸਲੀ ਵਿਭਿੰਨਤਾ ਲਈ ਗਰਮੀ ਰੁੱਤ ਦੀਆਂ ਦਾਲਾਂ ਦੀ ਕਾਸ਼ਤ
ਫਰਵਰੀ 13-19 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 16 : ਭੋਜਨ ਸੁਰੱਖਿਆ ਲਈ ਭੋਜਨ ਵਿੱਚ ਮਿਲਾਵਟ ਪਰਖਣ ਦੇ ਢੰਗ
ਫਰਵਰੀ 20 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ

ਕੇ. ਵੀ. ਕੇ. ਲੁਧਿਆਣਾ (ਸਮਰਾਲਾ) (01628-261597/ 81465-70699)

ਫਰਵਰੀ 02-06 : ਡਰੈਗਨ ਫੱਲ ਦੀ ਕਾਸ਼ਤ ਅਤੇ ਮੰਡੀਕਰਨ
ਫਰਵਰੀ 09-13 : ਖੜ੍ਹੇ ਅਨਾਜਾਂ ਦੀ ਵਰਤੋਂ ਕਰਕੇ ਪੌਸ਼ਟਿਕ ਵਿਅੰਜਨ ਬਣਾਉਣਾ
ਫਰਵਰੀ 10 : ਗੰਡੋਇਆਂ ਦੀ ਖਾਦ ਤਿਆਰ ਕਰਨਾ
ਫਰਵਰੀ 12 : ਕੱਪੜਿਆਂ ਨੂੰ ਵੱਖ-ਵੱਖ ਤਰ੍ਹਾਂ ਨਾਲ ਬੰਨ੍ਹ ਕੇ ਰੰਗਣ ਦੀ ਤਕਨੀਕ ਰਾਹੀਂ ਸ਼ਿੰਗਾਰਨਾ
ਫਰਵਰੀ 13 : ਫਲਾਂ ਦੀ ਫਸਲਾਂ ਦੀ ਸੁਧਰੀ ਕਾਸ਼ਤ
ਫਰਵਰੀ 18 : ਪੀ.ਏ.ਯੂ ਸਬਜ਼ੀਆਂ ਦੇ ਬੀਜ ਕਿੱਟ ਦੀ ਵਰਤੋ ਕਰਕੇ ਗਰਮੀਆਂ ਦੇ ਮੌਸਮ ਦੀਆਂ ਜੈਵਿਕ ਸਬਜ਼ੀਆਂ ਉਗਾਉਣ ਲਈ ਉਤਪਾਦਨ ਤਕਨਾਲੋਜੀ
ਫਰਵਰੀ 23-27 : ਮਧੂ-ਮੱਖੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ
ਫਰਵਰੀ 24 : ਸਦਾਬਹਾਰ ਫਲਾਂ ਵਾਲੇ ਪੌਦਿਆਂ ਦੀ ਕਟਾਈ ਅਤੇ ਛਾਂਟੀ ਤੇ ਸਿਖਲਾਈ ਕੋਰਸ

ਕੇ. ਵੀ. ਕੇ. ਮਾਨਸਾ (01652-294843)

ਫਰਵਰੀ 03 : ਫ਼ਲਾ ਅਤੇ ਸਬਜੀਆਂ ਦੇ ਕੀੜੇ-ਮਕੌੜਿਆਂ ਤੇ ਬਿਮਾਰੀਆਂ ਦੀ ਵਾਤਾਵਰਨ ਸਹਾਈ ਤਕਨੀਕਾਂ ਰਾਹੀਂ ਰੋਕਥਾਮ
ਫਰਵਰੀ 04 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 05 : ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ
ਫਰਵਰੀ 11 : ਸ਼ਹਿਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਪੌਸ਼ਟਿਕ ਬਗੀਚੀ ਦੀ ਸਥਾਪਨਾ
ਫਰਵਰੀ 12 : ਦਾਲਾਂ ਅਤੇ ਬਾਜਰੇ ਦੀ ਡੱਬਾਬੰਦੀ
ਫਰਵਰੀ 16-20 : ਬਾਗਬਾਨੀ ਫ਼ਸਲਾਂ ਦੀ ਕੀਮਤ ਵਧਾਉਣਾ
ਫਰਵਰੀ 17 : ਮਨੁੱਖਾਂ ਨੂੰ ਪਸ਼ੂਆਂ ਤੋਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਪਸ਼ੂਆਂ ਦਾ ਟੀਕਾਕਰਨ
ਫਰਵਰੀ 20 : ਗੈਸ ਪਲਾਂਟ ਦੀ ਉਸਾਰੀ ਅਤੇ ਦੇਖਭਾਲ

ਕੇ. ਵੀ. ਕੇ. ਮੋਗਾ (ਬੁੱਧ ਸਿੰਘ ਵਾਲਾ) (81465-00942)

ਫਰਵਰੀ 11 : ਗੰਡੋਇਆਂ ਦੀ ਖਾਦ ਤਿਆਰ ਕਰਨਾ
ਫਰਵਰੀ 12 : ਕਿਸ਼ੋਰ ਅਵਸਥਾ ਦੀਆਂ ਲੜਕੀਆਂ ਲਈ ਸੰਤੁਲਿਤ ਖੁਰਾਕ ਅਤੇ ਨਿੱਜੀ ਸਫ਼ਾਈ ਦੇ ਪ੍ਰਬੰਧ
ਫਰਵਰੀ 13 : ਫ਼ਲਾ ਅਤੇ ਸਬਜੀਆਂ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਪਰਖ ਅਤੇ ਰੋਕਥਾਮ
ਫਰਵਰੀ 17 : ਸਬਜ਼ੀਆਂ ਦੀ ਕਾਸ਼ਤ ਲਈ ਭੂਮੀ-ਰਹਿਤ ਮਾਡਲ
ਫਰਵਰੀ 20 : ਮੁਰਗੀਆਂ ਲਈ ਖੁਰਾਕ ਪ੍ਰਬੰਧਨ
ਫਰਵਰੀ 24 : ਗਰਮੀਆਂ ਦੀ ਰੁੱਤ ਵਿੱਚ ਖੁੰਬਾਂ ਦੀ ਕਾਸ਼ਤ

ਕੇ. ਵੀ. ਕੇ. ਪਠਾਨਕੋਟ (0186-2920895/98723-54170)

ਫਰਵਰੀ 02 : ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ
ਫਰਵਰੀ 03 : ਸਬਜ਼ੀਆਂ ਦੀ ਕਾਸ਼ਤ ਲਈ ਭੂਮੀ-ਰਹਿਤ ਮਾਡਲ
ਫਰਵਰੀ 04 : ਸਬਜ਼ੀਆਂ ਦੀਆਂ ਨਵੀਆਂ ਕਾਸ਼ਤ ਤਕਨੀਕਾਂ
ਫਰਵਰੀ 06 : ਦਾਲਾਂ ਅਤੇ ਤੇਲਬੀਜ ਫ਼ਸਲਾਂ ਦਾ ਮੁੱਲ ਵਧਾਉਣਾ
ਫਰਵਰੀ 09-13 : ਮੁਰਗੀ ਪਾਲਣ
ਫਰਵਰੀ 10 : ਸੂਰਾਂ ਦੇ ਵੱਖ-ਵੱਖ ਵਰਗਾਂ ਲਈ ਖੁਰਾਕ ਬਣਾਉਣਾ
ਫਰਵਰੀ 11 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 13 : ਖੇਤੀਬਾੜੀ ਮਸ਼ੀਨਰੀ ਦੀ ਸੁਚੱਜੀ ਵਰਤੋਂ
ਫਰਵਰੀ 16-20 : ਕੱਪੜਿਆਂ ਨੂੰ ਨਵੀ ਅਤੇ ਪੁਰਾਣੀ ਤਰ੍ਹਾਂ ਨਾਲ ਬੰਨ੍ਹ ਕੇ ਰੰਗਣ ਦੀ ਤਕਨੀਕ ਰਾਹੀਂ ਸ਼ਿੰਗਾਰਨਾ
ਫਰਵਰੀ 17 : ਭੂਮੀ ਦੀ ਸਿਹਤ ਦੇ ਸੁਧਾਰ ਵਿੱਚ ਹਰੀ ਖਾਦ ਦੀ ਮਹੱਤਤਾ
ਫਰਵਰੀ 18 : ਫ਼ਸਲ ਵਿਭਿੰਨਤਾ ਲਈ ਗਰਮੀ ਰੁੱਤ ਦੀਆਂ ਦਾਲਾਂ ਦੀ ਕਾਸ਼ਤ
ਫਰਵਰੀ 23 : ਗੰਡੋਇਆਂ ਦੀ ਖਾਦ ਤਿਆਰ ਕਰਨਾ ਅਤੇ ਹਰੀ ਖਾਦ ਦੀ ਮਹੱਤਤਾ

ਕੇ. ਵੀ. ਕੇ. ਪਟਿਆਲਾ (ਰੌਣੀ) (0175-2225473)

ਫਰਵਰੀ 05 : ਮੱਕੀ ਅਤੇ ਕਮਾਦ ਵਿੱਚ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ
ਫਰਵਰੀ 05-11 : ਬੇਕਰੀ ਅਤੇ ਕਨਫੈਕਸ਼ਨਰੀ ਸਿਖਲਾਈ ਕੋਰਸ
ਫਰਵਰੀ 19 : ਸਾਫ ਦੁੱਧ ਦੀ ਉਤਪਾਦਿਕਤਾ ਅਤੇ ਮਨੁੱਖਾਂ ਨੂੰ ਪਸ਼ੂਆਂ ਤੋਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ
ਫਰਵਰੀ 26 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 26 : ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ

ਕੇ. ਵੀ. ਕੇ. ਰੋਪੜ (01881-220460)

ਫਰਵਰੀ 04 : ਮੌਸਮੀ ਸਮੱਗਰੀ ਵਰਤ ਕੇ ਘੱਟ ਕੀਮਤ ਤੇ ਪੌਸ਼ਟਿਕ ਪਕਵਾਨ ਬਣਾਉਣਾ
ਫਰਵਰੀ 05 : ਸਬਜ਼ੀਆਂ ਦੀ ਕਾਸ਼ਤ ਲਈ ਨਵੀਆਂ ਤਕਨੀਕਾਂ
ਫਰਵਰੀ 09-13 : ਖੇਤੀ ਜੰਗਲਾਤ ਦੇ ਰੁੱਖਾਂ ਦੀ ਨਰਸਰੀ ਤਿਆਰ ਕਰਨ ਸੰਬੰਧੀ
ਫਰਵਰੀ 10 : ਫ਼ਸਲ ਵਿਭਿੰਨਤਾ ਲਈ ਗਰਮੀ ਰੁੱਤ ਦੀਆਂ ਦਾਲਾਂ ਦੀ ਕਾਸ਼ਤ
ਫਰਵਰੀ 11 : ਮਾੜੇ ਪਾਣੀ ਦੀ ਖੇਤੀ ਵਿੱਚ ਤਰਕਸ਼ੀਲ ਵਰਤੋਂ
ਫਰਵਰੀ 12-18 : ਮੁਰਗੀ ਪਾਲਣ
ਫਰਵਰੀ 20-27 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 24 : ਜੈਵਿਕ ਖੇਤੀ
ਫਰਵਰੀ 28 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ

ਕੇ. ਵੀ. ਕੇ. ਸੰਗਰੂਰ (ਖੇੜੀ) (01672-245320)

ਫਰਵਰੀ 05 : ਖੇਤੀਬਾੜੀ ਮਸ਼ੀਨਰੀ ਦੀ ਸੁਰੱਖਿਅਤ ਵਰਤੋਂ ਅਤੇ ਸਾਂਭ-ਸੰਭਾਲ
ਫਰਵਰੀ 09-16 : ਐਗਰੋ-ਪ੍ਰੋਸੈਸਿੰਗ ਕੰਪਲੈਕਸ ਅਤੇ ਗੁੜ-ਸ਼ੱਕਰ ਬਣਾਉਣ ਲਈ ਯੂਨਿਟ ਸਥਾਪਿਤ ਕਰਨਾ
ਫਰਵਰੀ 10 : ਸਬਜ਼ੀਆਂ ਦੀ ਕਾਸ਼ਤ ਲਈ ਨਵੀਆਂ ਤਕਨੀਕਾਂ
ਫਰਵਰੀ 12-18 : ਮਧੂ-ਮੱਖੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ
ਫਰਵਰੀ 17 : ਸ਼ਹਿਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਪੌਸ਼ਟਿਕ ਬਗੀਚੀ ਦੀ ਸਥਾਪਨਾ
ਫਰਵਰੀ 23 : ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ
ਫਰਵਰੀ 27 : ਫ਼ਸਲ ਵਿਭਿੰਨਤਾ ਲਈ ਗਰਮੀ ਰੁੱਤ ਦੀਆਂ ਦਾਲਾਂ ਦੀ ਕਾਸ਼ਤ

ਕੇ. ਵੀ. ਕੇ. ਸ਼ਹੀਦ ਭਗਤ ਸਿੰਘ ਨਗਰ (ਲੰਗੜੋਆ) (01823-292314)

ਫਰਵਰੀ 03 : ਗਰਮੀ ਦੀਆਂ ਸਬਜ਼ੀਆਂ ਦੇ ਉਤਪਾਦਨ ਦੀਆਂ ਤਕਨੀਕਾਂ
ਫਰਵਰੀ 09-13 : ਸ਼ਹਿਦ ਦੀ ਡੱਬਾਬੰਦੀ ਅਤੇ ਮੰਡੀਕਰਨ
ਫਰਵਰੀ 10-14 : ਬਾਗਬਾਨੀ ਫ਼ਸਲਾਂ ਦੀ ਕੀਮਤ ਵਧਾਉਣਾ
ਫਰਵਰੀ 11 : ਸਬਜ਼ੀਆਂ ਦੀ ਕਾਸ਼ਤ ਲਈ ਨਵੀਆਂ ਤਕਨੀਕਾਂ
ਫਰਵਰੀ 17 : ਖੇਤੀ ਫਸਲਾਂ ਲਈ ਬੀਜ ਉਤਪਾਦਨ
ਫਰਵਰੀ 20 : ਕਿਸ਼ੋਰ ਅਵਸਥਾ ਦੀਆਂ ਲੜਕੀਆਂ ਲਈ ਸੰਤੁਲਿਤ ਖੁਰਾਕ ਅਤੇ ਨਿੱਜੀ ਸਫ਼ਾਈ ਦੇ ਪ੍ਰਬੰਧ
ਫਰਵਰੀ 25 : ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ

ਕੇ. ਵੀ. ਕੇ. ਸ਼੍ਰੀ ਮੁਕਤਸਰ ਸਾਹਿਬ (ਗੋਨਿਆਨਾ) (94630-22203)

ਫਰਵਰੀ 03 : ਕਮਾਦ ਦੀ ਕਾਸ਼ਤ ਦੀਆਂ ਸੁਧਰੀਆਂ ਉਤਪਾਦਨ ਤਕਨੀਕਾਂ
ਫਰਵਰੀ 04 : ਕਣਕ ਦੀ ਫਸਲ ਦਾ ਗਰਮੀ ਤੋਂ ਬਚਾਅ
ਫਰਵਰੀ 10-18 : ਮਧੂ-ਮੱਖੀ ਪਾਲਣ ਇੱਕ ਲਾਭਦਾਇਕ ਸਹਾਇਕ ਕਿੱਤਾ
ਫਰਵਰੀ 11 : ਗਰਮੀਆਂ ਦੇ ਮੌਸਮ ਦੇ ਫੁਲਦਾਰ ਬੂਟਿਆਂ ਦੀ ਕਾਸ਼ਤ
ਫਰਵਰੀ 12 : ਕਿਸਾਨ ਭਾਈਚਾਰੇ ਲਈ ਕਿਸਾਨ ਮੇਲਾ ਕਿੰਨਾ ਮਹੱਤਵਪੂਰਨ ਹੈ
ਫਰਵਰੀ 16-20 : ਸਾਫ਼-ਸਫ਼ਾਈ ਲਈ ਵਾਤਾਵਰਣ ਸਹਾਈ ਪਦਾਰਥ ਤਿਆਰ ਕਰਨਾ
ਫਰਵਰੀ 17-21 : ਬੱਕਰੀ ਪਾਲਣ
ਫਰਵਰੀ 18 : ਸਾਰਾ ਸਾਲ ਹਰੇ ਚਾਰੇ ਦਾ ਉਤਪਾਦਨ
ਫਰਵਰੀ 25 : ਫਲਾਂ ਅਤੇ ਸਬਜ਼ੀਆਂ ਦੇ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਪਛਾਣ ਅਤੇ ਪ੍ਰੰਬਧਨ

ਸਕਿੱਲ ਡਿਵੈਲਪਮੈਂਟ ਸੈਂਟਰ (0161-2401960 ਐਕਸਟੈਂਸ਼ਨ 261)

ਫਰਵਰੀ 03-04 : ਖੁਸ਼ਬੂਦਾਰ ਅਤੇ ਔਸਧੀ ਪੌਦਿਆਂ ਦੀ ਕਾਸ਼ਤ ਅਤੇ ਉਨ੍ਹਾਂ ਦਾ ਮੁੱਲ ਵਾਧਾ
ਫਰਵਰੀ 06 : ਸ਼ਹਿਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਪੌਸ਼ਟਿਕ ਬਗੀਚੀ ਦੀ ਸਥਾਪਨਾ
ਫਰਵਰੀ 16-20 : ਰਾਣੀ ਮਧੂ-ਮੱਖੀ ਪਾਲਣ ਅਤੇ ਛੱਤੇ ਦੇ ਉਤਪਾਦਾਂ ਦੇ ਉਤਪਾਦਨ ਬਾਰੇ ਐਡਵਾਂਸ ਸਿਖਲਾਈ ਕੋਰਸ
ਫਰਵਰੀ 24-25 : ਡਰੇਗਨ ਫੱਲ ਦੀ ਕਾਸ਼ਤ

ਅਨਵਾਦਕ ਅਤੇ ਸੰਕਲਿਤ ਕਰਤਾ: ਰਿਤੂ ਰਾਜ ਅਤੇ ਗੁਰਪ੍ਰੀਤ ਸਿੰਘ ਮੱਕੜ

RNI NO. 10214/77
Date of Publication: 19/12/2025
Postal regd. No. LDC/0796/2023-25
Date of Posting: 25, 26, 27 of every month

Dr Balwant Singh Hunjan Wishing All a Very Happy New Year-2026

Govt. of India recognised Hunjan Hospital for (CGHS) Services to its Central Govt. Employees

Hunjan Hospital having best infrastructure, the Govt. of India has empanelled this International Branded Hospital for (CGHS) services which provides comprehensive health care services to Central Govt. Employees, Pensioners and their dependents. It offers medical facilities through a wide network of wellness centres and reputed Hospitals. Keeping in view the latest modern infrastructure and technology, covering consultants, treatments, diagnostics and medications assessable and affordable healthcare. Hunjan Hospital is 1st Hospital in this area empanelled by the Govt. of India for (CGHS) services. Hunjan Hospital has already been Awarded by Govt. of India for best infrastructure.

Dr. B.S. Hunjan
MBBS, MS, M.Ch (Ortho)
Director & Senior Orthopedics Consultant
Formerly at: (Fellowships)

- Hull Royal Hospital, U.K., Caste Hill Hospital, Hull, U.K.
- Liverpool Hospital, Sydeny, Australia
- Putnam Hospital Centre, New York, USA
- A.O. Fellow University Hospital, Zurich, Switzerland
- A.O. Fellowship, Kanto Rosai Hospital, Tokyo, Japan
- Stryker Fellow Branthurst Clinic, Johannesburg, SA
- B. Brown fellow- Grneral Hospital, Singapore.



Dr. Jaiveer S. Hunjan
MBBS, MS (Ortho)
Certified Robotic Surgeon
Fellowship in Knee & Shoulder Arthroscopy
Consultant Orthopedics Surgeon
Mob.: +91-95690-60630

- * Well Equipped ICU with Ventilators
- * Endoscopic Surgeries & Bronchoscopy
- * Modern C-Arm Image Intensifier
- * Operative Arthroscope
- * Laser Treatment for Disc (PLDD)
- * Laser Treatment for Varicose Veins
- * Joint Replacement Centre
- * Trauma Centre
- * Painless Delivery
- * Psychotherapeutics & Diagnostics
- * Digital X-Rays
- * Physiotherapy
- * Well Equipped Operation Theatres
- * Laboratory Equipped with Fully Auto Cell Counter, Biochemistry Analyser
- * Indoor Facility with General Ward, Private Rooms & Deluxe Rooms

Cashless Facility Available with most of Insurance Companies

NABH ACCREDITED AN ISO 9001-2015 Certified Hospital

HUNJAN HOSPITAL

111-South Model Gram, Kochar Market Road, Ludhiana-141 002
Mob.: 92175-92178, 98140-20234
E-mail: drbshunjan@gmail.com | **Website:** www.hunjanhospital.com